# ਪੰਜਾਬ ਦੇ ਦਰਿਆਈ ਪਾਣੀਆਂ

# ਅਤੇ

# ਪੰਜਾਬ ਦੀ ਰਾਜਧਾਨੀ ਚੰਡੀਗੜ੍ਹ

# ਉੱਤੇ

# ਗੈਰ ਕਾਨੂੰਨੀ ਅਤੇ ਨਾਜਾਇਜ਼ ਕਬਜ਼ਾ

**ਮੇਵਾ ਸਿੰਘ**
**(ਰਿਟਾ. ਜੱਜ)**
**ਯੂ. ਐਸ. ਏ.**

## ਜਾਣ ਪਛਾਣ:

ਭਾਰਤੀ ਸੰਵਿਧਾਨ ਦੀ ਉਲੰਘਣਾ ਕਰਦੇ ਹੋਏ ਪੰਜਾਬ ਦੀਆਂ ਨਦੀਆਂ ਦੇ ਪਾਣੀ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਗੈਰ-ਕਾਨੂੰਨੀ ਅਤੇ ਅਨਿਆਪੂਰਵਕ ਅਧਿਕਾਰ ਸਥਾਪਨਾ ਭਾਰਤੀ ਗਣਤੰਤਰ ਵਿਚ ਇਕ ਮਿਸਾਲ ਹੋਵੇਗੀ। ਹੋਰ ਕਿਸੇ ਰਾਜ ਵਿਚ ਭਾਰਤ ਸਰਕਾਰ ਨੇ ਇਨ੍ਹਾਂ ਮਸਲਿਆਂ ਵਿਚ ਦਖ਼ਲ ਨਹੀਂ ਦਿੱਤਾ ਹੈ। ਬਲਕਿ ਰੀਪਾਰੀਅਨ ਕਾਨੂੰਨ ਦੇ ਆਧਾਰ ਤੇ ਕਿਸੇ ਹੋਰ ਰਾਜ ਨਾਲ ਪਾਣੀ ਦੀ ਵੰਡ ਕੀਤੇ ਬਿਨਾ ਇਕ ਰਾਜ ਆਪਣੀ ਨਦੀ ਦਾ ਪਾਣੀ ਆਪ ਉਪਯੋਗ ਕਰ ਸਕਦਾ ਹੈ। ਭਾਰਤ ਦੇ ਸੰਵਿਧਾਨ ਵਿਚ, ਨਦੀਆਂ ਦੇ ਪਾਣੀ ਦਾ ਜ਼ਿਕਰ, ਰਾਜ ਸੂਚੀ ਵਿਚ 7ਵੀਂ ਅਨੁਸੂਚੀ ਵਿਚ ਆਰਟੀਕਲ 166 ਤਹਿਤ ਕੀਤਾ ਗਿਆ ਹੈ। ਜਿਸ ਵਿਚ ਭਾਰਤੀ ਸੰਵਿਧਾਨ ਦੇ ਮਜ਼ਮੂਨ 146 ਤਹਿਤ ਰਾਜ ਅਤੇ ਰਾਜ ਵਿਧਾਨ ਸਭਾ ਨੂੰ ਹੀ ਪੂਰਾ ਅਧਿਕਾਰ ਦਿੱਤਾ ਗਿਆ ਹੈ, ਜਦੋਂ ਕਿ ਕੇਂਦਰੀ ਸੂਚੀ ਵਿਚ ਸਾਰੇ ਅਧਿਕਾਰ ਕੇਂਦਰ ਸਰਕਾਰ ਅਤੇ ਸੰਸਦ ਨੂੰ ਦਿੱਤੇ ਗਏ ਹਨ, ਜਦੋਂ ਕਿ ਸਾਂਝੀ ਸੂਚੀ ਵਿਚ ਦੋਵੇਂ ਸੰਸਦ ਅਤੇ ਰਾਜ ਵਿਧਾਨ ਸਭਾ ਨੂੰ ਦਖ਼ਲ ਦੇਣ ਦਾ ਅਧਿਕਾਰ ਹੈ। ਭਾਰਤ ਰਾਜਾਂ ਦੀ ਇੱਕਠ ਹੋਣ ਕਰਕੇ ਜਿਵੇਂ ਕਿ ਸੰਵਿਧਾਨ ਦੇ ਆਰਟੀਕਲ 1 ਵਿਚ ਦਰਜ ਕੀਤਾ ਗਿਆ ਹੈ, ਸ਼ਕਤੀਆਂ ਅਤੇ ਅਧਿਕਾਰਾਂ ਦੀ ਵੰਡ ਕੇਂਦਰ ਸਰਕਾਰ, ਸੰਸਦ, ਰਾਜਾਂ ਅਤੇ ਰਾਜ ਵਿਧਾਨ ਸਭਾਵਾਂ ਵਿਚਕਾਰ ਕਰਣੀ ਜ਼ਰੂਰੀ ਸੀ। ਜੇ ਇਹ ਵੰਡ ਨਾ ਕੀਤੀ ਜਾਂਦੀ ਅਤੇ ਇਸ ਦਾ ਉਲੰਘਣ ਹੁੰਦਾ ਤਾਂ ਰਾਜਾਂ ਅਤੇ ਕੇਂਦਰ ਸਰਕਾਰ ਦਰਮਿਆਨ ਰਿਸ਼ਤਿਆਂ ਵਿਚ ਖਟਾਸ ਆਉਣੀ ਯਕੀਨੀ ਹੈ ਜੋ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਬਣ ਸਕਦੀ ਹੈ।

ਪੰਜਾਬ ਦੀਆਂ ਨਦੀਆਂ ਨੂੰ ਲੈ ਕੇ ਭਾਰਤੀ ਸੰਵਿਧਾਨ ਵਲੋਂ ਇਸ ਤਰਾਂ ਬਿਜਲੀ ਦੀ ਵੰਡ ਦਾ ਖੁੱਲ੍ਹਾ ਉਲੰਘਣ ਹੋਇਆ ਹੈ। ਯੂਨਿਅਨ ਸਰਕਾਰ ਅਤੇ ਇਸ ਦੇ ਪ੍ਰਧਾਨ ਮੰਤਰੀ ਨੇ ਪੰਜਾਬ ਦੀਆਂ ਨਦੀਆਂ ਦਾ ਪਾਣੀ ਉਹਨਾਂ ਰਾਜਾਂ ਨੂੰ ਵੰਡਿਆ ਹੈ ਜੋ ਨਾ ਤੇ ਰਾਜਸਥਾਨ, ਹਰਿਆਣਾ, ਜੰਮੂ-ਕਸ਼ਮੀਰ ਤੇ ਦਿੱਲੀ ਨਾਲ ਅੰਤਰ ਰਾਜੀ ਨਦੀਆਂ ਹਨ, ਤੇ ਨਾ ਹੀ ਇਨ੍ਹਾਂ ਵਿਚੋਂ ਕੋਈ ਵੀ ਦਰਿਆ ਦੇ ਕੰਡੇ ਵਸਿਆ ਹੋਇਆ ਰਾਜ ਹੈ, ਕਿ ਪੰਜਾਬ ਦੀਆਂ ਨਦੀਆਂ ਦਾ ਪਾਣੀ ਕਿਸੇ ਵੀ ਰਾਜ ਦੇ ਇਲਾਕੇ ਤੋਂ ਹੋ ਕੇ ਨਹੀਂ ਜਾਂਦਾ। ਭਾਰਤ ਸਰਕਾਰ ਦੇ ਸਿੰਚਾਈ ਵਿਭਾਗ ਦੇ ਦਫਤਰ ਵਿਚ ਹੋਈ ਉਪ-ਸਕਤਰਾਂ ਦੀ ਬੈਠਕ ਵਿਚ ਇਹ ਵੰਡ 1955 ਵਿਚ ਹੋਈ ਸੀ ਕਿ ਪੰਜਾਬ ਦੀਆਂ ਨਦੀਆਂ ਦਾ ਪਾਣੀ ਰਾਜਸਥਾਨ ਲਈ ਅੱਡ ਕੀਤਾ ਜਾ ਸਕਦਾ ਹੈ ਪਰ ਪੰਜਾਬ ਦੀਆਂ ਜ਼ਰੂਰਤਾਂ ਦਾ ਖਿਆਲ ਪਹਿਲਾਂ ਰਖਿਆ ਜਾਵੇਗਾ ਅਤੇ ਸਮੇਂ ਸਮੇਂ ਤੇ ਇਸ ਦੇ ਹਾਲਾਤ ਦਾ ਜਾਇਜ਼ਾ ਲਿਆ ਜਾ ਸਕਦਾ ਹੈ। ਇਸ ਕਾਰਵਾਈ ਨੂੰ ਕੁੱਝ ਸਮੇਂ ਲਈ ਗੁਪਤ ਵੀ ਰਖਿਆ ਗਿਆ। ਪੰਜਾਬ ਵਿਧਾਨ ਸਭਾ ਅਤੇ ਪੰਜਾਬੀ ਮੰਤਰੀਆਂ ਦੇ

ਕੌਂਸਲ ਦੇ ਪੱਧਰ ਤੇ ਕੋਈ ਫੈਸਲਾ ਨਹੀਂ। ਭਾਰਤੀ ਸੰਵਿਧਾਨ ਦੇ ਆਰਟੀਕਲ 299 ਦੇ ਅਧੀਨ ਨਾ ਹੀ ਕੋਈ ਨਿਯਮਾਨੁਸਾਰ ਸਮਝੌਤਾ। ਇਹ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਸਾਫ ਤੌਰ ਤੇ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਿਕ ਵੰਡ ਸੀ ਜਿਸ ਦਾ ਪੰਜਾਬ ਅਤੇ ਇਸਦੇ ਲੋਕਾਂ ਤੇ ਕੋਈ ਬੱਜਵਾਂ ਅਸਰ ਨਹੀਂ ਸੀ।
ਸਾਫ ਤੌਰ ਤੇ ਭਾਰਤੀ ਸੰਵਿਧਾਨ ਦੀ ਉਲੰਘਣਾ ਕਰਦੇ ਹੋਏ 1976 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪ ਹੀ ਬਿਨਾਂ ਕਿਸੇ ਅਧਿਕਾਰ ਤੇ ਅਧਿਕਾਰ ਸੀਮਾ ਦੇ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਵੰਡ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਕਰ ਦਿੱਤੀ। ਇਹ ਗੈਰ ਕਾਨੂੰਨੀ ਸੀ ਤੇ ਇਸਦਾ ਪੰਜਾਬ ਜਾਂ ਇਸਦੇ ਲੋਕਾਂ ਤੇ ਕੋਈ ਬੱਜਵਾਂ ਅਸਰ ਨਹੀਂ ਸੀ। ਪੰਜਾਬ ਸਰਕਾਰ ਵਲੋਂ ਦਾਇਰ ਕੀਤੇ ਗਏ ਇਸ ਨਾਜਾਇਜ਼ ਤੇ ਗੈਰ ਸੰਵਿਧਾਨਿਕ ਵੰਡ ਦੇ ਮੁਕੱਦਮੇ ਨੂੰ, ਜਿਸਦਾ ਕੋਈ ਬੱਜਵਾਂ ਅਸਰ ਨਹੀਂ ਸੀ, ਇੰਦਰਾ ਗਾਂਧੀ ਨੇ ਕਾਂਗਰਸ ਮੁੱਖ ਮੰਤਰੀ ਦਰਬਾਰਾ ਸਿੰਘ ਉੱਤੇ ਅਸੀਮ ਦਬਾਅ ਬਣਾ ਕੇ ਖਾਰਿਜ ਕਰਾ ਦਿੱਤਾ। 1981 ਵਿਚ ਨਦੀਆਂ ਦੇ ਪਾਣੀ ਦੀ ਇੱਕ ਹੋਰ ਗੈਰ ਕਾਨੂੰਨੀ ਵੰਡ ਕੀਤੀ ਗਈ ਜਿਸ ਦੀ ਸੂਚੀ ਵਿਚ ਜੰਮੂ-ਕਸ਼ਮੀਰ ਰਾਜ ਵੀ ਸ਼ਾਮਲ ਕਰ ਲਿਆ ਗਿਆ। ਇਸ ਉੱਤੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਦੇ ਹਸਤਾਖਰ ਕਰਵਾਏ ਗਏ। ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਡਰਾਵਾ ਦਿੱਤਾ ਗਿਆ ਕਿ ਜਾਂ ਤੇ ਹਸਤਾਖਰ ਕਰ ਦੇਵੇ ਜਾਂ ਫੇਰ ਅਸਤੀਫਾ ਦੇ ਦੇਵੇ। ਉਹ ਆਪਣਾ ਅਹੁੱਦਾ ਨਹੀਂ ਸੀ ਛਡਣਾ ਚਾਹੁੰਦਾ ਸੋ ਉਸਨੇ ਇਸ ਅਤਿਅੰਤ ਦਬਾਅ ਤੇ ਰਾਜਨੀਤਿਕ ਦਬਾਅ ਹੇਠ ਆਪਣੇ ਹਸਤਾਖਰ ਕਰ ਦਿੱਤੇ।

-2-

ਇਥੇ ਵੀ ਪੰਜਾਬ ਦੇ ਮੰਤਰੀਆਂ ਦਾ ਕੋਈ ਫੈਸਲਾ ਨਹੀਂ। ਪੰਜਾਬ ਵਿਧਾਨ ਸਭਾ ਦਾ ਕੋਈ ਫੈਸਲਾ ਨਹੀਂ, ਆਰਟੀਕਲ 299 ਅਧੀਨ ਕੋਈ ਨਿਯਮਾਨੁਸਾਰ ਸਮਝੌਤਾ ਨਹੀਂ। ਇਸ ਤਰ੍ਹਾਂ ਇਹ ਵੀ ਨਾਜਾਇਜ਼ ਤੇ ਗੈਰ ਸੰਵਿਧਾਨਿਕ ਸੀ। ਉੱਥੇ ਕੋਈ ਤਰਕ ਨਹੀਂ ਸੀ। ਕਾਨੂੰਨ ਤਹਿਤ ਬਿਨਾਂ ਸੋਚ ਵਿਚਾਰ ਅਤੇ ਭਾਰੀ ਦਬਾਅ ਵਿਚ ਹੋਇਆ ਸਮਝੌਤਾ ਨਾਜਾਇਜ਼ ਹੁੰਦਾ ਹੈ। 1947 ਤੋਂ ਪਹਿਲਾਂ ਅਨਵੰਡੇ ਪੰਜਾਬ ਵੇਲੇ ਪੰਜਾਬ ਦੀਆਂ ਨਦੀਆਂ ਦਾ ਪਾਣੀ ਬੀਕਾਨੇਰ ਰਾਜ ਜੋ ਹੁਣ ਰਾਜਸਥਾਨ ਦਾ ਹਿੱਸਾ ਹੈ, ਪਟਿਆਲਾ ਅਤੇ ਹੋਰ ਰਾਜਸੀ ਸਿਆਸਤਾਂ ਨੂੰ ਦਿੱਤਾ ਗਿਆ ਪਰ ਇਹ ਪੰਜਾਬ ਪ੍ਰਦੇਸ਼ ਦੀਆਂ ਸ਼ਰਤਾਂ ਅਤੇ ਕਮਾਈ ਦੇ ਆਧਾਰ ਤੇ ਸੀ। ਪਰ 1955, 1976 ਅਤੇ 1981 ਦੀਆਂ ਇਹ ਸਾਰੀਆਂ ਵੰਡਾਂ ਬਿਨਾਂ ਕਿਸੇ ਰਕਮ ਦੇ ਆਧਾਰ ਤੇ ਸੀ। ਉਸਾਰੀਆਂ ਜਾਣ ਵਾਲੀਆਂ ਨਹਿਰਾਂ ਨੇ ਪੰਜਾਬ ਦੇ ਇੱਕ ਵੱਡੇ ਹਿੱਸੇ ਨੂੰ ਬਰਬਾਦ ਕਰ ਦੇਣਾ ਸੀ ਤੇ ਬਾਕੀ ਨੂੰ ਬੰਜਰ ਬਣਾ ਦੇਣਾ ਸੀ।
ਭਾਰਤ ਦੇ ਕਿਸੇ ਵੀ ਰਾਜ ਵਿਚ ਜੱਥੇਬੰਦੀ ਸਰਕਾਰ ਜਾਂ ਪ੍ਰਧਾਨ ਮੰਤਰੀ ਵਲੋਂ ਪਾਣੀ ਦੀ ਇਹ ਵੰਡ ਕਦੇ ਵੀ ਨਹੀਂ ਕੀਤੀ ਗਈ ਸੀ। ਜਦੋਂ ਮਦਰਾਸ ਦਾ ਪੁਨਰ ਗਠਨ ਹੋਇਆ, ਮਦਰਾਸ ਵਿਚ ਵਗਣ ਵਾਲੀਆਂ ਕ੍ਰਿਸ਼ਨਾ, ਗੋਦਾਵਰੀ ਤੇ ਮਹਾਨਦੀ ਨਵੇਂ ਬਣੇ ਰਾਜ ਤਮਿਲਨਾਡੂ ਵਿਚ ਨਹੀਂ ਗਈਆਂ। ਤਟਵਰਤੀ ਨਾ ਹੋਣ ਕਾਰਣ ਇਸ ਨੂੰ ਇਹ ਪਾਣੀ ਨਹੀਂ ਦਿੱਤਾ ਗਿਆ। ਹਰਿਆਣਾ ਦੀ ਸਥਿਤੀ ਵੀ ਇਹੋ ਸੀ ਜੋ ਕਿ ਪੁਨਰ ਗਠਨ ਵੇਲੇ ਤਟਵਰਤੀ ਨਹੀਂ ਸੀ, ਪਰ ਇਸ ਨੂੰ ਪੰਜਾਬ ਦੀਆਂ ਨਦੀਆਂ ਦੇ ਪਾਣੀ ਦਾ ਹਕਦਾਰ ਬਣਾਇਆ ਗਿਆ।

ਮਹਾਂਰਾਸ਼ਟਰ ਅਤੇ ਹੋਰ ਰੀਬੇਰੀਅਨ ਰਾਜਾਂ ਵਿੱਚ ਨਰਮਦਾ ਨਦੀ ਦੇ ਵਿਵਾਦ ਬਾਰੇ, ਕੇਂਦਰੀ ਸਰਕਾਰ ਵਲੋਂ ਬਣਾਏ ਗਏ ਤ੍ਰੈ-ਸਾਲਾਨਾ ਵਿੱਚ, ਰਾਜਸਥਾਨ ਨੇ ਆਪਣੇ ਆਪ ਨੂੰ ਇਸਦਾ ਹਿੱਸਾ ਬਣਾਉਣ ਦੀ ਇੱਕ ਅਰਜੀ ਦਿੱਤੀ ਪਰ ਇਹ ਇਸ ਅਧਾਰ ਤੇ ਖਾਜ ਕਰ ਦਿੱਤੀ ਗਈ ਕਿ ਰਾਜਸਥਾਨ ਇੱਕ ਰਿਬੇਰੀ ਰਾਜ ਨਹੀਂ ਹੈ ਪਰ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦਿੱਤਾ ਗਿਆ ਜਦੋਂ ਕਿ ਇਹ ਰੀਬੇਰੀਅਨ ਰਾਜ ਨਹੀਂ ਸੀ ਸਿਰਫ ਪੰਜਾਬ ਨਾਲ ਹੀ ਕਿਉਂ ਵਿਤਰਕਾ ਕੀਤਾ ਗਿਆ ਕਿ ਉਹ ਅਪਣਾ ਪਾਣੀ ਗੈਰ ਰੀਬੇਰੀਅਨ ਰਾਜਾਂ ਨੂੰ ਵੰਡੇ ਜਿਸਦਾ ਕਿ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ ਹੋਰ ਪੰਜਾਬ ਕੋਲ ਆਪਣੀਆਂ ਜ਼ਮੀਨਾਂ ਲਈ ਲੋੜੀਂਦਾ ਨਦੀਆਂ ਦਾ ਪਾਣੀ ਨਹੀਂ ਹੈ ਜੋਕਿ ਸ਼ਾਇਦ ਬੰਜਰ ਬਣ ਸਕਦੀਆਂ ਹਨ ਅਤੇ ਖੇਤੀ ਲਾਇਕ ਨਹੀਂ ਰਹਿ ਜਾਣਗੀਆਂ, ਖਾਸ ਤੌਰ ਤੇ ਭਵਿੱਖ ਵਿੱਚ ਪੰਜਾਬ ਵਿਚਲੇ ਜ਼ਮੀਨਦੋਜ ਪਾਣੀ ਦੀ ਘਾਟ ਕਾਰਨ, ਪਰ ਭਾਰਤ ਦੀ ਸਰਕਾਰ ਲਈ
ਇਸ ਦਾ ਕੋਈ ਮਤਲਬ ਨਹੀਂ ਹੈ

ਪੰਜਾਬ ਪੁਨਰਗਠਨ ਐਕਟ 1966 ਵਿੱਚ ਗੈਰ ਕਾਨੂੰਨੀ ਦਫਾਵਾਂ ਜੋੜੀਆਂ ਗਈਆਂ ਤਾਂ ਜੋ ਕੇਂਦਰ ਸਰਕਾਰ ਪੰਜਾਬ ਦੀ ਨਦੀਆਂ ਦੇ ਪਾਣੀ, ਪੰਜਾਬ ਦੇ ਡੈਮਾਂ ਹੈਡ ਵਰਕਸ ਅਤੇ ਬਿਜਲੀ ਘਰਾਂ ਉਪੱਰ, ਸੰਵਿਧਾਨ ਦੇ ਖਿਲਾਫ ਕਬਜਾ ਕਰ ਸਕੇ, ਕਿਉਂਕਿ ਪੰਜਾਬ ਦੀਆਂ ਨਦੀਆਂ ਦੇ ਪਾਣੀ, ਡੈਮਾਂ ਹੈਡਵਰਕਸ ਅਤੇ ਬਿਜਲੀ ਘਰਾਂ ਉਪੱਰ ਰਾਜ ਸਰਕਾਰ ਦੀ ਸਟੇਟ ਲਿਸਟ ਵਿੱਚ ਆਉਂਦੇ ਹਨ ਅਤੇ ਰਾਜ ਸਰਕਾਰ ਦੀ ਅਮਲਕਾਰੀ ਦੇ ਦਾਇਰੇ ਵਿੱਚ ਆਉਂਦੇ ਹਨ ਅਤੇ ਰਾਜ ਵਿਧਾਨਸਭਾ ਜਾਂ ਸੰਸਦ ਦਾ ਇਸ ਵਿੱਚ ਕੋਈ ਅਧਿਕਾਰ ਨਹੀਂ ਹੈ ਇਸ ਤਰਾਂ ਨਾਲ ਗੈਰ ਕਾਨੂੰਨੀ ਤਰੀਕੇ ਨਾਲ ਕੀਤੇ ਗਏ ਕਿਸੀ ਵੀ ਪ੍ਰਕਾਰ ਦਾ ਦਖਲ ਪੂਰੀ ਤਰ੍ਹਾਂ ਗੈਰ ਸਵਿੰਧਾਨਕ ਅਤੇ ਗੈਰ ਕਾਨੂੰਨੀ ਹੈ ਅਤੇ ਇਸਦੀ ਕੋਈ ਬੰਦਿਸ਼ ਨਹੀਂ ਹੋਵੇਗੀ ਸਨ 1985 ਵਿੱਚ

ਰਾਜੀਵ ਲੌਂਗੋਵਾਲ ਸੰਧੀ ਵਿੱਚ (ਪੰਜਾਬ ਸਮਝੌਤਾ) ਪੰਜਾਬ ਦੇ ਪਾਣੀਆਂ ਨਾਲ ਨਜਿੱਠਣ ਕਰਣ ਲਈ ਅਮਤਰ ਰਾਜੀ ਨਦੀ ਦੇ ਪਾਣੀਆਂ ਦੇ ਝਗੜਿਆਂ ਵਾਲੇ ਐਕਟ 1956 ਅਤੇ ਪੰਜਾਬ ਦੇ ਨਦੀਆਂ ਦੇ ਪਾਣੀਆਂ ਨਾਲ ਸੰਬੰਧਤ , ਇਸ ਸੰਧੀ ਦੀਆਂ ਧਾਰਯਵਾਂ ਵਿੱਚ ਧਾਰਾ 14 ਜੋੜੀ ਗਈ ਜਿਸ ਅਧੀਨ ਇਸ ਨੂੰ ਸਮਾਪਤ ਕੀਤਾ ਜਾ ਸਕੇ ਜੋਕਿ ਇਨ੍ਹਾਂ ਦਾ ਨਿਪਟਾਰਾ ਕਰੇ ਅਤੇ ਇਸ ਸੰਧੀ ਅਧੀਨ ਪੰਜਾਬ ਪਣੀਆਂ ਨਾਲ ਸੰਬੰਧਤ ਸਾਰ ਮਾਮਲੇ ਵੀਵਾਡੀ ਟ੍ਰਿਬਿਉਨਲ ਦੇ ਹਵਾਲੇ ਕਰ ਦਿੱਤੇ ਗਏ ਇਹ ਸੱਭ ਕੁਝ ਸ਼ੁਰੂ ਤੋਂ ਹੀ ਗੈਰ ਸੰਵਿਧਾਨਕ ਅਤੇ ਗੈਰ ਕਾਨੂੰਨੀ ਹੈ ਸੰਧੀ ਜਾਂ ਸਮਝੌਤਾ ਜੋ ਵੀ ਇਸਨੂੰ ਕਹਿ ਲਿਆ ਜਾਵੇ ਬਿਨਾਂ ਕਿਸੇ ਅਧਿਕਾਰ ਪੱਤਰ ਤੋਂ ਸੀ ਕਿਉਂ ਜੋ ਹਰਚੰਦ ਸਿੰਘ ਲੌਂਗੋਵਾਲ ਦੀ ਕੋਈ ਕਨੂੰਨੀ ਪਛਾਣ ਨਹੀਂ ਸੀ ਪੰਜਾਬ ਦੇ ਮੋਹਰੀ ਵਜੋਂ ਪੰਜਾਬ ਦੀਆਂ ਨਦੀਆਂ ਦਾ ਪਾਣੀ ਕੇਂਦਰੀ ਸਰਕਾਰ ਜਾਂ ਸੰਸਦ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੋ ਸਕਦਾ ਅੰਡਰ ਰਾਵੀਨਦੀ ਵਿਵਾਦ ਐਕਟ ਨੂੰ ਪੰਜਾਬ ਦੀਆਂ ਨਦੀਆਂ ਦੇ ਪਾਣੀਆਂ ਉਪੱਰ ਲਾਗੂ ਨਹੀਂ ਕੀਤਾ ਜਾ ਸਕਦਾ ਇਸ ਲਈ ਪੰਜਾਬ ਦੀਆਂ ਦੇ ਪਾਣੀਆਂ ਨੂੰ ਪ੍ਰਪਾਤ ਕਰਣ ਲਈ ਹਰ ਗੈਰ ਕਾਨੂੰਨੀ ਹੀਲਾ ਵਰਤਿਆ ਗਿਆ ਹੈ ਜੂਨ 2004 ਵਿੱਚ ਸੁਪਰੀਮ ਕੋਰਟ ਨੇ, ਹਰਿਆਣਾ ਰਾਜ ਵਲੋਂ ਦਾਇਰ ਪਟੀਸ਼ਨ ਦੇ ਆਧਾਰ ਤੇ ਭਾਰਤ ਸਰਕਾਰ ਨੂੰ ਐਸ ਵਾਈ ਐਲ ਨਹਿਰ ਬਣਾਉਣ ਦਾ ਹੁਕਮ ਦਿੱਤਾ ਤਾਂ ਜੋ ਪੰਜਾਬ ਦੀਆਂ ਨਦੀਆਂ ਦਾ ਪਾਣੀ ਹਰਿਆਣਾ ਵਿੱਚ ਲਿਆਇਆ ਜਾ ਸਕੇ ਹੁਕਮ ਦੀ ਪਾਲਣਾ ਕਰਦੇਹੋਏ ਭਾਰਤ ਸਰਕਾਰ ਨੇ ਪੀ।ਡਬਲਯੂ।ਡੀ ਵਿਭਾਗ ਨੂੰ ਇਹ ਕਾਰਜ ਥਾਪਿਆ ਪੰਜਾਬ ਵਿਧਾਨਸਭਾ ਨੇ ਜੁਲਾਈ 2004 ਵਿੱਚ 1981 ਵਾਲੇ ਸਮਝੌਤੇ ਅਤੇ ਪੰਜਾਬ ਦੇ ਪਾਈਆਂ ਸੰਬੰਧਤ ਸਾਰੇ ਸਮਝੋਤਿਆਂ ਨੂੰ ਖਾਰਜ ਕਰਣ ਵਾਲਾ ਸਤਾ ਪਾਸ ਕਰ ਦਿੱਤਾ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ 2004 ਨੇ ਉਸ ਨੂੰ ਹੀ ਖਾਰਜ ਕਰ ਦਿੱਤਾ ਤੇ ਸੁਪਰੀਮ ਕੋਰਟ ਨੇ ਆਪਣਾ ਫੈਸਲਾ ਸੁਣਾਇਆ ਸੀ ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਹਵਾਲਾ ਦੇ ਕੇ ਇਹ ਪੁਛਿੱਆ ਕਿ ਪੰਜਾਬ ਐਕਟ ਕਿਸ ਸਵਿੰਧਾਨਕ ਹੈ ਅਤੇ ਇਸ ਦਾ ਪੰਜਾਬ ਦੀ ਆਰਗੇਨਾਈਜ਼ੇਸ਼ਨਲ ਐਕਟ ਦੀ ਧਾਰਾ 78 ਅਤੇ ਅਤੰਰ ਰਾਜੀ ਨਦੀਆਂ ਦੀ ਧਾਰਾ 514 ਦਾ ਸੁਪਰੀਮ ਕੋਰਟ ਦੇ ਹੁਕਮਾਂ ਉਪੱਰ ਕਿੰਨਾ ਕੁ ਅਸਰ ਪੈਂਦਾ ਹੈ ਇਸ ਦਾ ਨਤੀਜਾ ਆਉਣ ਦਾ ਹਾਲੇ ਇੰਤਜ਼ਾਰ ਹੈ ਪਰ ਭਾਰਤ ਸਰਕਾਰ ਨੂੰ ਇਸਦਾ ਕੋਈ ਹੱਲ ਤਾਂ ਕੱਢਣਾ ਹੀ ਪਵੇਗਾ ਜਿਸਨੇ ਸਮੱਸਿਆ ਖੜੀ ਕੀਤੀ ਹੈ ਅਤੇ ਇਸਨੂੰ ਹੋਰ ਵਿਗਾੜਿਆ ਹੈ ਪੰਜਾਬ ਦੀ ਰਾਜਧਾਨੀ ਚੰਡੀਗੜ ਪੰਜਾਬ ਰਾਜ ਵਲੋਂ ਸਾਝੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ 1947 ਵਿੱਚ ਭਾਰਤ ਦੀ ਆਜਾਦੀ ਮਗਰੋਂ ਲਾਹੌਰ ਪਾਕਿਸਤਾਨ ਵਿੱਚ ਚਲਿੱਆ ਗਿਆ ਸੀ ਇਸ ਰਾਜਧਾਨੀ ਨੂੰ ਉਸਾਰਣ ਲਈ ਰੋਪੜ ਜ਼ਿਲੇ ਦੀ ਖਰੜ ਤਹਿਸੀਲ ਦੇ ਪੰਜਾਬ ਦੇ ਪਿੰਡਾਂ ਨੂੰ ਪੰਜਾਬ ਸਰਕਾਰ ਨੇ ਐਕਵਾਇਰ ਕਰ ਲਿਆ ਸੀ ਪੰਜਾਬ 1949 ਵਿੱਚਹੀ ਦੋ ਹਿੱਸਿਆਂ ਪੰਜਾਬੀ ਬੋਲਦੇ ਅਤੇ ਹਿੰਦੀ ਬੋਲਦੇ ਵਿੱਚ ਵੰਡਿਆਂ ਗਿਆ ਸੀ ਅਤੇ ਇਹ ਪਿੰਡ ਪੰਜਾਬੀ ਬੋਲਦੇ ਖੇਤਰ ਵਿੱਚ ਪੈਂਦੇ ਸਨ 1966 ਵਿੱਚ ਪੰਜਾਬ ਦੇ ਪੁਨਰ ਗਠਨ ਵੇਲੇ ਸ਼ਹ ਕਮੀਸ਼ਨ ਨੂੰ ਬਿਠਾਇਆ ਗਿਆ ਇਸਨੇ ਇਨ੍ਹਾਂ ਇਲਾਕਿਆਂ ਦੀ ਫਿਰ ਤੋਂ ਨਿਸ਼ਾਨਦੇਹੀ ਕਰਣ, ਜਿਸਦੀ ਕੋਈ ਲੋੜ ਨਹੀਂ ਸੀ ਕਿਉਂਕਿ ਇਹ ਪਹਿਲਾਂ ਹੀ ਹੋਈ ਪਈ ਸੀ ਉਪਰੰਤ ਖਰੜ ਤਹਿਸੀਲ ਨੂੰ ਹਿੰਦੀ ਬੋਲਦੇ ਖੇਤਰਾਂ ਵਿੱਚ ਸ਼ਾਮਲ ਕਰ ਦਿੱਤਾ ਜੋਕਿ ਸਰਾਸਰ ਗਲਤ ਸੀ ਕਿਉਂਕਿ ਇਹ ਪਹਿਲਾਂ ਤੋਂ ਹੀ ਪੰਜਾਬੀ ਬੋਲਦੇ ਖੇਤਰਾਂ ਵਿੱਚ ਸੀ ਪੰਜਾਬ ਸਰਕਾਰ ਨੇ ਸ਼ਹ ਕਮੀਸ਼ਨ ਦੀ ਇਸ ਸਿਫਾਰਿਸ਼ ਨੂੰ ਨਹੀਂ ਮੰਨਿਆ ਅਤੇ ਪੰਜਾਬ ਵਿੱਚਲੀ ਖਰ ਤਹਿਸੀਲ ਨੂੰ ਪੰਜਾਬੀ ਬੋਲਦੇ ਖੇਤਰਾਂ ਵਿੱਚ ਹੀ ਰਹਿਣ ਦਿੱਤਾ ਜਦੋਂ ਕਿ ਰਾਜਧਾਨੀ ਚੰਡੀਗੜ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ ਪੰਜਾਬ ਨੂੰ ਸਿਦੀ ਰਾਜਧਾਨੀ ਨੂੰ ਖੁੰਝਦਿਆਂ ਹੋਇਆਂ ਪੰਜਾਬ ਰਾਜ ਅਤੇ ਇਸਦੇ ਲੋਕਾਂ ਨੇ ਉਨ੍ਹਾਂ ਦੀ ਰਾਜਧਾਨੀ ਦੇ ਇੰਜ ਗੈਰ ਕਨੂੰਨੀ ਢਮਗ ਨਾਲ ਖੋਹੇ ਜਾਣ ਉਪਰ ਰੌਲਾ ਅਤੇ ਸਿਆਪਾ ਪਾਇਆ ਸਿੱਖਾਂ ਦੇ ਰਾਜਨੀਤਿਕ ਆਗੂ ਅਕਾਲੀ ਦਲ ਵਲੋਂ ਸ਼ਾਤੀ ਪੂਰਵਕ ਰੋਸ ਮਾਰਚ ਅਤੇ ਵਿਖਾਵੇ ਕੀਤ ਗਏਸੰਤ ਫਤਿਹ ਸਿੰਘ ਜੋ ਅਕਾਲੀ ਦਲ ਦੇ ਪ੍ਰਧਾਨ ਸਨ ਨੇ ਦੋ ਵਾਰੀ ਮਰਣ ਵਰਤ ਰੱਖਿਆ ਪਰ ਉਹਨਾਂ ਦੀ ਜਾਨ, ਭਾਰਤ ਸਰਕਾਰ ਵਲੋਂ ਚੰਡੀਗੜ ਪੰਜਾਬ ਨੂੰ ਦੇਣ ਦੇ ਭਰੋਸੇ ਨਾਲ ਬਚਾ ਲਈ

ਗਈ ਹਾਲਾਂਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਬਾਅਦ ਵਿੱਚ ਇਹ ਸ਼ਰਤ ਦੱਸੀ ਕਿ ਇਸ ਦੇ ਇਵਜ਼ ਵਿੱਚ ਅਬੋਹਰ ਅਤੇ ਫਾਜਿਲਕਾ ਦੇ 114 ਪਿੰਡ ਜੋਕਿ ਸੱਭ ਤੋਂ ਵਧੀਆਕਪਾਹ ਉਤਪਾਦਕ ਇਲਾਕੇ ਸਨ ਹਰਿਆਣਾ ਨੂੰ ਦੇਣੇ ਪੈਣੇ ਸਨ ਪੰਜਾਬ ਨੂੰ ਇਹ ਮੰਜੂਰ ਨਹੀਂ ਸੀ 1985 ਵਿੱਚ ਪੰਜਾਬ  ਪੁਨਰਗਠਨ ਰਾਜੀਵ ਲੌਂਗੋਵਾਲ ਸੰਧੀ ਚੰਡੀਗੜ ਨੂੰ 26 ਜਨਵਰੀ 1986 ਤੱਕ ਪੰਜਾਬ ਨੂੰ ਦਿੱਤਾ ਜਾਣਾ ਸੀ ਪਰ ਐਨ ਆਖਰੀਵਕਤ ਤੇ ਭਾਰਤ ਸਰਕਾਰ ਮੁਕਰ ਗਈ ਇਸ ਦਾ ਕੋਈ ਇਲਾਜ ਵੀ ਨਹੀ ਸੀ ਕਿਉਂਕਿ ਇਸ ਸੰਧੀ ਦੀ ਕੋਈ ਕਾਨੂੰਨੀ ਪਛਾਣ ਨਹੀਂ ਸੀ ਕਿਉਂਕਿ ਲੌਂਗੋਵਾਲ ਕੋਲ ਪੰਜਾਬ ਦੀ ਅਗਵਾਈ ਕਰਣ ਦਾ ਨਾ ਤਾਂ ਅਧਿਕਾਰ ਸੀ ਤੇ ਨਾਂ ਹੀ ਕੋਈ ਅਹੁਦਾ ਇਹ ਵਿਸ਼ਾ ਬੜੇ ਚਿਰ ਤੋਂ ਚੱਲ ਰਿਹਾ ਹੈ, ਇਸ ਤੱਥ ਤੋਂ ਪ੍ਰੇਰਿਤ ਹੈ ਕਿ ਦੋ ਬਾਰ ਅਕਾਲੀ ਸਰਕਾਰ ਵੀ ਇਸ ਵਿਸ਼ੇ ਦਾ ਭਾਰਤ ਸਰਕਾਰ ਨਾਲ ਕੋਈ ਸਫਲ ਹਲ ਨਹੀਂ ਕੱਢ ਸਕੀ। ਜਦੋਂ ਉਹ ਸਤਾ ਵਿਚ ਨਹੀਂ ਸੀ।

4

ਰਾਜਾਂ ਦੇ ਪੂਨਰ-ਸੰਗਠਨ ਦੇ ਇਤਿਹਾਸ ਵਿਚ ਪੰਜਾਬ ਹੀ ਇਕ ਵਰਜਨ ਸੀ ਜਿਸਦੀ ਰਾਜਧਾਨੀ ਚੰਡੀਗੜ੍ਹ ਕੇਂਦਰ ਸ਼ਾਸ਼ਤ ਵਿਚ ਤਬਦੀਲ ਹੋ ਗਈ। ਪੰਜਾਬ ਨੂੰ ਉਸਦੀ ਰਾਜਧਾਨੀ ਚੰਡੀਗੜ੍ਹ ਤੋਂ ਵੱਖ ਕਰ ਦੇਣ ਵਿਚ ਕੋਈ ਤਰਕ ਨਹੀਂ ਸੀ ਜੋ ਕਿ ਪੰਜਾਬੀ ਬੋਲੀ ਦੀ ਲੋਕ ਸੀਮਾ ਦਾ ਹਿੱਸਾ ਸੀ ਅਤੇ ਜਿਸ ਤੇ ਰਾਜਧਾਨੀ ਬਨਾਉਣ ਲਈ ਕਬਜ਼ਾ ਹੋਣ ਕਰਕੇ ਹਜ਼ਾਰਾਂ ਪੰਜਾਬੀ ਆਪਣੀਆਂ ਜ਼ਮੀਨਾਂ ਤੋਂ ਵਾਂਝੇ ਹੋ ਗਏ। ਹਰਿਆਣਾ ਦਾ ਇਸ ਤੇ ਕੋਈ ਵੀ ਜਾਇਜ਼ ਹੱਕ ਨਹੀਂ ਹੋ ਸਕਦਾ ਕਿ ਇਸ ਵਿਚ ਸਾਰੇ ਹਿੰਦੀ ਬੋਲੀ ਥਾਵਾਂ ਸਨ। ਜਦਕਿ ਚੰਡੀਗੜ੍ਹ ਪੰਜਾਬੀ ਬੋਲੀ ਇਲਾਕੇ ਵਿਚ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸ਼ਰਤ, ਕਿ ਪੰਜਾਬ ਆਪਣੇ ਸਭ ਤੋਂ ਵਧੀਆ ਰੂੰ ਉਤਪਾਦਨ ਵਾਲੇ ਪਿੰਡ ਦੇਵੇ, ਉਸਦੀ ਬੁਰੀ ਨੀਅਤ ਨੂੰ ਦਰਸਾਉਂਦੇ ਹਨ। ਅਸਲ ਵਿਚ ਉਸਨੇ ਪੰਜਾਬ ਦਾ ਪੁਨਰ-ਗਠਨ ਕਦੇ ਵੀ ਭਾਸ਼ਾਈ ਆਧਾਰ ਤੇ ਨਹੀਂ ਸੀ ਕੀਤਾ ਬਲਕਿ ਕੁੱਝ ਰਾਜਨੀਤਿਕ ਮਜ਼ਬੂਰੀਆਂ ਸਨ ਜਿਸ ਕਰਕੇ ਮੁਸ਼ਕਲਾਂ ਖੜੀਆਂ ਕੀਤੀਆਂ ਗਈਆਂ। ਇਹ ਸਾਰੀ ਐਵਧਤਾਵਾਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਨਦੀਆਂ ਦਾ ਪਾਣੀ, ਇਸਦੇ ਡੈਮ, ਬਿਜਲੀ ਘਰ ਵਗੈਰ↰ ਨੂੰ ਹੜੱਪਣ ਲਈ ਕੀਤੀਆਂ ਗਈਆਂ।

### ਪੰਜਾਬ ਦੀਆਂ ਨਦੀਆਂ ਦਾ ਪਾਣੀ ਸਿਰਫ ਪੰਜਾਬ ਲਈ – ਵਾਧੂ ਪਾਣੀ ਨਹੀਂ

ਪੰਜਾਬ, ਸ਼ਬਦਿਕ ਅਰਥ, ਪੰਜ ਦਰਿਆਵਾਂ ਦੀ ਧਰਤੀ, ਦੀ ਸੀਮਾ ਵਿਚ 1947 ਵਿਚ ਤੇ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਪੰਜ ਨਦੀਆਂ ਵਗਦੀਆਂ ਸਨ। ਇਸ ਦੀਆਂ ਦੋ ਨਦੀਆਂ ਜਹਿਲਮ ਅਤੇ ਚਨਾਬ ਜੋ ਹੁਣ ਪਾਕਿਸਤਾਨੀ ਸੀਮਾ ਵਿਚ ਹਨ, ਪਾਕਿਸਤਾਨ ਵਿਚ ਚਲੀਆਂ ਗਈਆਂ ਜਦਕਿ ਤਿੰਨ ਨਦੀਆਂ ਰਾਵੀ, ਬਿਆਸ ਅਤੇ ਸਤੁਲਜ ਜੋ ਪੰਜਾਬ ਦੀ ਸੀਮਾ ਵਿਚ ਵਗਦੀਆਂ ਹਨ, ਭਾਰਤ ਦਾ ਹਿੱਸਾ ਬਣ ਗਈਆਂ ਤੇ ਪੰਜਾਬ ਵਿਚ ਹਨ। ਇਹਨਾਂ ਨਦੀਆਂ ਦਾ ਪਾਣੀ ਪੰਜਾਬ ਦੀਆਂ ਜ਼ਮੀਨਾਂ ਦੀ ਸਿੰਚਾਈ ਦਾ ਮੁਖ ਸ੍ਰੋਤ ਹੈ ਜੋ ਕਿ ਪੰਜਾਬ ਲਈ ਰੱਜਵਾਂ ਵੀ ਨਹੀਂ ਹੈ। ਮਾਹਿਰਾਂ ਮੁਤਾਬਕ ਪੰਜਾਬ ਦੀ ਧਰਤੀ ਨੂੰ 55.2 ਐਮ.ਏ.ਐਫ. ਪਾਣੀ ਚਾਹੀਦਾ ਹੈ ਪਰ ਇਹਨਾਂ ਤਿੰਨਾਂ ਨਦੀਆਂ ਦਾ ਕੁਲ ਪਾਣੀ 32.5 ਐਮ.ਏ.ਐਫ. ਹੈ। ਮਾਹਿਰਾਂ ਮੁਤਾਬਕ ਜੇ ਪੰਜਾਬ ਦੀ ਕਿਸੇ ਵੀ ਨਦੀ ਦਾ ਪਾਣੀ ਕਿਸੇ ਹੋਰ ਰਾਜ ਨੂੰ ਦਿੱਤਾ ਗਿਆ ਤਾਂ ਪੰਜਾਬ ਦੀ ਬਹੁਤ ਸਾਰੀ ਜ਼ਮੀਨ ਬੰਜਰ ਹੋ ਜਾਵੇਗੀ ਅਤੇ ਖੇਤੀਯੋਗ ਨਹੀਂ ਰਹੇਗੀ। ਧਰਤੀ ਦੇ ਹੇਠ ਦਾ ਪਾਣੀ, ਜੋ ਟਿਊਬਵੈੱਲ ਰਾਹੀਂ ਸਿੰਚਾਈ ਲਈ ਵਰਤਿਆ ਜਾਂਦਾ ਹੈ, ਵੀ ਕਾਫੀ ਹੇਠਲੇ ਪੱਧਰ ਤੇ ਪਹੁੰਚ ਗਿਆ ਹੈ ਤੇ ਆਉਣ ਵਾਲੇ ਸਮੇਂ ਵਿਚ ਇਸਨੂੰ ਪੰਪ ਨਾਲ ਕੱਢਣਾ ਵੀ ਔਖਾ ਹੋ ਜਾਵੇਗਾ। ਇਸ ਦੇ ਨਾਲ ਇਨ੍ਹਾਂ ਥੱਲੇ ਹੋਣ ਕਰਕੇ ਇਸ ਵਿਚ ਕੈਮੀਕਲ ਅਤੇ ਲੂਣ ਦੀ ਮਾਤਰਾ ਵਧ ਜਾਂਦੀ ਹੈ ਜੋ ਖੇਤੀ ਲਈ ਉਪਯੋਕਤ ਨਹੀਂ ਹੈ। ਪੰਜਾਬ ਦੇ ਲੋਕਾਂ ਦੇ ਜੀਵਨ ਦਾ ਮੁੱਖ ਸ੍ਰੋਤ ਖੇਤੀ ਹੈ ਅਤੇ ਜਿਆਦਾਤਰ ਜ਼ਮੀਨਾਂ

ਦੇ ਮਾਲਕ ਸਿੱਖ ਹਨ। ਰਾਜ ਦੀ ਸੂਚੀ ਵਿਚ ਦਰਜ ਤੱਥ ਅਨੁਸਾਰ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਕਾਨੂੰਨੀ ਸਥਿਤੀ ਇਹ ਹੈ ਕਿ ਇਹ ਸਿਰਫ ਪੰਜਾਬ ਦੇ ਲੋਕਾਂ ਲਈ ਹੈ ਅਤੇ ਪੰਜਾਬ ਰਾਜ ਅਤੇ ਇਸਦੀ ਵਿਧਾਨ ਸਭਾ ਦੇ ਅਧੀਨ ਹੈ। ਪੰਜਾਬ ਦੀਆਂ ਨਦੀਆਂ ਦਾ ਪਾਣੀ ਹੋਰ ਕਿਸੇ ਰਾਜ ਵਿਚ ਨਹੀਂ ਵਗਦਾ ਕਿਉਂ ਜੋ ਕੋਈ ਵੀ ਰਾਜ ਇਸਦੇ ਤਟ ਤੇ ਨਹੀਂ ਹੈ। ਸੰਯੁਕਤ ਰਾਸ਼ਟਰ ਵੱਲੋਂ ਮਨਜ਼ੂਰ, ਅੰਤਰ-ਰਾਸ਼ਟਰੀ ਪ੍ਰਮਾਣਿਤ ਕਾਨੂੰਨ ਮੁਤਾਬਕ ਤਟਵਰਤੀ ਰਾਜ ਦਾ ਆਪਣੀਆਂ ਨਦੀਆਂ ਦੇ ਪਾਣੀ ਤੇ ਪੂਰਾ ਅਧਿਕਾਰ ਹੁੰਦਾ ਹੈ ਅਤੇ ਗੈਰਤਟਵਰੀ ਰਾਜ ਦਾ ਇਸ ਤੇ ਕੋਈ ਹੱਕ ਨਹੀਂ ਹੁੰਦਾ। ਇਹ ਕਾਨੂੰਨ ਨਿਰਪੱਖਤਾ, ਨਿਆਂ ਅਤੇ ਇਮਾਨਦਾਰੀ ਤੇ ਅਧਾਰਿਤ ਹੈ। ਜਿਹੜੇ ਰਾਜਾਂ ਵਿਚ ਨਦੀਆਂ ਵਗਦੀਆਂ ਹਨ, ਉਨਾਂ ਨੂੰ ਹੀ ਇਸਦੇ ਨੁਕਸਾਨਾਂ ਅਤੇ ਤਬਾਹੀ ਦਾ ਸਾਹਮਨਾ ਕਰਨਾ ਪੈਂਦਾ ਹੈ। ਭਾਰੀ ਮੀਂਹ ਕਾਰਨ ਜਾਂ ਹੋਰ ਕਾਰਨਾਂ ਕਰਕੇ ਨਦੀਆਂ ਦੇ ਪਾਣੀ 'ਚ ਆਏ ਹੜ੍ਹ ਕਰਕੇ ਨਾਲ ਜੁੜਦੀਆਂ ਥਾਵਾਂ ਦਾ ਵੱਡਾ ਹਿੱਸਾ ਤਬਾਹ ਹੋ ਜਾਂਦਾ ਹੈ। ਤੱਟ ਤੋਂ ਦੂਰ ਇਲਾਕਿਆਂ ਨੂੰ ਇਹੋ ਜਿਹਾ ਕੋਈ ਖਤਰਾ ਨਹੀਂ ਹੁੰਦਾ। ਇਸ ਤਰ੍ਹਾਂ ਉਨ੍ਹਾਂ ਕੋਲ ਉਨਾਂ ਨਦੀਆਂ ਦੇ ਪਾਣੀ ਤੇ ਹੱਕ ਜਮਾਉਣ ਦੀ ਕੋਈ ਦਲੀਲ ਨਹੀਂ ਹੋ ਸਕਦੀ ਜੋ ਉਨਾਂ ਦੇ ਹੱਕ ਵਿਚ ਨਹੀਂ ਵਗਦੀਆਂ।

5
ਭਾਰਤ ਦੇ ਸੰਵਿਧਾਨ ਵਿਚ, ਜੱਥੇਬੰਦੀ ਸਰਕਾਰ ਅਤੇ ਸੰਸਦ ਨੂੰ ਹੀ ਅੰਤਰ ਰਾਜੀ ਨਦੀਆਂ ਦੇ ਝਗੜੇ ਵਿਚ ਦਖਲ ਦੇਣ ਦੀ ਤਾਕਤ ਹੁੰਦੀ ਹੈ। ਜੋ ਨਦੀਆਂ ਅੰਤਰ-ਰਾਜੀ ਨਹੀਂ ਹੁੰਦੀਆਂ, ਉਸ ਵਿਚ ਇਸਦੇ ਦਖਲ ਦੇਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂ ਜੋ ਰਾਜਾਂ ਦੇ ਵਿਚ ਕੋਈ ਇਹੋ ਜਿਹਾ ਝਗੜਾ ਨਹੀਂ ਹੁੰਦਾ।

## ਖੇਤੀਬਾੜੀ ਵਿਸ਼ੇਸ਼ੱਗ ਰਿਪੋਰਟ:

ਵਿਗਿਆਨਕ ਅੰਕੜਿਆਂ ਤੇ ਅਧਾਰਿਤ ਖੇਤੀਬਾੜੀ ਵਿਸ਼ੇਸ਼ੱਗ ਰਿਪੋਰਟ ਪ੍ਰਮਾਣਿਤ ਕਰਦੀ ਹੈ ਕਿ ਪੰਜਾਬ ਵਿਚ ਉਪਲੱਬਧ ਕੁਲ ਪਾਣੀ ਦਾ ਸ੍ਰੋਤ 31.3 ਲੱਖ ਹੈਕਟੇਅਰ ਮੀਟਰ ਹੈ ਜਿਸ ਵਿੱਚੋਂ 14.5 ਲੱਖ ਹੈਕਟੇਅਰ ਮੀਟਰ ਪਾਣੀ ਜ਼ਮੀਨ ਤੇ ਬਣੀਆਂ ਨਦੀਆਂ ਦਾ ਹੈ ਅਤੇ 16.8 ਲੱਖ ਹੈਕਟੇਅਰ ਮੀਟਰ ਧਰਤੀ ਵਿੱਚੋਂ ਪਾਣੀ ਦੀ ਨਿਕਾਸੀ (ਮੀਂਹ ਦਾ ਪਾਣੀ ਅਤੇ ਨਦੀ ਦਾ ਰਿਸਣਾ) ਤੋਂ ਹੈ। ਪੰਜਾਬ ਆਪਣੀ 12.4 ਲੱਖ ਹੈਕਟੇਅਰ ਮੀਟਰ ਦੀ ਅਸੀਮ ਜ਼ਰੂਰਤ ਧਰਤੀ ਹੇਠੋਂ ਪਾਣੀ ਦੇ ਸ੍ਰੋਤਾਂ ਦਾ ਦੁਰਉਪਯੋਗ ਕਰਕੇ ਕਰਦਾ ਹੈ ਅਤੇ ਮੀਂਹ ਦੀ ਅਸਥਿਰਤਾ ਫਸਲਾਂ, ਟਿਊਬਵੈੱਲ ਅਤੇ ਨਦੀਆਂ ਅਤੇ ਬਿਜਲੀ ਤੇ ਵੀ ਅਸਰ ਪਾਉਂਦੀ ਹੈ। ਨਹਿਰੀ ਪਾਣ9 ਤਿੰਨ ਪਾਵਰ ਪਲਾਂਟਾਂ ➢9 ਨਦੀਆਂ ਦੇ ਪਾਣੀ ਦੀ ਉਪਲੱਬਧਤਾ ਤੇ ਨਿਰਭਰ ਕਰਦਾ ਹੈ ਅਤੇ ਹਮੇਸ਼ਾ ਹੀ ਮਾਨਸੂਣ ਅਤੇ ਬਰਫ ਦੇ ਪਿਘਲਣ ਤੇ ਵੀ।

ਪੰਜਾਬ ਦੇ ਕੁੱਲ 42.4 ਲੱਖ ਹੈਕਟੇਅਰ ਚੋਂ 75 ਪ੍ਰਤਿਸ਼ਤ ਸਿੰਚਾਈ ਟਿਊਬਵੈੱਲ ਰਾਹੀਂ ਹੁੰਦੀ ਹੈ, ਜਿਸ ਕਰਕੇ ਧਰਤੀ ਹੇਠਲਾ ਪਾਣੀ ਲਗਾਤਾਰ ਘੱਟਦਾ ਜਾ ਰਿਹਾ ਹੈ ਤੇ ਜੋ ਬਰਦਾਸ਼ਤ ਤੋਂ ਬਾਹਰ ਹੈ। ਪਾਣੀ ਨੂੰ ਪੰਪ ਰਾਹੀਂ ਕੱਢਣ ਦੀ ਕੀਮਤ ਆਪਣੇ ਉੱਚ ਪੱਧਰ ਤੇ ਪੁੱਜ ਗਈ ਹੈ ਜਿਸਦਾ ਖਰਚਾ ਜਮੀਨ ਦੇ ਮਾਲਕਾਂ ਦੀ ਵੀ ਪਹੁੰਚ ਤੋਂ ਬਾਹਰ ਹੈ। ਇਸਨੇ ਸੈਂਟਰੀਫਯੂਗਲ ਤੋਂ ਸਬਮਰਸੀਬਲ ਪੰਪਾਂ ਦੀ ਵਰਤੋਂ ਲਈ ਮਜਬੂਰ ਕਰ ਦਿੱਤਾ ਹੈ। ਰਾਜ ਦੇ ਟਿਯੂਬਵੈੱਲ, ਜਿਨ੍ਹਾਂ ਦੀ ਗਿਣਤੀ 10 ਲੱਖ ਨੂੰ ਛੂ ਗਈ ਹੈ, ਕੁੱਲ ਬਿਜਲੀ ਦਾ 35 ਪ੍ਰਤਿਸ਼ਤ ਖਪਤ ਕਰਦੇ ਹਨ, ਜਿਸਦੀ ਸਪਲਾਈ ਰਾਜ ਸਰਕਾਰ ਲਈ ਬਹੁਤ ਔਖਾ ਕੰਮ ਹੈ ਕਿਉਂ ਜੋ ਉਹ ਪਹਿਲਾਂ ਹੀ ਬਹੁਤ ਘਾਟੇ ਵਿੱਚ ਹੈ। ਪੰਜਾਬ ਸਰਕਾਰ ਮੁਤਾਬਕ ਝੋਨੇ ਦੀ ਖੇਤੀ ਦੇ ਇੱਕ ਮੌਸਮ ਵਿੱਚ ਮਾਨਸੂਨ ਦੀ ਦੇਰੀ ਕਰਕੇ ਇਹ 20 ਤੋਂ 25 ਕਰੋੜ ਰੁਪਏ ਰੋਜ਼ ਦੂਜੇ ਰਾਜਾਂ ਤੋਂ ਬਿਜਲੀ ਖਰੀਦਣ ਲਈ ਖਰਚ ਕਰਦੀ ਹੈ ਅਤੇ 3000 ਕਰੋੜ ਰੁਪਏ 2004 ਵਿਚ ਇੱਕ ਫਸਲ ਲਈ ਖਰਚੇ।

ਭਾਰਤ ਦੀ ਰਾਸ਼ਟਰੀ ਖਾਣੇ ਦੀ ਟੋਕਰੀ ਨੂੰ ਭਰਣ ਵਿੱਚ ਪੰਜਾਬ ਚੌਲ ਅਤੇ ਕਣਕ ਦਾ 90% ਤੱਕ ਯੋਗਦਾਨ ਦਿੰਦਾ ਰਿਹਾ ਹੈ ਅਤੇ ਹੁਣ ਵੀ ਭਾਰਤ ਸਰਕਾਰ ਵਲੋਂ ਤਯ ਕੀਮਤਾਂ ਤੇ 45% ਤੱਕ ਕਰ ਰਿਹਾ ਹੈ ਜੋ ਕਿ ਸਿਰਫ ਉਤਪਾਦਨ ਲਈ ਉਸਦੀਆਂ ਕੀਮਤਾਂ ਅਤੇ ਖਰਚਿਆਂ ਨੂੰ ਹੀ ਪੂਰਾ ਕਰਦੇ ਹਨ। ਉਤਪਾਦਨ ਵਿਚ ਇਹ ਗਿਰਾਵਟ ਸਿੰਚਾਈ ਦੇ ਪਾਣੀ ਦੀ ਗਿਰਾਵਟ ਕਰਕੇ ਹੈ ਅਤੇ ਇਹ ਅੱਗੇ ਵੀ ਇਸੇ ਤਰ੍ਹਾਂ ਡਿਗਦੀ ਜਾਵੇਗੀ ਜੇ ਇਸ ਘਾਟ ਨੂੰ ਪੂਰਾ ਨਾ ਕੀਤਾ ਗਿਆ। ਕਾਨੂੰਨੀ ਕਾਰਵਾਈ ਦੇ ਬਾਵਜੂਦ ਇਸ ਗੱਲ ਦਾ ਕੋਈ ਨੈਤਿਕ ਸਮਰਥਨ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੇ ਦਰਿਆਈ ਪਾਣੀ ਨੂੰ ਦੂਜੇ ਰਾਜਾਂ ਨੂੰ ਨਾਜਾਇਜ਼ ਵੰਡ ਕੇ ਪੰਜਾਬ ਨੂੰ ਇਸਦੇ ਅਧਿਕਾਰਾਂ ਤੋਂ ਮਹਿਰੂਮ ਕੀਤਾ ਜਾਵੇ, ਖਾਸ ਤੌਰ ਤੇ ਜਦੋਂ ਇਹ ਵੰਡ ਪੰਜਾਬ ਦੇ ਵੱਡੇ ਹਿਸੇ ਨੂੰ ਬੰਜਰ ਅਤੇ ਖੇਤੀ ਲਈ ਬੇਕਾਰ ਕਰ ਦੇਵੇਗੀ। ਹੋਰ ਜਦੋਂ ਪੰਜਾਬ ਦੇ ਲੋਕ ਮੁੱਖ ਤੌਰ ਤੇ ਖੇਤੀ ਤੇ ਨਿਰਭਰ ਹਨ। ਬਲਕਿ ਭਾਰਤ ਸਰਕਾਰ ਨੂੰ ਡੈਮ ਅਤੇ ਵੱਡੇ ਪਾਣੀ ਦੇ ਕੁੰਡ ਬਾਰੇ ਯੋਜਨਾ ਬਨਾਉਣ ਵਿੱਚ ਪੰਜਾਬ ਦੀ ਮਦਦ ਕਰਨੀ ਚਾਹੀਦੀ ਹੈ, ਇਸ ਉੱਤੇ ਅਮਲ ਲਈ ਪੈਸਾ ਦੇਣਾ ਚਾਹੀਦਾ ਹੈ ਅਤੇ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਪਾਣੀਆਂ ਦੀ ਇੱਕ ਬੂੰਦ ਵੀ ਬੇਕਾਰ ਨਾ ਜਾਵੇ ਅਤੇ ਇਸ ਦਾ ਉਪਯੋਗ ਪੂਰੀ ਤਰ੍ਹਾਂ ਪੰਜਾਬ ਲਈ ਹੋਵੇ।

## ਸਿੰਚਾਈ ਵਿਭਾਗ ਦੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਅੰਕੜੇ:

ਅਗਸਤ 5, 2004 ਦੀ ਟ੍ਰਿਬਿਊਨ ਵਿੱਚ ਪ੍ਰਕਾਸ਼ਿਤ ਸਿੰਚਾਈ ਵਿਭਾਗ ਦੇ ਦਿੱਤੇ ਅੰਕੜਿਆਂ ਮੁਤਾਬਕ ਸਿਰਫ 10,300 ਕਯੂਸੈਕ ਪਾਣੀ ਪੰਜ ਨਹਿਰਾਂ ਵਿੱਚ ਉਪਲੱਬਧ ਹੋਵੇਗਾ ਜੋ ਪੰਜਾਬ ਨੂੰ ਪਾਣੀ ਸਪਲਾਈ ਕਰੇਗਾ ਤੇ ਇੱਕ ਜੋ ਰਾਜਸਥਾਨ ਜਾਵੇਗਾ। ਇਹ ਤੋੜ ਹੈ; 2500 ਕਯੂਸੈਕ ਪਾਣੀ ਰਾਵੀ ਤੋਂ, ਜੋ ਡੈਮ ਰਾਹੀਂ ਹਰੀਕੇ ਪੁੱਜਦਾ ਹੈ, 4800 ਕਯੂਸੈਕ ਬਿਆਸ ਦਾ ਪਾਣੀ ਪੌਂਗ ਡੈਮ ਤੋਂ ਆਉਂਦਾ ਹੈ ਅਤੇ 3000 ਕਯੂਸੈਕ ਰੋਪੜ ਤੋਂ ਆਉਂਦਾ ਹੈ। ਇਸ ਵਿੱਚੋਂ, ਹਰੀਕੇ ਉਪਲਬਧ ਸਾਰਾ, 8300 ਕਯੂਸੈਕ ਪ੍ਰਾਥਮਿਕਤਾ ਤੇ ਰਾਜਸਥਾਨ ਨੂੰ ਛੱਡਿਆ ਜਾਣਾ ਹੈ।ਸਿਰਫ 2000 ਕਯੂਸੈਕ ਪੰਜ ਨਹਿਰਾਂ ਲਈ ਬਚਦਾ ਹੈ ਜੋ ਮਾਲਵਾ ਇਲਾਕੇ ਦੀ ਜਰੂਰਤਾਂ ਨੂੰ ਮੇਲਦੀ ਸੀ। ਬਾਕੀ ਨਹਿਰਾਂ ਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਹ ਬਹੁਤ ਹੀ ਔਖਾ ਹੋਵੇਗਾ ਕਿਉਂ ਜੋ ਸਰਹਿੰਦ ਫੀਡਰ ਇਕੱਲੇ ਦੀ ਹੀ ਯੋਗਤਾ 4762 ਕਯੂਸੈਕ ਹੈ।ਦੋਰਾਹਾ ਨੇੜੇ ਸਰਹਿੰਦ ਦੀ ਨਹਿਰ ਪ੍ਰਣਾਲੀ ਦੇ ਮਾਨਪੁਰ ਹੈਡ ਵਰਕਸ, ਜੋ ਕਿ ਰੋਪੜ ਤੋਂ ਪਾਣੀ ਪ੍ਰਾਪਤ ਕਰਦਾ ਹੈ, ਲਈ ਵੀ ਇਹ ਸਹੀ ਹੈ। 11,500 ਕਯੂਸੈਕ ਦੀ ਮੰਗ ਦੇ ਬਦਲੇ ਸਿਰਫ 7200 ਕਯੂਸੈਕ ਹੀ ਉਪਲੱਬਧ ਹ, ਜਿਸ ਕਰਕੇ ਇਸਦੀ ਪਟਿਆਲਾ ਸ਼ਾਖਾ ਬੰਦ ਕਰਨੀ ਪਈ ਸੀ। ਅਬੋਹਰ ਅਤੇ ਬਠਿੰਡਾ ਸ਼ਾਖਾਵਾਂ ਵੀ ਘੱਟ ਸ਼ਮਤਾ ਤੇ ਵੱਗ ਰਹੀਆਂ ਸਨ।



ਇਸ ਲਈ ਇਹ ਸਪੱਸ਼ਟ ਹੈ ਕਿ ਪੰਜਾਬ ਦੀ ਮੌਜੂਦਾ ਨਹਿਰ ਪ੍ਰਣਾਲੀ ਆਪਣੇ ਪਾਣੀ ਨੂੰ ਰਾਜਸਥਾਨ ਲਈ ਅੱਡ ਨਹੀਂ ਕਰ ਸਕਦੀ, ਜਿਸ ਕਾਰਨ ਪੰਜਾਬ ਦੀਆਂ ਨਹਿਰਾਂ ਨੂੰ ਬੰਦ ਕਰਨਾ ਪਿਆ ਤੇ ਇਜਨਾਂ ਨੂੰ ਬਨਾਉਣ ਲਈ ਵਰਤਿਆਂ ਜਮੀਨਾਂ ਖੇਤੀ ਤੋਂ ਹੀਣ ਹੋ ਗਈਆਂ। ਜਮੀਨਾਂ ਦੀ ਸਿੰਚਾਈ ਪੰਜਾਬ ਵਿੱਚ ਨਹਿਰਾਂ ਦਾ ਹੋਰ ਜਾਲ ਬਨਾਉਣ ਲਈ ਕੀ ਕਹਿਣਾ ਜਿਸ ਪਾਸ ਅਜੇ ਵੀ ਇਸ ਤਰ੍ਹਾਂ ਦੀ ਕੋਈ ਸੁਵਿਧਾ ਨਹੀਂ ਹੈ। ਰਾਜਸਥਾਨ ਨੂੰ ਜਾਂ ਹਰਿਆਣਾ ਨੂੰ ਜਾਂ ਕਿਸੇ ਹੋਰ ਰਾਜ ਨੂੰ ਦੇਣ ਲਈ ਪੰਜਾਬ ਵਿੱਚ ਇੱਕ ਬੂੰਦ ਵੀ ਫਾਲਤੂ ਪਾਣੀ ਨਹੀਂ ਹੈ ਅਤੇ ਇਹ ਪੰਜਾਬ ਦੀਆਂ ਜਮੀਨਾਂ ਲਈ ਵੀ ਸੰਤੋਖਜਨਕ ਨਹੀਂ ਹੈ। ਪੰਜਾਬ ਵਿਚ ਜ਼ਮੀਨੀ ਪਾਣੀ ਦੇ ਸ੍ਰੋਤ ਪਹਿਲਾਂ ਹੀ ਬਹੁਤ ਤੇਜੀ ਨਾਲ ਮੁੱਕਣ ਲਗ ਪਏ ਹਨ। ਵਿਸ਼ਵ ਬੈਂਕ ਨੇ ਪੰਜਾਬ ਨੂੰ ਕਰਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਜਿਸਦੇ ਮੁੱਖ ਕਾਰਣਾਂ ਵਿਚੋਂ ਸੀ, "ਕਿ ਸਿੰਚਾਈ ਦੇ ਡਿੱਗਦੇ ਢਾਂਚੇ ਵੱਲ ਧਿਆਨ ਦਿੱਤੇ ਜਾਣ ਦੀ ਲੋੜ ਹੈ ਜਮੀਨੀ ਸਿੰਚਾਈ ਪ੍ਰਣਾਲੀ, ਜਿਸਦੇ ਹੇਠ 1990-91 ਦੇ ਮੁਕਾਬਲੇ ਅੱਜ ਘੱਟ ਹੈਕਟੇਅਰ ਜਗ੍ਹਾ ਦੀ ਸਿੰਚਾਈ ਹੋਈ ਅਤੇ ਨਹਿਰੀ ਜਾਲ ਦੀ ਪ੍ਰਣਾਲੀ ਨੂੰ ਨਜ਼ਰ ਅੰਦਾਜ ਕੀਤਾ ਗਿਆ ਜਿਸ ਕਰਕੇ ਜ਼ਮੀਨੀ ਪਾਣੀ ਤੇ ਨਿਰਭਰਤਾ ਵੱਧੀ ਹੈ। ਜਿਸ ਕਾਰਣ ਪਿਛਲੇ ਇੱਕ ਦਿਹਾਕੇ ਵਿੱਚ ਜ਼ਮੀਨ ਹੇਠਲੇ ਪਾਣੀ ਨਾਲ ਸਿੰਝੀ ਗਈ ਜ਼ਮੀਨ ਦੇ ਖੇਤਰਫਲ ਵਿੱਚ 0.83 ਮਿਲੀਅਨ ਹੈਕਟੇਅਰ ਦਾ ਵਾਧਾ ਹੋਇਆ ਹੈ ਜਿਸ ਕਾਰਣ ਜਮੀਨ ਹੇਠਲੇ ਪਾਣੀ ਦਾ ਸ੍ਰੋਤ ਤੇਜੀ ਨਾਲ ਘੱਟਿਆ ਹੈ" ਅਤੇ ਪਾਣੀ ਦੇ ਪ੍ਰਬੰਧਨ ਅਤੇ ਖੋਜ ਵਿੱਚ ਵਾਧਾ ਕਰਕੇ ਖੇਤੀਬਾੜੀ ਨੂੰ ਮੁੜ ਸੁਰਜੀਤ ਕਰਣ

ਦੀ ਸਲਾਹ ਦਿੱਤੀ। ਇਹ ਕਿੰਝ ਹੋ ਸਕਦਾ ਹੈ ਜੇ ਪੰਜਾਬ ਦੀਆਂ ਨਦੀਆਂ ਦਾ ਸਾਰਾ ਪਾਣੀ ਪੰਜਾਬ ਦੀ ਜ਼ਮੀਨ ਨੂੰ ਮੁਹੱਇਆ ਨਾ ਕਰਇਆ ਜਾਵੇ।

## ਪੰਜਾਬ ਦੀ ਸਿੰਚਾਈ ਪ੍ਰਣਾਲੀ ਤੇ ਆਈ. ਸੀ. ਏ. ਆਰ ਦੀ ਰਿਪੋਰਟ:

ਪੰਜਾਬ ਦੀਆਂ ਜ਼ਮੀਨਾਂ ਕਦੇ ਵੀ ਨਦੀਆਂ ਦੇ ਪਾਣੀਆਂ ਤੋਂ ਬਿਨਾਂ ਸਿੰਝੀਆਂ ਨਹੀਂ ਜਾ ਸਕਦੀਆਂ। 2 ਅਗਸਤ, 2004 ਦੇ ਟ੍ਰਿਬਿਊਨ ਵਿਚ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਦੀ ਹਾਲੀਆ ਛਪੀ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਪੰਜਾਬ ਵਿਚਲਾ ਜ਼ਮੀਨੀ ਪਾਣੀ ਮਾੜੇ ਪੱਧਰ ਦਾ ਹੈ ਅਤੇ ਇਹ ਨਹਿਰੀ ਪਾਣੀ ਜਾਂ ਜ਼ਮੀਨੀ ਪਾਣੀ ਦੇ ਸਰੋਤਿਆਂ ਦੇ ਨਾਲ ਹੀ ਵਰਤਿਆ ਜਾ ਸਕਦਾ ਹੈ ਨਹੀਂ ਤਾਂ ਇਸਦਾ ਮਾੜਾ ਅਸਰ ਪੈ ਸਕਦਾ ਹੈ।ਖੇਤਾਂ ਦੀ ਸਿੰਚਾਈ ਲਈ ਪਾਣੀ ਦਾ ਪੱਧਰ ਜਿਪਸਮ ਦੀ ਵਰਤੋਂ ਕਰਕੇ ਸੁਧਾਰਿਆ ਜਾ ਸਕਦਾ ਹੈ ਜਾਂ ਜਿਪਸਮ ਨੂੰ ਖੇਤਾਂ ਦੀ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ ਤਾਂ ਜੋ ਇਸਦੇ ਮਾੜੇ ਪ੍ਰਭਾਵਾਂ ਨੂੰ ਘੱਟ ਕੀਤਾ ਜਾ ਸਕੇ। ਮਿੱਟੀ ਵਿੱਚਲੀ ਸੀਮਿਤ ਨਮੀ ਨੂੰ ਸਾਂਭਣ ਅਤੇ ਮਿੱਟੀ ਦੀ ਸਤਹਿ ਤੋਂ ਨਮੀ ਨੂੰ ਓਡਣ ਤੋਂ ਬਚਾਓਣ ਲਈ ਪੁੰਗਰਦੀ ਅਤੇ ਵੱਧਦੀ ਹੋਈ ਫਸਲ ਨੂੰ ਨਰੋਆ ਕਰਨਾ ਜ਼ਰੂਰੀ ਹੈ। ਇਸ ਲਈ ਪੰਜਾਬ ਦੀਆਂ ਨਦੀਆਂ ਦਾ ਪਾਣੀ ਪੰਜਾਬ ਦੀ ਧਰਤੀ ਦੀ ਸਿੰਚਾਈ ਲਈ ਜ਼ਰੂਰੀ ਹੈ। ਇਸ ਲਈ ਪੰਜਾਬ ਦੀਆਂ ਨਦੀਆਂ ਦੇ ਵਿਚ ਲੋੜੀਂਦੀ ਨਮੀ ਬਣਾਈ ਰੱਖਣ ਤੋਂ ਇਲਾਵਾ ਪੰਜਾਬ ਦੀ ਸਿੰਚਾਈ ਲਈ ਜ਼ਮੀਨੀ ਪਾਣੀ ਦੇ ਨਾਲ ਨਹਿਰੀ ਪਾਣੀ ਦੇ ਇਸਤੇਮਾਲ ਅਤੇ ਸੋਡਿਕ ਪਾਣੀ ਦੀ ਗੁਣਵੱਤਾ ਦੇ ਸੁਧਾਰ ਲਈ ਜ਼ਰੂਰੀ ਹੈ। ਇਸ ਵੇਲੇ ਪੰਜਾਬ ਦੀ ਸਿਰਫ 25% ਜ਼ਮੀਨ ਹੀ ਨਹਿਰੀ ਪਾਣੀ ਦੇ ਨਾਲ ਸਿੰਝੀ ਜਾਂਦੀ ਹੈ ਜਦੋਂ ਕਿ 75% ਟਿਊਬਵੈਲਾਂ ਰਾਹੀਂ ਹੁੰਦੀ ਹੈ ਜੋ ਕਿ ਹੋਰ ਨਹੀਂ ਵਰਤੇ ਜਾ ਸਕਦੇ ਕਿਓਂਕਿ ਧਰਤੀ ਹੇਠਲੇ ਪਾਣੀ ਦਾ ਪਧੱਰ ਬਹੁਤ ਜ਼ਿਆਦਾ ਨੀਵਾਂ ਚਲਾ ਗਿਆ ਹੈ। ਭਾਰਤ ਸਰਕਾਰ ਨੂੰ ਫੌਰੀ ਤੌਰ ਤੇ ਬਾਰਿਸ਼ ਦੇ ਪਾਣੀ ਦੇ ਸੰਗ੍ਰਹਿ ਲਈ ਅਤੇ ਇਸਦੇ ਸਿੰਚਾਈ ਲਈ ਇਸਤੇਮਾਲ ਲਈ ਫੰਡ ਰੱਖਣੇ ਚਾਹੀਦੇ ਹਨ ਅਤੇ ਪੰਜਾਬ ਦੀਆਂ ਜ਼ਮੀਨਾਂ ਦੀ ਸਿੰਚਾਈ ਲਈ ਹੋਰ ਨਹਿਰਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ, ਜਿਸ ਲਈ ਹਾਲੇ ਤਕ ਕੋਈ ਇੰਤਜ਼ਾਮ ਨਹੀਂ ਕੀਤੇ ਗਏ ਹਨ, ਬਜਾਏ ਪੰਜਾਬ ਦੀਆਂ ਨਦੀਆਂ ਦੇ ਪਾਣੀਆਂ ਨੂੰ ਗੈਰਕਾਨੂੰਨੀ ਢੰਗ ਨਾਲ ਹੋਰਨਾਂ ਰਾਜਾਂ ਨੂੰ ਵੰਡਣ ਦੇ ਜਿਨ੍ਹਾਂ ਦਾ ਇਸ ਓਪਰ ਕੋਈ ਹੱਕ ਨਹੀਂ ਹੈ।



ਪੰਜਾਬ ਬਹੁਤ ਜ਼ਿਆਦਾ ਕਰਾਂ ਵਾਲਾ ਰਾਜ ਹੈ। ਇੱਸਦਾ ਰਾਸ਼ਟਰੀ ਖ਼ੁਰਾਕ ਟੋਕਰੀ ਵਿੱਚ ਸਭ ਤੋਂ ਵੱਧ ਯੋਗਦਾਨ ਹੈ ਜਿਸ ਨਾਲ ਦੇਸ਼ ਨੂੰ ਅਰਬਾਂ ਰੁਪੱਇਆਂ ਦਾ ਫਾਇਦਾ ਹੁੰਦਾ ਹੈ।ਕੇਂਦਰੀ ਸਰਕਾਰ ਦਾ ਪੰਜਾਬ ਵਿੱਚ ਪੂੰਜੀ ਨਿਵੇਸ਼ ਨਾਂਹ ਦੇ ਬਰਾਬਰ ਹੈ। ਇਹ ਸਮਾਂ ਹੈ ਕਿ ਭਾਰਤ ਸਰਕਾਰ ਇਸਦੀ ਸਾਰੀਆਂ ਨਦੀਆਂ ਦੇ ਪਾਣੀ ਦੀ ਸਹੀ ਵਰਤੋਂ ਵਿੱਚ ਮਦੱਦ ਕਰੇ ਤਾਂ ਜੌ ਬਿਆਸ, ਰਾਵੀ ਅਤੇ ਸਤਲੁਜ ਉੱਪਰ ਸਹੀ ਥਾਵਾਂ ਤੇ ਡੈਮ ਅਤੇ ਪਾਣੀ ਦੇ ਸੰਗ੍ਰਹਿ ਲਈ ਉਸਾਰੀਆਂ ਕੀਤੀਆਂ ਜਾ ਸਕਣ ਅਤੇ ਪੰਜਾਬ ਦੀ ਜ਼ਮੀਨ ਲਈ ਨਹਿਰਾਂ ਦਾ ਜਾਲ ਵਿਛਾਇਆ ਜਾਣਾ ਚਾਹੀਦਾ ਹੈ। ਜੇ ਪੰਜਾਬ ਕੋਲ ਉਸਦੀ ਲੋੜਾਂ ਪੂਰੀਆਂ ਕਰਣ ਤੋਂ ਬਾਅਦ ਵਾਧੂ ਪਾਣੀ ਬੱਚਦਾ ਹੁੰਦਾ ਤਾਂ ਪੰਜਾਬ ਅਤੇ ਇਸਦੇ ਲੋਕਾਂ ਨੂੰ ਇਹ ਵਾਧੂ ਪਾਣੀ ਲੋੜੀਂਦੇ ਰਾਜਾਂ ਨੂੰ ਦਇਆ ਦੇ ਆਧਾਰ ਤੇ, ਜਿਸ ਲਈ ਉਹ ਜਾਣੇ ਜਾਂਦੇ ਹਨ, ਦੇਣ ਵਿਚ ਕੋਈ ਸੰਕੋਚ ਨਹੀਂ ਹੋਣਾ ਸੀ ਪਰ ਉਨ੍ਹਾਂ ਤੋਂ ਇਹ ਆਸ ਨਹੀਂ ਲਾਈ ਜਾਣੀ ਚਾਹੀਦੀ ਹੈ ਕਿ ਉਹ ਆਪਣੀ ਜ਼ਮੀਨ ਨੂੰ ਰੇਤੀਲਾ ਬਣਾਉਣ ਅਤੇ ਖੇਤੀਬਾੜੀ ਯੋਗ ਨਾ ਰਹਿਣ ਦੇਣ ਦੀ ਕੀਮਤ ਤੇ ਇਹ ਪਾਣੀ ਉਨ੍ਹਾਂ ਨੂੰ ਦੇਣ ਜੋ ਕਿ, ਭਾਰਤ ਸਰਕਾਰ ਵਲੋਂ ਗੈਰ ਵਾਜਬ, ਗੈਰ ਕਾਨੂੰਨੀ ਅਤੇ ਅਣ ਅਧਿਕਾਰਤ ਤਰੀਕੇ ਨਾਲ ਵੰਡਿਆ ਗਿਆ ਹੈ, ਯਕੀਨੀ ਤੌਰ ਤੇ ਇਸਦੀ ਆਰਥਕਤਾ ਨੂੰ ਤਬਾਹ ਕਰ ਦੇਵੇਗਾ, ਜੋ ਕਿ ਕਦੇ ਭਾਰਤੀ ਗਣਰਾਜ ਵਿੱਚ ਸੱਭ ਤੋਂ ਸਿਖ਼ਰ ‘ਤੇ ਸੀ ।

## “ਪੰਜਾਬ ਦੇ ਜਮੀਨੀ ਹੇਠਲੇ ਪਾਣੀ ਦੇ ਪਹਿਲਾਂ ਤੋਂ ਹੋ ਰਹੇ ਸ਼ੋਸ਼ਣ ਨੂੰ ਫੌਰੀ ਤੌਰ ਤੇ ਰੋਕਣ ਦੀ ਲੋੜ ਹੈ”

ਪੰਜਾਬ ਦੀ ਜਮੀਨਾਂ ਦੀ ਸਿੰਚਾਈ ਲਈ ਉੱਥੇ ਸੈਂਕੜਾਂ ਹਜ਼ਾਰਾਂ ਟਿਊਬਵੈੱਲ ਹਨ ਕਿਉਂਕਿ ਰਾਜ ਵਿਚ ਨਹਿਰੀ ਪਾਣੀ ਸਿੰਚਾਈ ਲਈ ਰੱਜਵਾਂ ਨਹੀਂ ਹੈ। ਇਹ ਟਿਊਬਵੈੱਲ ਬਿਜਲੀ ਜਾਂ ਡੀਜ਼ਲ ਇੰਜਨਾਂ ਨਾਲ ਚਲਦੇ ਹਨ ਜਿੱਥੇ ਜ਼ਿਆਦਾਤਰ ਟਿਊਬਵੈੱਲਾਂ ਲਈ ਬਿਜਲੀ ਦਾ ਕਨੈਕਸ਼ਨ ਅਤੇ ਸਪਲਾਈ ਨਹੀਂ ਹੈ। ਡੀਜ਼ਲ ਨਾਲ ਟਿਊਬਵੈੱਲ ਨੂੰ ਚਲਾਉਣਾ ਬਹੁਤ ਔਖਾ ਪੈਂਦਾ ਹੈ ਅਤੇ ਕਈ ਵਾਰ ਡੀਜ਼ਲ ਦੀ ਘਾਟ ਹੁੰਦੀ ਹੈ। ਬਿਜਲੀ ਨਾਲ ਚੱਲਣ ਵਾਲੇ ਟਿਊਬਵੈੱਲਾਂ ਲਈ ਵੀ ਤਸੱਲੀਬਖਸ਼ ਬਿਜਲੀ ਨਹੀਂ ਹੈ ਅਤੇ ਦਿਨ ਤੇ ਰਾਤ ਵਿਚ ਬਿਜਲੀ ਬਹੁਤ ਘੱਟ ਘੰਟਿਆਂ ਲਈ ਮਿਲਦੀ ਹੈ। ਇਸ ਤਰ੍ਹਾਂ ਟਿਊਬਵੈੱਲਾਂ ਰਾਹੀਂ ਪੰਜਾਬ ਦੀ ਜਮੀਨਾਂ ਦੀ ਸਿੰਚਾਈ ਸੰਤੋਖ ਤੋਂ ਪਰੇ ਹੈ। ਅੱਜੇ ਵੀ ਪੰਜਾਬ ਵਿਚ ਪਾਣੀ ਦੀ ਮਾਤਰਾ ਹਰ ਸਾਲ ਕਈ ਮੀਟਰ ਘੱਟਦੀ ਜਾ ਰਹੀ ਹੈ। ਇਹ ਕਈ ਥਾਵਾਂ ਤੇ ਇਨਾਂ ਹੇਠ ਚਲਾ ਗਿਆ ਹੈ ਕਿ ਪਾਣੀ ਕੱਢਣ ਲਈ ਵਾਧੂ ਕੀਮਤਾਂ ਦੇ ਕੇ ਟਿਊਬਵੈੱਲਾਂ ਦੀ ਦੁਬਾਰਾ ਖੁਦਾਈ ਕੀਤੀ ਜਾਵੇ ਜੋ ਇਸਨੂੰ ਲਗਭਗ ਅਸੰਭਵ ਬਣਾ ਦੇਵੇਗਾ। ਖੇਤੀਬਾੜੀ ਦੇ ਮਾਹਿਰਾਂ ਦੇ ਮੁਤਾਬਿਕ ਜੇ ਪਾਣੀ ਅੱਗੇ ਵੀ ਇਸੇ ਤੇਜੀ ਨਾਲ ਹੇਠ ਜਾਂਦਾ ਰਿਹਾ ਤਾਂ ਖਾਰਾ ਹੋਣ ਕਰਕੇ ਤੇ ਹੋਰ ਕੈਮਿਕਲਾਂ ਦੇ ਕਰਕੇ ਇਹ ਖੇਤੀ ਦੇ ਯੋਗ ਨਹੀਂ ਰਹੇਗਾ। ਇਸ ਤਰ੍ਹਾਂ ਪੰਜਾਬ ਦੀ ਜਮੀਨਾਂ ਦੇ ਵੱਡੇ ਹਿੱਸੇ ਦੀ ਟਿਊਬਵੈੱਲ ਰਾਹੀਂ ਸਿੰਚਾਈ ਬੰਦ ਹੋ ਜਾਵੇਗੀ। ਸਿੰਚਾਈ ਦਾ ਇੱਕੋ-ਇੱਕ ਸ੍ਰੋਤ ਪੰਜਾਬ ਦੀ ਨਹਿਰਾਂ ਦਾ ਪਾਣੀ ਹੋਵੇਗਾ।

ਗੈਰਕਾਨੂੰਨੀ ਤੌਰ ਤੇ ਬਿਨਾਂ ਕਿਸੇ ਜਾਇਜ਼ ਦਾਵੇ ਦੇ ਦੂੱਜੇ ਰਾਜਾਂ ਨੂੰ ਵੰਡੇ ਪਾਣੀ ਕਰਕੇ ਪੰਜਾਬ ਨੂੰ ਪਹਿਲਾਂ ਹੀ ਬਹੁਤ ਪਰੇਸ਼ਾਨੀ ਦਾ ਸਾਮਨਾ ਕਰਨਾ ਪਿਆ ਹੈ। ਪੰਜਾਬ ਨੇ ਟ੍ਰੈਕਟਰ, ਖਾਦ ਅਤੇ ਕੀਟਨਾਸ਼ਕ, ਉਨ੍ਹਾਂ ਦੀ ਵਧਦੀ ਕੀਮਤਾਂ ਦੇ ਚਲਦੇ, ਸੱਭ ਤੋਂ ਵੱਡਾ ਸਿੰਚਾਈ ਖੇਤਰ ਹੁੰਦਿਆਂ ਖੇਤੀ ਵਿਚ ਸੱਭ ਤੋਂ ਵੱਧ ਨਿਵੇਸ਼ ਕੀਤਾ ਹੈ ਅਤੇ ਸੱਭ ਤੋਂ ਵੱਧ ਫਸਲ ਦੀ ਪੈਦਾਵਾਰ ਕਰਦਾ ਹੈ। ਇਹ ਜਮੀਨ ਅਤੇ ਪਾਣੀ ਦੇ ਸ੍ਰੋਤਾਂ ਤੇ ਅਸਰ ਪਾਉਂਦਾ ਹੈ। ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਅਥਾਹ ਸ਼ੋਸ਼ਨ ਦੂਨਿਆ ਵਿਚ ਸੱਭ ਤੋਂ ਵੱਧ ਹੈ। ਹਾਲ ਵਿਚ ਹੀ ਪੈਦਾਵਾਰ ਚ ਕਮੀ, ਮਿੱਟੀ ਦੀ ਵਿਗੜਦੀ ਹਾਲਤ, ਟਿਊਬਵੈੱਲ ਰਾਹੀਂ ਪਾਣੀ ਦੀ ਬੇਹਦ ਬਰਬਾਦੀ ਕਰਕੇ ਪਾਣੀ ਦੀ ਘੱਟਦੀ ਮਾਤਰਾ, ਖੇਤੀ ਤੋਂ ਬਾਅਦ ਦੀ ਤਕਨੀਕ ਭਰਪੂਰ ਮਾਤਰਾ ਚ ਨਾ ਹੋਣਾ, ਮਾਰਕੀਟਿੰਗ ਢਾਂਚਾ ਅਤੇ ਪ੍ਰੋਸੈਸਿੰਗ ਇੰਡਸਟਰੀ ਤੋਂ ਇਲਾਵਾ ਖਾਦ ਅਤੇ ਕੀਟਨਾਸ਼ਕਾਂ ਦੀ ਬੇਹਦ ਵਰਤੋਂ ਜਿਸ ਨਾਲ ਨਾਈਟਰੇਟ ਕਨਸੈਂਟਰੇਸ਼ਨ ਵੱਧਦਾ ਹੈ ਅਤੇ ਮਿੱਟੀ ਵਿਚ ਕੀਟਨਾਸ਼ਕਾਂ ਦੇ ਅੰਸ਼ਾਂ ਦੀਆਂ ਮਾਤਰਾ ਸਹਿਣ ਸ਼ਕਤੀ ਤੋਂ ਬਾਹਰ ਹੋ ਜਾਂਦੀ ਹੈ, ਕਾਰਣ ਵਿਸ਼ਵ ਬੈਂਕ ਨੇ ਪੰਜਾਬ ਰਾਜ ਨੂੰ ਉਧਾਰ ਦੇਣ ਤੋਂ ਨਾਂਹ ਕਰ ਦਿੱਤੀ। ਇਸਦਾ ਵੱਡਾ ਕਾਰਣ ਨਹਿਰੀ ਪਾਣੀ ਦੇ ਨਾਲ ਸਿੰਚਾਈ ਦੀ ਸੁਵਿਧਾ ਦੀ ਕਮੀ ਹੈ। ਇਸ ਕਰਕੇ ਪੰਜਾਬ ਕਦੇ ਵੀ ਦੂੱਜੇ ਰਾਜਾਂ ਨੂੰ ਇੱਕ ਇੰਚ ਵੀ ਪਾਣੀ ਦੇਣਾ ਬਰਦਾਸ਼ਤ ਨਹੀਂ ਕਰ ਸਕਦਾ।

**8**

ਪੰਜਾਬ 1960 ਵਿਚ ਹਰਿਤ ਕ੍ਰਾਂਤਿ ਲਿਆਉਣ ਅਤੇ ਸਮੁੱਚੇ ਭਾਰਤ ਨੂੰ ਕਣਕ ਅਤੇ ਝੋਨੇ ਦੇ ਯੋਗਦਾਨ ਲਈ ਚੰਗੇ ਤੌਰ ਤੇ ਜਾਣਿਆ ਜਾਂਦਾ ਹੈ। ਗੈਰ ਕਾਨੂੰਨੀ ਤੌਰ ਤੇ ਦੂੱਜੇ ਰਾਜਾਂ ਨਾਲ ਇਸਦੇ ਪਾਣੀ ਦੀ ਵੰਡ ਕਰਕੇ ਹੋਈ ਨਹਿਰੀ ਪਾਣੀ ਦੀ ਘਾਟ ਅਤੇ ਉੱਪਰ ਦੱਸਿਆਂ ਹੋਰ ਅਹਿਮ ਮੁਸ਼ਕਲਾਂ ਕਾਰਣ 1990 ਦੇ ਮੁਕਾਬਲੇ ਪੈਦਾਵਾਰ ਅਤੇ ਅਰਥ ਵਿੱਵਸਥਾ ਵਿੱਚ ਕਮੀ ਆਈ ਹੈ ਅਤੇ ਇਸਦਾ ਕੇਂਦਰੀ ਖੁਰਾਕ ਪੂਲ ਵਿੱਚ ਕਣਕ ਅਤੇ ਝੋਨੇ ਦਾ ਯੋਗਦਾਨ ਘੱਟ ਕੇ 45 ਪ੍ਰਤਿਸ਼ਤ ਰਹਿ ਗਿਆ ਹੈ। ਪੰਜਾਬ ਸਰਕਾਰ ਨੇ ਜੁਲਾਈ 2004 ਵਿੱਚ 12ਵੀਂ ਵਿੱਤੀ ਕਮੀਸ਼ਨ ਨੂੰ ਰਿਪੋਰਟ ਬਣਾ ਕੇ ਦਿੱਤੀ ਕਿ ਰੋਜ਼ਾਨਾ 14 ਕਰੋੜ ਤੋਂ 25 ਕਰੋੜ ਰੁਪਏ ਟਿਊਬਵੈੱਲ ਚਲਾਉਣ ਲਈ ਬਿਜਲੀ ਖਰੀਦਣ ਵਿੱਚ ਖਰਚ ਹੁੰਦੇ ਹਨ ਤੇ ਉਹ ਵੀ ਬਿਜਲੀ ਬਹੁਤ ਥੋੜੇ ਸਮੇਂ ਲਈ ਮਿਲਦੀ ਹੈ ਕਿਉਂ ਜੋ ਝੋਨੇ ਦੀ ਫਸਲ ਲਈ ਮਾਨਸੂਨ ਅਸਫਲ ਰਿਹਾ ਹੈ ਅਤੇ ਰਾਜ ਦੇ ਕਈ ਇਲਾਕਿਆਂ ਵਿੱਚ ਸੁੱਖੇ ਦੇ ਹਾਲਾਤ ਪੈਦਾ ਹੋ ਗਏ ਹਨ। ਅਜੇ ਵੀ ਪੰਜਾਬ ਦੇ ਨਹਿਰੀ ਪਾਣੀ ਦੀ ਦੂੱਜੇ ਰਾਜਾਂ ਨਾਲ ਵੰਡ ਨੂੰ ਸਹੀ ਕਹਿਣਾ ਨਿਆਂ, ਇਨਸਾਫ ਤੇ ਇਮਾਨਦਾਰੀ ਦੀਆਂ ਸਾਰੀਆਂ ਸੀਮਾਵਾਂ ਨੂੰ ਲੰਘਣਾ ਹੈ ਜੋ ਪੰਜਾਬ ਰਾਜ ਦੀ ਅਰਥ ਵਿੱਵਸਥਾ ਅਤੇ ਇਸਦੇ ਲੋਕਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗਾ। ਪੰਜਾਬ ਨੇ ਅਜੇ ਵੀ ਰਬੀ ਦੀ ਫਸਲ ਦੀ ਬਜਾਏ ਅਨਾਜ ਵਾਲੀ ਫਸਲ ਨੂੰ ਚਾਲੂ ਰੱਖ ਕੇ ਦੇਸ਼ ਦੇ ਖਾਣੇ ਦੀ ਜ਼ਰੂਰਤ ਨੂੰ ਦਿਮਾਗ ਵਿਚ ਰੱਖਿਆ ਹੈ ਭਾਵੇਂ ਇਸਦਾ ਖੇਤੀ ਦਾ ਵਾਤਾਵਰਣ ਅਤੇ ਇਸਦੀ ਅਰਥ ਵਿੱਵਸਥਾ ਬੁਰੇ ਤੋਂ ਮਾੜੇ ਹੁੰਦੇ ਜਾ ਰਹੇ ਹਨ, ਜਿਸ ਨਾਲ ਕੇਂਦਰ ਨੂੰ ਅੱਠ ਮਿਲੀਅਨ ਟਨ ਅਨਾਜ ਦੀ ਖਰੀਦ, ਸਾਂਭ ਸੰਭਾਲ, ਢੁਆਈ ਅਤੇ ਭੰਡਾਰ ਕੀਤੇ ਬਿਨ੍ਹਾਂ ਜਰ ਸਾਲ 5000 ਕਰੋੜ ਰੁਪਏ ਤੋਂ ਵੱਧ ਦਾ ਫਾਇਦਾ ਹੁੰਦਾ ਹੈ। ਖੇਤੀ ਦੇ ਮਾਹਿਰ ਮੰਨਦੇ ਹਨ ਕਿ ਪੰਜਾਬ ਦੀਆਂ ਨਦੀਆਂ ਦਾ ਪਾਣੀ ਰਾਜਸਥਾਨ ਨੂੰ ਦੇਣਾ ਜੋ ਕਿ ਇੱਕ ਰੇਤੀਲੀ ਜਮੀਨ ਹੈ ਅਤੇ ਇਸ ਦਾ ਅਨਾਜ ਦੇ ਉਤਪਾਦਨ ਲਈ ਕੋਈ ਵਿਸ਼ੇਸ਼

ਮਹੱਤਵ ਨਹੀਂ ਹੈ ਬਲਕਿ ਲੰਬੇ ਸਮੇਂ ਤੱਕ ਨਹਿਰੀ ਪਾਣੀ ਦੀ ਲਗਾਤਾਰ ਵਰਤੋਂ ਨਾਲ ਇਸਦੀ ਜਮੀਨ ਖਾਰੀ ਹੋ ਜਾਵੇਗੀ ਤੇ ਖੇਤੀ ਯੋਗ ਨਹੀਂ ਰਹੇਗੀ। ਘਟੀਆ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਇਸ ਤਰ੍ਹਾਂ ਪਾਣੀ ਦੀ ਬਰਬਾਦੀ ਕੀ ਕਦੇ ਵੀ ਰਾਸ਼ਟਰ ਹਿੱਤ ਵਿਚ ਹੋ ਸਕਦੀ ਹੈ।ਟਿਊਬਵੈੱਲਾਂ ਰਾਹੀਂ ਜਮੀਨ ਹੇਠਲੇ ਪਾਣੀ ਦਾ ਅਸੀਮ ਸ਼ੋਸ਼ਣ, ਪੰਜਾਬ ਦੇ ਨਹਿਰੀ ਪਾਣੀ ਦੀ ਦੂੱਜੇ ਰਾਜਾਂ ਨੂੰ ਵੰਡ ਕਰਕੇ ਪੰਜਾਬ ਦੀ ਜਮੀਨ ਦੇ ਵੱਡੇ ਹਿੱਸੇ ਵਿਚ ਨਹਿਰੀ ਪਾਣੀ ਦੀ ਗੈਰ ਮੌਜੂਦਗੀ, ਪਾਣੀ ਰਾਹੀਂ ਬਿਜਲੀ ਪੈਦਾ ਕਰਦੇ ਤਿੰਨ ਪ੍ਰੋਜੈਕਟਾਂ ਦੇ ਕੁੰਡਾਂ ਵਿੱਚ ਪਾਣੀ ਦੀ ਮਾਤਰਾ ਘੱਟਣ ਕਰਕੇ ਦੂਜਿਆਂ ਤੋਂ ਬਿਜਲੀ ਵੱਧ ਕੀਮਤਾਂ ਤੇ ਖਰੀਦਣਾ ਜਿਸ ਕਰਕੇ ਪੰਜਾਬ ਵਿਚ ਬਿਜਲੀ ਦੀ ਪੈਦਾਵਾਰ ਬਹੁਤ ਪ੍ਰਭਾਵਿਤ ਹੋਈ ਹੈ, ਨੇ ਪੰਜਾਬ ਦੀ ਅਰਥ ਵਿੱਵਸਥਾ ਨੂੰ ਤਬਾਹ ਕਰ ਦਿੱਤਾ ਹੈ।ਉੱਥੇ ਨਿਆਂਪੂਰਵਕ ਜਾਂ ਕਾਨੂੰਨੀ ਤੌਰ ਤੇ ਕੋਈ ਵੀ ਸਫਾਈ ਨਹੀਂ ਦਿੱਤੀ ਜਾ ਸਕਦੀ ਕਿ ਪੰਜਾਬ ਦੇ ਨਹਿਰੀ ਪਾਣੀ ਦੀ ਵੰਡ ਕੀਤੀ ਜਾਵੇ ਤੇ ਪੰਜਾਬ ਦੇ ਇੱਕੋ ਇੱਕ ਰੱਬੀ ਸ੍ਰੋਤ ਨਹਿਰੀ ਪਾਣੀ ਤੇ ਨਾਜਾਇਜ਼ ਅਧਿਕਾਰ ਜਮਾਇਆ ਜਾਵੇ।ਪੰਜਾਬ ਦੀਆਂ ਨਦੀਆਂ ਦਾ ਪਾਣੀ ਸਿਰਫ ਪੰਜਾਬ ਦਾ ਹੈ ਅਤੇ ਬਿਨਾਂ ਭਾਰਤ ਸਰਕਾਰ ਦੇ ਦਖ਼ਲ ਦੇ ਪੰਜਾਬ ਦਾ ਹੀ ਰਹਿਣਾ ਚਾਹੀਦਾ ਹੈ।ਇਸਤੋਂ ਇਲਾਵਾ ਰਾਸ਼ਟਰ ਹਿੱਤ ਵਿਚ ਕੇਂਦਰ ਸਰਕਾਰ ਵਲੋਂ ਪੰਜਾਬ ਨੂੰ ਹਰ ਪਾਸੇ ਤੋਂ ਸਹੀ ਵਿੱਤ ਮਦਦ ਦੇਣੀ ਚਾਹੀਦੀ ਹੈ।

### (iii) ਹੋਰ ਰਾਜਾਂ ਨੂੰ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਵੰਡ ਅਸੰਵਿਧਾਨਕ, ਗੈਰ ਕਾਨੂੰਨੀ ਅਤੇ ਨਾਜਾਇਜ਼

ਪੰਜਾਬ ਸਰਕਾਰ ਨੇ ਬਿਨਾਂ ਕਿਸੇ ਅਮਲਦਾਰੀ ਅਤੇ ਉਚਿੱਤਤਾ ਦੇ ਪੰਜਾਬ ਦੀਆਂ ਨਦੀਆਂ ਦਾ ਪਾਣੀ ਰਾਜਸਥਾਨ, ਹਰਿਆਣਾ, ਜੰਮੂ-ਕਸ਼ਮੀਰ, ਦਿੱਲੀ ਨੂੰ ਦੇ ਦਿੱਤਾ ਜੱਦ ਕਿ ਇਨ੍ਹਾਂ ਵਿੱਚੋਂ ਕੋਈ ਵੀ ਰਿਪਾਰਿਅਨ ਰਾਜ ਨਹੀਂ ਹੈ ਕਿਉਂ ਜੋ ਪੰਜਾਬ ਦੀ ਕੋਈ ਵੀ ਨਦੀ ਇਨ੍ਹਾਂ ਰਾਜਾਂ ਵਿਚੋਂ ਹੋ ਕੇ ਨਹੀਂ ਵੱਗਦੀ।ਇਹ ਇਸ ਤਰ੍ਹਾਂ ਭਾਰਾ ਦੇ ਸੰਵਿਧਾਨ ਦੇ ਖੁੱਲੇ ਉਲੰਘਣ ਵਿਚ ਕੀਤਾ ਗਿਆ ਸੀ ਜੋ ਅੰਤਰਰਾਜੀ ਨਾ ਹੋਣ ਕਰਕੇ ਪੰਜਾਬ ਦੀਆਂ ਨਦੀਆਂ ਵਿਚ ਦਖ਼ਲ ਦੇਣ ਅਤੇ ਇਸ ਉੱਤੇ ਅਧਿਕਾਰ ਜਮਾਉਣ ਨੂੰ ਮਨਾ ਕਰਦਾ ਹੈ।ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਵੰਡ ਲਈ ਗੈਰ ਕਾਨੂੰਨੀ ਸਮਝੋਤੇ ਕੀਤੇ ਗਏ ਸਨ ਜੋ ਕਾਨੂੰਨ ਦੀਆਂ ਨਜ਼ਰਾਂ ਵਿੱਚ ਸਮਝੌਤੇ ਵੀ ਨਹੀਂ ਆਖੇ ਜਾ ਸਕਦੇ।



ਦਿੱਲੀ ਵਿਖੇ ਸਿੰਚਾਈ ਵਿਭਾਗ ਦੇ ਦਫਤਰ ਵਿਚ 1955 ਵਿਚ ਰਾਜ ਦੇ ਉਪ ਸਕੱਤਰਾਂ ਦੀ ਆਮ ਬੈਠਕ ਹੋਈ ਸੀ। ਬੈਠਕ ਦੀ ਕਾਰਵਾਈ ਵਿਚ ਇਹ ਕਿਹਾ ਗਿਆ ਸੀ ਕਿ ਪੰਜਾਬ ਅਪਿਣੀ ਨਦੀਆਂ ਦੇ ਪਾਣੀ ਤੋਂ ਆਪਣੀ ਜ਼ਰੂਰਤਾਂ ਪਹਿਲਾਂ ਪੂਰੀ ਕਰਦਿਆਂ ਵਾਧੂ ਪਾਣੀ ਚੋਂ ਪਾਣੀ ਦੇ ਸਕਦਾ ਹੈ ਜਿਸ ਬਾਰੇ ਕਦੇ ਵੀ ਦੁਬਾਰਾ ਵਿਚਾਰ ਕੀਤਾ ਜਾ ਸਕਦਾ ਹੈ। ਇਹ ਕਾਰਵਾਈ ਗੁਪਤ ਰੱਖੀ ਗਈ ਸੀ। ਇਸਨੂੰ ਪੰਜਾਬ ਅਤੇ ਰਾਜਸਥਾਨ ਵਿੱਚ ਹੋਏ ਸਮਝੌਤੇ ਦਾ ਅਹੁੱਦਾ ਦਿੱਤਾ ਗਿਆ ਸੀ, ਜੱਦ ਕਿ ਇਸ ਵਿਚ ਸਮਝੌਤੇ ਸੰਬੰਧੀ ਕੋਈ ਸਮਗਰੀ ਨਹੀਂ ਸੀ।ਕੋਈ ਨਿਯਮ ਅਤੇ ਸ਼ਰਤਾਂ ਨਹੀਂ ਰੱਖੀਆਂ ਗਈਆਂ ਸਨ ਤੇ ਨਾ ਹੀ ਨਦੀਆਂ ਦੇ ਪਾਣੀ ਦੀ ਕੀਮਤ ਤੋਂ ਆਮਦਨ ਬਾਰੇ ਕੋਈ ਵਿਚਾਰ ਕੀਤਾ ਗਿਆ ਸੀ। ਜੇ ਐਸਾ ਕੋਈ ਸਮਝੌਤਾ ਦੋ ਰਾਜਾਂ ਵਿੱਚ ਕਰਨਾ ਹੋਵੇ ਤਾਂ ਕਾਨੂੰਨ ਮੁਤਾਬਕ ਲਿਖਿਤ ਹੋਣਾ ਚਾਹੀਦਾ ਹੈ, ਜਿਸ ਵਿਚ ਨਿਯਮ ਅਤੇ ਸ਼ਰਤਾਂ ਤੇ ਸੰਬੰਧਤ ਰਾਜਾਂ ਦਾ ਇਕਰਾਰਨਾਮਾ ਹੋਣਾ ਚਾਹੀਦਾ ਹੈ ਜੋ ਰਾਜ ਮੰਤਰੀਆਂ ਦੀ ਕੌਂਸਲ ਦੇ ਫੈਸਲੇ ਤੋਂ ਬਾਅਦ ਰਾਜਸੀ ਵਿਧਾਨ ਮੰਡਲ ਦੇ ਸਮਰਥਨ ਨਾਲ ਹੁੰਦਾ ਹੈ। ਜੇ ਇਸ ਵਿਚ ਵਿਚਾਰ ਨਾ ਹੋਵੇ ਤਾਂ ਇਹ ਅੱਜੇ ਵੀ ਗੈਰ ਕਾਨੂੰਨੀ ਹੁੰਦਾ ਹੈ ਭਾਵੇਂ ਸਾਰੇ ਰਸਮੀ ਕਦਮ ਚੁੱਕੇ ਗਏ ਹੋਣ ਕਿਉਂਕਿ ਇੱਕ ਰਾਜ ਦੀ ਸਰਕਾਰ ਜਾਂ ਵਿਧਾਨ ਮੰਡਲ ਵੀ ਰਾਜ ਦੇ ਲੋਕਾ ਨੂੰ ਬਿਨਾਂ ਵਿਚਾਰ ਕੀਤੇ ਉਨ੍ਹਾਂ ਦੇ ਅਧਿਕਾਰਾਂ ਅਤੇ ਰਾਜ ਦੀ ਕੀਮਤੀ ਜਾਇਦਾਦ ਤੋਂ ਵਾਂਝ ਨਹੀਂ ਕਰ ਸਕਦੇ ਅਤੇ ਇਹ ਰਾਜ ਦੇ ਫਾਇਦੇ ਲਈ ਹੋਣਾ ਚਾਹੀਦਾ ਹੈ। ਇਸ ਲਈ ਇਹ ਨਾਮੀ ਸਮਝੌਤਾ ਅਤੇ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਬਿਨਾਂ ਵਿਚਾਰ ਰਾਜਸਥਾਨ ਨੂੰ ਵੰਡ ਬੇਕਾਰ, ਗੈਰ ਕਾਨੂੰਨੀ ਅਤੇ ਅਸੰਵਿਧਨਿਕ ਹੈ।

1976 ਵਿਚ ਮਾਰਚ 25, 1976 ਨੂੰ ਪੰਜਾਬ ਦੇ ਪੁਨਰਗਠਨ ਦੇ ਐਕਟ ਅਧੀਨ ਆਪਣਾ ਫੈਸਲਾ ਦਿੰਦੇ ਹੋਏ ਪ੍ਰਧਾਨ ਮੰਤਰੀ ਇੰਧਰਾ ਗਾਂਧੀ ਨੇ ਗੈਰ ਕਾਨੂੰਨੀ ਢੰਗ ਨਾਲ ਤੇ ਭਾਰਤੀ ਸੰਵਿਧਾਨ ਦੇ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਨਾਜਾਇਜ਼ ਵੰਡ ਨਿਮਨ ਦਿੱਤੇ ਅਨੁਸਾਰ ਕਰ ਦਿੱਤੀ:

(1) ਰਾਜਸਥਾਨ 8.60 ਐਮ. ਏ. ਐਫ

(2) ਹਰਿਆਣਾ 3.50 ਐਮ. ਏ. ਐਫ

(3) ਦਿੱਲੀ 0.20 ਐਮ. ਏ. ਐਫ

(4)	ਪੰਜਾਬ	3.50 ਐਮ. ਏ. ਐਫ

ਪੰਜਾਬ ਦੇ ਪੁਨਰਗਠਨ ਐਕਟ ਦੀ ਧਾਰਾ 78 ਆਪ ਹੀ ਗੈਰ ਕਾਨੂੰਨੀ ਤੇ ਅਸੰਵਿਧਾਨਕ ਹੈ ਕਿਉਂਕਿ ਪੰਜਾਬ ਦੀਆਂ ਨਦੀਆਂ ਦੇ ਪਾਣੀ ਉੱਤੇ ਸੰਸਦ ਦਾ ਅਧਿਕਾਰ ਨਹੀਂ ਹੋ ਸਕਦਾ ਜੋ ਕਿ ਭਾਰਤੀ ਸੰਵਿਧਾਨ ਦੇ ਅੰਦਰਾਜ਼ 17 ਦੀ ਅਨੁਸੂਚੀ 7 ਦੀ ਰਾਜ ਸੂਚੀ ਵਿਚ ਦਰਜ ਹੈ।ਰਾਜਸਥਾਨ ਅਤੇ ਦਿੱਲੀ ਦਾ ਪੰਜਾਬ ਦੇ ਪੁਨਰਗਠਨ ਐਕਟ 1966 ਨਾਲ ਕੋਈ ਲੈਣਾ ਦੇਣਾ ਨਹੀਂ ਸੀ, ਜਿਵੇਂ ਕਿ ਇਹ ਪੰਜਾਬ ਤੇ ਹਰਿਆਣਾ ਨਾਲ ਸੰਬੰਧਤ ਸੀ।ਇਹ ਰਾਜ ਪੰਜਾਬ ਦੀਆਂ ਨਦੀਆਂ ਦੇ ਪਾਣੀ ਨਾਲ ਰਿਪਾਰਿਅਨ ਰਾਜ ਨਹੀਂ ਹਨ ਔ ਇਨ੍ਹਾਂ ਦਾ ਇਨ੍ਹਾਂ ਪਾਣੀਆਂ ਤੇ ਕਾਨੂੰਨੀ ਹੱਕ ਨਹੀਂ ਸੀ।ਹਰਿਆਣਾ ਦੇ ਇਲਾਕੇ ਨੂੰ ਇਨ੍ਹਾਂ ਨਦੀਆਂ ਨਾਲ ਇਸ ਲਈ ਰਿਪਾਰਿਅਨ ਰਾਜ ਨਹੀਂ ਮੰਨਿਆ ਗਿਆ ਸੀ ਕਿਓਂ ਜੋ ਇਹ ਨਦੀਆਂ ਹਰਿਆਣੇ ਦੇ ਕਿਸੇ ਇਲਾਕੇ ਚੋਂ ਨਹੀਂ ਵੱਗਦਿਆਂ ਸੀ। ਬਲਕਿ ਪੰਜਾਬ ਦੀਆਂ ਇਹ ਨਦੀਆਂ ਹਰਿਆਣਾ ਦੀ ਧਰਤੀ ਤੋਂ ਇੱਕ ਸੌ ਮੀਲ ਤੋਂ ਵੱਧ ਦੂਰੀ ਤੇ ਸੀ। ਪੰਜਾਬ ਰਾਜ ਆਪਣੀ ਜਮੀਨ ਨੂੰ ਅੱਡ ਕਰਕੇ ਅਤੇ ਉਸਤੇ ਨਹਿਰਾਂ ਬਣਾ ਕੇ ਆਪਣੀ ਜਮੀਨ ਬਰਬਾਦ ਕਰਕੇ ਆਪਣੀਆਂ ਨਹਿਰਾਂ ਰਾਹੀਂ ਹਰਿਆਣਾ ਨੂੰ ਨਦੀਆਂ ਦਾ ਪਾਣੀ ਦੇਣ ਲਈ ਰਜ਼ਾਮੰਦ ਨਹੀਂ ਹੋ ਸਕਦਾ ਸੀ। ਪੰਜਾਬ ਨੂੰ ਉਹਦੀ ਨਦੀਆਂ ਦੇ ਪਾਣੀ ਦੀ ਕੀਮਤ ਜਾਂ ਆਮਦਨ ਦੇਣ ਬਾਰੇ ਕੋਈ ਵਿਚਾਰ ਨਹੀਂ ਕੀਤਾ ਗਿਆ ਸੀ। ਬਿਨ੍ਹਾਂ ਵਿਚਾਰ ਦੇ ਕੋਈ ਵੀ ਸਮਝੌਤਾ ਕਾਨੂੰਨੀ ਨਹੀਂ ਹੋ ਸਕਦਾ ਸੀ। ਰਾਜ ਦੇ ਪੁਨਰਗਠਨ ਵੇਲੇ ਨਦੀਆਂ ਦੇ ਪਾਣੀ ਅਤੇ ਉਸਦੀ ਅਚੱਲ ਜਾਇਦਾਦ ਕਦੇ ਵੀ ਨਹੀਂ ਵੰਡੀ ਜਾ ਸਕਦੀਤੇ ਨਾਂ ਹੀ ਕਿਸੇ ਰਾਜ ਵਿੱਚ ਇਹੋ ਜਿਹਾ ਹੋਇਆ ਸੀ। ਇਹ ਫੈਸਲਾ, ਗੈਰ ਕਾਨੂੰਨੀ, ਅਸੰਵਿਧਾਨਕ ਅਤੇ ਬਿਨਾਂ ਅਧਿਕਾਰ ਖੇਤਰ ਦਾ ਹੋਣ ਕਰਕੇ ਪੰਜਾਬ ਰਾਜ ਤੇ ਬੱਧਕ ਨਹੀਂ ਸੀ।ਇਸ ਫੈਸਲੇ ਅਤੇ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਵੰਡ ਨੂੰ ਗੈਰ ਕਾਨੂੰਨੀ, ਅਸੰਵਿਧਾਨਕ ਅਤੇ ਨਾਜਾਇਜ਼ ਮੰਨਦੇ ਹੋਏ ਅਕਾਲੀ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਲਲਕਾਰਿਆ ਸੀ ਪਰ 1980 ਵਿੱਚ ਕਾਂਗਰਸ ਦੀ ਸਰਕਾਰ ਪੰਜਾਬ ਅਤੇ ਕੇਂਦਰ ਵਿਚ ਆਈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਹ ਮਸਲਾ ਕਾਂਗਰਸੀ ਮੁੱਖ ਮੰਤਰੀ ਉੱਤੇ ਬੇਹਦ ਦਬਾਅ ਪਾ ਕੇ ਰਫਾ ਦਫਾ ਕਰਵਾ ਲਿਆ।



ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਸੰਬਰ 31, 1981 ਬਿਨਾਂ ਕਿਸੇ ਯੋਜਨਾ ਦੇ ਪਾਣੀ ਦੀ ਅਨੁਮਾਨਤ ਉਪਲੱਬਧਤਾ ਨੂੰ 15.80 ਐਮ. ਏ. ਐਫ ਤੋਂ 17.17 ਤੱਕ ਚੁੱਕਦੇ ਹੋਏ ਨਿਮਨ ਤੌਰ ਤੇ ਇੱਕ ਹੋਰ ਆਦੇਸ਼ ਜਾਰੀ ਕਰ ਦਿੱਤਾ:

(1)	ਰਾਜਸਥਾਨ	8.60 ਐਮ. ਏ. ਐਫ
(2)	ਹਰਿਆਣਾ	3.50 ਐਮ. ਏ. ਐਫ
(3)	ਦਿੱਲੀ	0.20 ਐਮ. ਏ. ਐਫ
(4)	ਜੇ ਐਂਡ ਕੇ	0.65 ਐਮ. ਏ. ਐਫ
(5)	ਪੰਜਾਬ	4.22 ਐਮ. ਏ. ਐਫ

ਇਸ ਵਾਰ ਜੇ ਐਂਡ ਕੇ ਰਾਜ ਨੂੰ ਵੀ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਗੈਰ ਕਾਨੂੰਨੀ ਵੰਡ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ ਜੱਦ ਕਿ ਇਹ ਵੀ ਕੋਈ ਰਿਪਾਰਿਅਨ ਰਾਜ ਨਹੀਂ ਸੀ ਅਤੇ ਪੰਜਾਬ ਦੀਆਂ ਨਦੀਆਂ ਦੇ ਪਾਣੀ ਉੱਤੇ ਇਸਦਾ ਕੋਈ ਜਾਇਜ਼ ਹੱਕ ਨਹੀਂ ਸੀ। ਅੱਗੇ ਜੋਰ ਇੱਕ ਗੈਰ ਕਾਨੂੰਨੀ ਧਾਰਾ ਜੋੜੀ ਗਈ ਕਿ ਪੰਜਾਬ ਦੀ ਜਮੀਨ ਤੇ ਦਸੰਬਰ 31, 1983 ਤੱਕ ਸਤਲੁੱਜ - ਜਮਨਾ ਲਿੰਕ (ਐਸ. ਵਾਈ. ਐਲ) ਬਣਾਈ ਜਾਵੇ। ਪੰਜਾਬ ਇਸ ਲਈ ਰਜ਼ਾਮੰਦ ਨਹੀਂ ਹੋ ਸਕਦਾ ਸੀ ਕਿ ਉਸਦੀ ਹਜ਼ਾਰਾਂ ਏਕੜ ਉਪਜਾਊ ਜਮੀਨ ਨੂੰ ਨਹਿਰ ਬਨਾਉਣ ਲਈ ਬਰਬਾਦ ਕਰ ਦਿੱਤਾ ਜਾਵੇ ਅਤੇ ਬਿਨਾਂ ਕਿਸੇ ਵਿਚਾਰ ਦੇ ਇਸਦੀ ਨਦੀਆਂ ਦੇ ਪਾਣੀ ਨੂੰ ਹਰਿਆਣਾ ਲੈ ਜਾਇਆ ਜਾ ਸਕੇ। ਗੈਰ ਕਾਨੂੰਨੀ ਢੰਗ ਨਾਲ ਪੰਜਾਬ ਦੇ ਲੋਕਾਂ ਦੀ ਜਮੀਨਾਂ ਨੂੰ ਅਨਅਧਿਕ੍ਰਿਤ ਨਹਿਰ ਬਨਾਉਣ ਲਈ ਹੜ੍ਹਪ ਕੇ ਬਰਬਾਦ ਕਰਨਾ ਕਾਨੂੰਨੀ ਤੌਰ ਤੇ ਨਹੀਂ ਕੀਤਾ ਜਾ ਸਕਦਾ ਸੀ ਜਦੋਂ ਇਸ ਤਰ੍ਹਾਂ ਹੋਰ ਰਾਜਾਂ ਨੂੰ ਭਾਰੀ ਮਾਤਰਾ ਵਿਚ ਨਦੀਆਂ ਦਾ ਪਾਣੀ ਦੇ ਕੇ ਇਸਦੀ ਕਮੀ ਹੋ ਜਾਣ ਕਰਕੇ ਪੰਜਾਬ ਦੀ ਜਮੀਨਾਂ ਨੇ ਬੰਜਰ ਬਣ ਜਾਣਾ ਸੀ ਅਤੇ ਖੇਤੀ ਯੋਗ ਨਹੀਂ ਰਹਿਣਾ ਸੀ।ਮਾਹਿਰਾਂ ਮੁਤਾਬਕ ਖੇਤੀ ਦੇ ਉਤਪਾਦਨ ਚ ਪੰਜਾਬ ਨੂੰ ਘਾਟਾ ਅਤੇ ਇਨ੍ਹਾਂ ਗੈਰ ਰਿਪਾਰਿਅਨ ਰਾਜਾਂ ਨੂੰ ਮੁਨਾਫਾ, ਪੰਜਾਬ ਦੀਆਂ ਨਦੀਆਂ ਦੇ ਪਾਣੀ ਤੇ ਬਿਨਾ ਕਿਸੇ ਹੱਕ ਦੇ, 2500 ਕਰੋੜ ਰੁਪਏ ਸਲਾਨਾ ਤੋਂ ਵੱਧ ਸੀ ਅਤੇ ਗੈਰ ਕਾਨੂੰਨੀ ਢੰਗ ਨਾਲ ਪੰਜਾਬ ਦੀਆਂ ਨਦੀਆਂ ਦਾ

ਪਾਣੀ ਉਨ੍ਹਾਂ ਨੂੰ ਦੇਣ ਕਰਕੇ ਹੁਣ ਹੋਰ ਵੀ ਵੱਧ ਹੈ। ਇਨ੍ਹਾਂ ਪਾਣੀ ਦੀਆਂ ਕੀਮਤਾਂ ਤੋਂ ਆਮਦਨ ਜੋ ਕਿ ਇਨ੍ਹਾਂ ਰਾਜਾਂ ਨੂੰ ਚੁਕਾਉਣੀ ਚਾਹੀਦੀ ਸੀ ਕਦੇ ਵੀ ਇਸ ਤੋਂ ਘੱਟ ਨਹੀਂ ਹੋ ਸਕਦੀ ਸੀ। ਪਰ ਇਹ ਬਿਨਾ ਕਿਸੇ ਕੀਮਤ ਤੇ ਸੋਚ ਵਿਚਾਰ ਦੇ ਦਿੱਤਾ ਗਿਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਕਾਂਗਰਸ ਪਾਰਟੀ ਦੇ ਪੰਜਾਬ ਦੇ ਮੁੱਖ ਮੰਤਰੀ ਉੱਤੇ ਬੇਹਦ ਪਰਭਾਵ ਅਤੇ ਉਸਨੂੰ ਅੱਗੇ ਵੀ ਮੁੱਖ ਮੰਤਰੀ ਦਾ ਸਮਾਂ ਕਾਲ ਦੇਣ ਦਾ ਰਾਜਨੀਤਿਕ ਦਬਾਅ ਪਾ ਕੇ ਇਸ ਆਦੇਸ਼/ ਨਾਮੀ ਸਮਝੌਤੇ ਉੱਤੇ ਲਏ ਗਏ ਹਸਤਾਖ਼ਰ ਇਸ ਗੈਰ ਕਾਨੂੰਨੀ ਅਤੇ ਅਸੰਵਿਧਾਨਕ ਕੰਮ ਨੂੰ ਇੱਕ ਸਮਝੌਤੇ ਦਾ ਅਹੁੱਦਾ ਨਹੀਂ ਦੇ ਸਕਦੇ, ਇੱਕ ਕਾਨੂੰਨੀ ਸਮਝੌਤੇ ਬਾਰੇ ਕੀ ਕਹੀਏ। ਮੁੱਖ ਮੰਤਰੀ ਨੂੰ ਬਿਨ੍ਹਾਂ ਕਿਸੇ ਵਿਚਾਰ ਦੇ ਰਾਜ ਦੀ ਸੱਭ ਤੋਂ ਕੀਮਤੀ ਜਾਇਦਾਦ ਨੂੰ ਦੇਣ ਦਾ ਕੋਈ ਅਧਿਕਾਰ ਜਾਂ ਸ਼ਕਤੀ ਨਹੀਂ ਸੀ ਕਿਉਂ ਜੋ ਇਹ ਉਸਦੀ ਆਪਣੀ ਜਾਇਦਾਦ ਨਹੀਂ ਸੀ। ਸਮਝੌਤਾ ਜੋ ਬਿਨਾ ਕਿਸੇ ਵਿਚਾਰ ਜਾਂ ਬੇਹਦ ਦਬਾਅ ਹੇਠ ਹੋਇਆ ਹੋਵੇ, ਕਾਨੂੰਨ ਦੀਆਂ ਨਜ਼ਰਾਂ ਵਿਚ ਨਾਜਾਇਜ਼ ਹੁੰਦਾ ਹੈ। ਇਸ ਲਈ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਵੰਡ ਗੈਰ ਕਾਨੂੰਨੀ, ਅਸੰਵਿਧਾਨਕ ਅਤੇ ਨਾਜਾਇਜ਼ ਸੀ।

## ਫ਼ਾਲਤੂ ਪਾਣੀ ਦਾ ਐਲਾਨ ਪੂਰੀ ਤਰ੍ਹਾਂ ਗਲਤ:

1955 ਵਿਚ ਭਾਰਤੀ ਸਿੰਚਾਈ ਵਿਭਾਗ ਅਤੇ 1976 ਅਤੇ 1981 ਵਿਚ ਪ੍ਰਧਾਨ ਮੰਤਰੀ ਦਾ ਐਲਾਨ ਕਿ ਪੰਜਾਬ ਕੋਲ ਫ਼ਾਲਤੂ ਦਰਿਆਈ ਪਾਣੀ ਹੈ ਅਤੇ ਵੰਡਿਆ ਜਾਣਾ ਚਾਹੀਦਾ ਹੈ ਅਤੇ ਜੋ ਦੂਜੇ ਰਾਜਾਂ ਨੂੰ ਵੰਡਿਆ ਵੀ ਗਿਆ ਸੀ ਨਿਰਾ ਪੁਰਾ ਝੂਠ ਸੀ ਅਤੇ ਬਿਲਕੁਲ ਹੀ ਅਸਲੀਅਤ ਦੇ ਵਿਰੁੱਧ ਸੀ ਕਿਓਂ ਜੋ ਮਾਹਿਰਾਂ ਵਲੋਂ ਕੀਤੇ ਸਰਵੇ ਵਿਚ ਦਾਖ਼ਲ ਤੱਥ ਦੇ ਮੁਤਾਬਕ ਪੰਜਾਬ ਦੇ ਦਰਿਆਵਾਂ ਦਾ ਕੁਲ ਪਾਣੀ 32.5 ਐਮ.ਏ.ਐਫ ਹੈ ਜੱਦ ਕਿ ਪੰਜਾਬ ਦੀ ਲੋੜ 55.2 ਐਮ.ਏ.ਐਫ ਹੈ ਅਤੇ ਪੰਜਾਬ ਵਿਚ ਕਈ ਸੈਂਕੜੇ ਹਜ਼ਾਰਾਂ ਟਿਊਬਵੈੱਲਾਂ ਨਾਲ ਜ਼ਮੀਨੀ ਪਾਣੀ ਸਿੰਚਾਈ ਲਈ ਬਾਹਰ ਕੱਢਿਆ ਜਾਂਦਾ ਹੈ, ਜਿਸ ਕਰਕੇ ਪਾਣੀ ਦਾ ਪੱਧਰ ਇਨ੍ਹਾਂ ਨੀਵਾਂ ਚਲਾ ਗਿਆ ਹੈ ਜਿਸਨੂੰ ਆਉਣ ਵਾਲੇ ਭਵਿੱਖ ਵਿਚ ਬਾਹਰ ਕੱਢਣਾ ਮੁਸ਼ਕਲ ਹੋ ਜਾਵੇਗਾ ਜਿਸ ਕਰਕੇ ਪੀਣ ਦੇ ਪਾਣੀ ਨੂੰ ਉਪਲੱਬਧ ਕਰਾਉਣਾ ਮੁਸ਼ਕਲ ਹੋ ਜਾਵੇਗਾ। ਭਾਰਤ ਸਰਕਾਰ ਦਾ ਬਲਕਿ ਫਰਜ਼ ਹੈ ਕਿ ਉਹ ਡੈਮ ਲਈ ਯੋਜਨਾ ਬਣਾਵੇ, ਸਤਲੁਜ ਅਤੇ ਭਾਖੜਾ ਵਾਂਗ ਬਿਆਸ ਅਤੇ ਹੋਰ ਥਾਵਾਂ ਉੱਤੇ ਵੀ ਵੱਡੇ ਜਲਕੁੰਡ ਬਣਾਉਣ ਦੀ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਸਰਮਾਇਆ ਉਪਲੱਬਧ ਕਰੇ ਤਾਂ ਜੋ ਇਨ੍ਹਾਂ ਦਰਿਆਈ ਪਾਣੀਆਂ ਦੀ ਇੱਕ ਬੂੰਦ ਵੀ ਬੇਕਾਰ ਨਾ ਜਾਵੇ ਅਤੇ ਦੂਜੇ ਰਾਜਾਂ ਨੂੰ ਵੰਡਣ ਦੀ ਬਜਾਏ ਪੰਜਾਬ ਇਸਦਾ ਉਪਯੋਗ ਆਪਣੇ ਲਈ ਕਰੇ।ਹੋਰ ਰਾਜਾਂ ਨੂੰ ਪਾਣੀ ਦੀ ਉਪਲੱਬਧਤਾ ਲਈ ਹੋਰ ਕੋਈ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।ਪੰਜਾਬ ਦੇ ਦਰਿਆਈ ਪਾਣੀ ਦੇ ਨਾਜਾਇਜ਼ ਐਲਾਨ ਅਤੇ ਇਸਦੀ ਵੰਡ ਨੂੰ ਰਾਸ਼ਟਰ ਹਿੱਤ ਵਿਚ ਹੋਰ ਵੱਧ ਜਾਰੀ ਨਹੀਂ ਰੱਖਣਾ ਚਾਹੀਦਾ ਅਤੇ ਕੱਲੇ ਪੰਜਾਬ ਦਾ ਹੀ ਨਹੀਂ।

## ਰਾਜਸਥਾਨ ਅਤੇ ਹਰਿਆਣਾ ਦੇ ਇਲਾਕਿਆਂ ਕੋਲ ਇਕ-ਮੁੱਠ ਪੰਜਾਬ ਵਿਚ ਪੰਜਾਬ ਦਾ ਦਰਿਆਈ ਪਾਣੀ ਨਹੀਂ ਸੀ:

ਇਕ-ਮੁੱਠ ਪੰਜਾਬ ਵਿਚ ਰਾਜਸਥਾਨ ਨੂੰ ਪੰਜਾਬ ਦੇ ਦਰਿਆਵਾਂ ਦਾ ਪਾਣੀ ਨਹੀਂ ਦਿੱਤਾ ਗਿਆ ਸੀ। ਬੀਕਾਨੇਰ ਰਾਜ, ਜੋ ਹੁਣ ਰਾਜਸਥਾਨ ਦਾ ਹਿੱਸਾ ਹੈ, ਨੇ ਪੰਜਾਬ ਰਾਜ ਦੇ ਨਿਯਮ ਅਤੇ ਸ਼ਰਤਾਂ ਦੇ ਅਧੀਨ ਮਾਲੀਆ ਭੁਗਤਾਨ ਤੇ ਪੰਜਾਬ ਦਾ ਦਰਿਆਈ ਪਾਣੀ ਖਰੀਦਿਆ ਸੀ, ਜੋ ਪੰਜਾਬ ਉਸ ਵੇਲੇ ਦੇਣ ਦੇ ਯੋਗ ਸੀ। 1947 ਵਿਚ ਪੰਜਾਬ ਦੀ ਵੰਡ ਤੋਂ ਬਾਅਦ ਦੋ ਦਰਿਆ ਪਾਕਿਸਤਾਨ ਵਿਚ ਚਲੇ ਗਏ ਅਤੇ ਮੌਜੂਦਾ ਪੰਜਾਬ ਵਿਚ ਤਿੰਨ ਦਰਿਆ ਹੀ ਰਹਿ ਗਏ। 1955 ਵਿਚ ਰਾਜਸਥਾਨ ਨੂੰ ਕਿਵੇਂ ਪੰਜਾਬ ਦੇ ਦਰਿਆਈ ਪਾਣੀਆਂ ਦਾ ਹੱਕਦਾਰ ਬਣਾਇਆ ਜਾ ਸਕਦਾ ਹੈ।

ਸਤਲੁਜ ਉੱਤੇ ਭਾਖੜਾ ਨੰਗਲ ਡੈਮ ਦੀ ਉਸਾਰੀ ਦਾ ਰਾਜਸਥਾਨ ਨਾਲ ਕੋਈ ਸਰੋਕਾਰ ਨਹੀਂ ਸੀ ਅਤੇ ਨਾ ਹੀ ਰਾਜਸਥਾਨ ਕਦੇ ਰੀਪੇਰੀਅਨ ਰਾਜ ਬਣਿਆ। ਪੰਜਾਬ ਦਾ ਦਰਿਆਈ ਪਾਣੀ ਰਾਜਸਥਾਨ ਨੂੰ ਦੇਣ ਲਈ ਫ਼ਾਲਤੂ ਨਹੀਂ ਸੀ। ਇਸ ਲਈ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸ਼ਰ੍ਹੇਆਮ ਗੈਰਕਾਨੂੰਨੀ ਅਤੇ ਅਨੁਚਿਤ ਹੈ।
ਹਰਿਆਣਾ ਦੀ ਸਥਿਤੀ ਵੀ ਇਹੋ ਜਿਹੀ ਸੀ। ਇਕ-ਮੁੱਠ ਪੰਜਾਬ ਵਿਚ ਹਰਿਆਣਾ ਦੀ ਜ਼ਮੀਨਾਂ ਨੂੰ ਇਨ੍ਹਾਂ ਦਰਿਆਵਾਂ ਤੋਂ ਦੂਰ ਹੋਣ ਕਰਕੇ, ਪੰਜਾਬ ਦਾ ਦਰਿਆਈ ਪਾਣੀ ਨਹੀਂ ਦਿੱਤਾ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਖੜਾ ਡੈਮ ਪੂਰਾ ਹੋਣ ਤੋਂ ਬਾਅਦ ਸਤਲੁਜ ਦਰਿਆ ਦਾ ਪਾਣੀ ਭਾਖੜਾ ਦੀ ਮੁੱਖ ਨਹਿਰ ਰਾਹੀਂ ਹਰਿਆਣਾ ਲਿਜਾਇਆ ਗਿਆ, ਕਿਉਂ ਜੋ ਉਹ ਪੰਜਾਬ ਦਾ ਹਿੱਸਾ ਸੀ, ਪਰ ਜਦੋਂ ਇਹ ਪੰਜਾਬ ਤੋਂ ਅੱਡ ਹੋ ਗਿਆ ਅਤੇ ਰੀਪੇਰੀਅਨ ਰਾਜ ਨਹੀ ਰਿਹਾ ਤਾਂ ਇਸਨੇ ਪੰਜਾਬ ਦੇ ਦਰਿਆਈ ਪਾਣੀਆਂ ਤੋਂ ਆਪਣਾ ਅਧਿਕਾਰ ਖੋ ਦਿੱਤਾ। ਇਸਦੇ ਉਲਟ ਇਸਨੂੰ ਗੈਰ ਕਾਨੂੰਨੀ ਤੌਰ ਤੇ ਹੋਰ ਵੀ ਜ਼ਿਆਦਾ ਪਾਣੀ ਦੇ ਦਿੱਤਾ ਗਿਆ।
ਕਹੇ ਜਾਣ ਵਾਲੇ ਫ਼ਾਲਤੂ ਪਾਣੀ ਵਿਚੋਂ ਵੀ, 1955 ਵਿਚ ਗੈਰ ਕਾਨੂੰਨੀ ਢੰਗ ਨਾਲ 8 ਐਮ.ਏ.ਐਫ ਪਾਣੀ ਰਾਜਸਥਾਨ ਨੂੰ ਦੇਣ ਲਈ ਵਿਚਾਰ ਕੀਤਾ ਗਿਆ, ਪੰਜਾਬ ਲਈ ਬਚੇ 7.5 ਐਮ.ਏ.ਐਫ ਵਿਚ ਮੌਜੂਦਾ ਹਰਿਆਣਾ ਦਾ ਕੋਈ ਭਾਗ ਸ਼ਾਮਲ ਨਹੀਂ ਕੀਤਾ ਗਿਆ ਸੀ। ਪੰਜਾਬ ਸਰਕਾਰ ਨੇ ਇਸਦੇ 7.5 ਐਮ.ਏ.ਐਫ ਪਾਣੀ ਦੀ ਵੰਡ ਉੱਤੇ ਨਿਮਨ ਤੌਰ ਤੇ ਵਿਚਾਰ ਕੀਤਾ; ਯੂ.ਬੀ.ਡੀ.ਸੀ. (1.6 ਐਮ.ਏ.ਐਫ), ਸਰਹੰਦ ਫੀਡਰ (2.78 ਐਮ.ਏ.ਐਫ), ਪੀ.ਈ.ਡੀ.ਐਸ.ਯੂ. ਏਰੀਆ (1.33 ਐਮ.ਏ.ਐਫ), ਸ਼ਾਹ ਮੇਹਰ (0.79 ਐਮ.ਏ.ਐਫ), ਅਂਧਰ ਖੰਡ (0.56 ਐਮ.ਏ.ਐਫ), ਰਾਵੀ ਅਤੇ ਬਿਆਸ ਦੇ ਸ਼ਰਤੀ ਇਲਾਕੇ (0.23 ਐਮ.ਏ.ਐਫ), ਪੂਰਬੀ ਨਹਿਰ (0.21 ਐਮ.ਏ.ਐਫ)। ਪੰਜਾਬ ਦੇ ਦਰਿਆਈ ਪਾਣੀਆਂ ਨੂੰ ਉਨ੍ਹਾਂ ਇਲਾਕਿਆਂ ਵਿਚ ਲਿਜਾਣ ਲਈ ਕੋਈ ਨਹਿਰ ਨਹੀਂ ਸੀ ਜੋ ਹੁਣ ਹਰਿਆਣਾ ਵਿਚ ਹਨ। ਪ੍ਰਧਾਨ ਮੰਤਰੀ ਇੰਦਰਾ ਗਾਂਧੀ 1976 ਵਿਚ ਬਿਨਾਂ ਅਧਿਕਾਰ-ਖੇਤਰ ਦੇ ਇਨ੍ਹਾਂ ਦਰਿਆਈ ਪਾਣੀਆਂ ਨੂੰ ਹਰਿਆਣਾ ਦੀ ਜ਼ਮੀਨ ਵੱਲ ਕਿਵੇਂ ਮੋੜ ਸਕਦੀ ਸੀ। ਜੇ ਉੱਥੇ ਰਾਵੀ, ਬਿਆਸ ਅਤੇ ਸਤਲੁਜ ਦਰਿਆ ਦਾ ਪਾਣੀ ਫ਼ਾਲਤੂ ਹੁੰਦਾ, ਜੋ ਉਪਯੋਗ ਨਹੀਂ ਹੋ ਰਿਹਾ ਹੁੰਦਾ ਤਾਂ ਭਾਰਤ ਸਰਕਾਰ ਵਲੋਂ ਬਿਨਾਂ ਸੰਵਿਧਾਨਕ ਨਿਯਮਾਂ ਦੀ ਉਲੰਘਣਾ ਕਰਦੇ ਹੋਏ, ਬਿਨਾਂ ਉਚਿੱਤਤਾ ਦੇ ਹੋਰ ਰਾਜਾਂ ਨੂੰ ਇਹ ਪਾਣੀ ਦੇਣ ਦੀ ਬਜਾਏ, ਪੰਜਾਬ ਵਿਚ ਉਨ੍ਹਾਂ ਜਮੀਨਾਂ ਦੀ ਸਿੰਚਾਈ ਲਈ ਹੋਰ ਨਹਿਰਾਂ ਦਾ ਜਾਲ ਵਿਛਾਉਣ ਲਈ ਯੋਜਨਾ ਬਣਾਉਣੀ ਚਾਹੀਦੀ ਸੀ, ਜੋ ਅੱਜ ਵੀ ਸਿੰਚਾਈ ਲਈ ਪਾਣੀ ਦੀ ਉਡੀਕ ਕਰ ਰਹੇ ਹਨ ਕਿਉਂ ਜੋ ਅੱਜ ਵੀ ਪੰਜਾਬ ਦੀਆਂ ਬਹੁਤ ਸਾਰੀਆਂ ਜ਼ਮੀਨਾਂ ਤੱਕ ਦਰਿਆਈ ਪਾਣੀ ਪਹੁੰਚਾਉਣ ਦਾ ਕੋਈ ਸਾਧਨ ਨਹੀਂ ਹੈ ਅਤੇ ਇਸ ਲਈ ਪੈਸਾ ਮੁਹੱਇਆ ਕਰਾਉਣਾ ਚਾਹੀਦਾ ਸੀ।

### ਘੱਗਰ ਅਤੇ ਯਮੁਨਾ ਦੇ ਦਰਿਆਈ ਪਾਣੀਆਂ ਵੱਲ ਧਿਆਨ ਨਹੀਂ:

ਹਾਲਾਂਕਿ ਹਰਿਆਣਾ, ਪੰਜਾਬ ਦੇ ਦਰਿਆਈ ਪਾਣੀਆਂ ਲਈ ਰੀਪੇਰੀਅਨ ਰਾਜ ਨਹੀਂ ਹੈ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਪਾਤਰ ਨਹੀਂ ਹੈ, ਫਿਰ ਵੀ ਦਲੀਲ ਦੇ ਕਰਕੇ ਇਹ ਮੰਨ ਲਿਆ ਜਾਵੇ ਕਿ ਸੰਤੁਲਿਤ ਆਧਾਰ ਤੇ ਦਰਿਆਈ ਪਾਣੀ ਇਸ ਨੂੰ ਦਿੱਤਾ ਜਾਣਾ ਚਾਹੀਦਾ ਹੈ, ਤੱਦ ਵੀ ਪੰਚ ਫੈਸਲੇ ਦੁਆਰਾ 3.5 ਐਮ.ਏ.ਐਫ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸ਼ਾਮਲ ਕੀਤੇ ਗਏ ਗੈਰਕਾਨੂੰਨੀ ਸਮਝੌਤੇ ਦੇ ਇਸ ਆਧਾਰ ਤੇ, ਹਰਿਆਣਾ ਪੰਜਾਬ ਦੇ ਕਿਸੇ ਵੀ ਦਰਿਆਈ ਪਾਣੀ ਦਾ ਹੱਕਦਾਰ ਨਹੀਂ ਹੈ। ਹਰਿਆਣਾ ਘੱਗਰ ਅਤੇ ਯਮੁਨਾ ਦੇ 6 ਐਮ.ਏ.ਐਫ ਪਾਣੀ ਦਾ ਦਾਵਾ ਕਰਦਾ ਹੈ ਜੋ ਇਸ ਤੋਂ ਹੋ ਕੇ ਵਹਿੰਦਾ ਹੈ। ਤੱਦ ਸੰਤੁਲਨ ਦੇ ਆਧਾਰ ਤੇ ਉਸ ਪਾਣੀ ਵਿਚ ਪੰਜਾਬ ਦਾ ਹਿੱਸਾ 60% ਗਿਣਿਆ ਜਾਣਾ ਸੀ, ਜੋ 3.6 ਐਮ.ਏ.ਐਫ ਹੁੰਦਾ ਸੀ। ਤੱਦ ਵੀ ਹਰਿਆਣਾ ਕੋਲ ਆਪਣੇ ਹਿੱਸੇ ਵਿਚ ਪੰਜਾਬ ਦੇ ਦਰਿਆਈ ਪਾਣੀ ਦਾ .1 ਐਮ.ਏ.ਐਫ ਜ਼ਿਆਦਾ ਸੀ। ਜੇ ਹਰਿਆਣਾ ਨੂੰ ਪੰਜਾਬ ਦੇ ਦਰਿਆਈ ਪਾਣੀ ਚੋਂ ਇਸਦਾ 40% ਹਿੱਸਾ ਦਿੱਤਾ ਜਾਣਾ ਹੈ ਤਾਂ ਪੰਜਾਬ ਨੂੰ ਘੱਗਰ ਅਤੇ ਯਮੁਨਾ, ਜੋ ਕਿ ਹਰਿਆਣਾ ਨੂੰ ਅੱਡ ਕਰਣ ਤੋਂ ਪਹਿਲਾਂ ਇਕ-ਮੁੱਠ ਪੰਜਾਬ ਵਿਚੋਂ ਹੋ ਕੇ ਵਹਿੰਦੀਆਂ ਸਨ, ਚੋਂ ਆਪਣਾ 60% ਹਿੱਸਾ ਕਿਉਂ ਨਹੀਂ ਮਿਲਦਾ। ਪੰਜਾਬ ਨੇ ਕਦੇ ਵੀ ਜਬਰਦਸਤੀ ਘੱਗਰ ਅਤੇ ਯਮੁਨਾ ਉੱਤੇ ਆਪਣਾ ਦਾਅਵਾ ਨਹੀਂ ਕੀਤਾ ਕਿਉਂ ਜੋ ਇਹ ਹਰਿਆਣਾ ਦੇ ਬਨਣ ਤੋਂ ਬਾਅਦ ਰੀਪੇਰੀਅਨ ਰਾਜ ਨਹੀਂ ਰਿਹਾ ਜਿਵੇਂ ਕਿ ਹਰਿਆਣਾ ਪੰਜਾਬ ਦੇ ਦਰਿਆਈ ਪਾਣੀਆਂ ਦਾ ਹੱਕਦਾਰ ਨਹੀਂ ਰਿਹਾ।

### ਸਮਝੌਤੇ ਗੈਰਕਾਨੂੰਨੀ ਅਤੇ ਨਾਜਾਇਜ਼:

ਸਮਝੌਤੇ ਬਾਰੇ ਜਿੰਨ੍ਹਾਂ ਕਿਹਾ ਜਾਵੇ ਉਨ੍ਹਾਂ ਘੱਟ ਹੈ, ਕਿਉਂਕਿ ਕਾਨੂੰਨ ਦੀਆਂ ਨਜ਼ਰਾਂ ਵਿੱਚ ਇਹ ਤਥਾਕਥਿਤ ਸਮਝੌਤੇ, ਸਮਝੌਤਿਆਂ ਦੀ ਪਰਿਭਾਸ਼ਾ ਅਤੇ ਸ਼੍ਰੇਣੀ ਹੇਠ ਨਹੀਂ ਆਉਂਦੇ ਹਨ। 1955 ਵਿਚ ਰਾਜਸਥਾਨ ਅਤੇ ਪੰਜਾਬ ਵਿਚਕਾਰ ਹੋਇਆ ਨਾਮੀ ਸਮਝੌਤਾ ਬਿਲਕੁਲ ਵੀ ਸਮਝੌਤਾ ਨਹੀਂ ਸੀ। ਇਹ ਦਿੱਲੀ ਵਿਖੇ ਸਿੰਚਾਈ ਵਿਭਾਗ ਵਿਚ ਹੋਈ ਉਪ ਸਕੱਤਰਾਂ ਦੀ ਬੈਠਕ ਦੀ ਅਗਵਾਈ ਵਿਚ ਸੀ ਕਿ ਜੇਕਰ ਪੰਜਾਬ ਨੂੰ ਲੋੜ ਨਹੀਂ ਤਾਂ ਪੰਜਾਬ ਦੇ ਦਰਿਆਵਾਂ ਦਾ 8 ਐਮ.ਏ.ਐਫ ਪਾਣੀ ਰਾਜਸਥਾਨ ਨੂੰ ਦਿੱਤਾ ਜਾ ਸਕਦਾ ਹੈ, ਖ਼ਾਸਤੌਰ ਤੇ ਜ਼ਿਕਰ ਸੀ ਕਿ ਪਹਿਲਾਂ ਪੰਜਾਬ ਇਨ੍ਹਾਂ ਦਰਿਆਈ ਪਾਣੀਆਂ ਤੋਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰੇਗਾ ਅਤੇ ਇਨ੍ਹਾਂ ਪ੍ਰਬੰਧਾਂ ਤੇ ਕਦੇ ਵੀ ਦੁਬਾਰਾ ਵਿਚਾਰ ਕੀਤਾ ਜਾ ਸਕਦਾ ਹੈ। ਇਸ ਅਗਵਾਈ ਨੂੰ ਸਮਾਜ ਵਿਚ ਨਹੀਂ ਦੱਸਿਆ ਗਿਆ ਸੀ ਅਤੇ ਰਾਜ਼ ਰੱਖਿਆ ਗਿਆ ਸੀ।ਮੁੱਖ ਮੰਤਰੀਆਂ ਦੇ ਪੱਧਰ ਤੇ ਕਦੇ ਵੀ ਇਕ ਖਾਸ ਨਿਯਮ-ਸੂਚੀ ਬਣਾ ਕੇ ਸਮਝੌਤਾ ਕਰਣ ਲਈ ਬੈਠਕ ਉੱਤੇ ਵਿਚਾਰ-ਵਟਾਂਦਰਾ ਨਹੀਂ ਹੋਇਆ ਕਿ ਪੰਜਾਬ ਆਪਣੇ ਕਿਸੇ ਵੀ ਦਰਿਆ ਦਾ ਪਾਣੀ, ਪਹਿਲਾਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਕੇ, ਸਾਂਝਾ ਕਰ ਸਕਦਾ ਜੈ ਜਾਂ ਨਹੀਂ। ਜੇ ਪੰਜਾਬ ਆਪਣੇ ਦਰਿਆਈ ਪਾਣੀ ਨੂੰ ਸਾਂਝਾ ਕਰ ਸਕੇ ਤਾਂ ਰਾਜਸਥਾਨ ਵਲੋਂ ਇੱਸਦੀ ਕੀਮਤ ਚੁਕਾਉਣ ਤੇ ਵੀ ਕਦੇ ਕੋਈ ਸੋਚ ਵਿਚਾਰ ਨਹੀਂ ਹੋਇਆ ਸੀ। ਕਲਪਨਾਵਾਂ ਵਿਚ ਨਾ ਜਾ ਕੇ ਇਹੋ ਜਿਹੀ ਕਾਰਵਾਈ ਨਾਲ ਕੋਈ ਵੀ ਸਮਝੌਤਾ ਹੋ ਸਕਦਾ ਸੀ ਕਾਨੂੰਨੀ ਸਮਝੌਤੇ ਬਾਰੇ ਕੀ ਕਹਿਣਾ।ਰੀਪੇਰੀਅਨ ਰਾਜ ਨਾ ਹੁੰਦੇ ਹੋਏ, ਰਾਜਸਥਾਨ ਦਾ ਪੰਜਾਬ ਦੇ ਦਰਿਆਈ ਪਾਣੀ ਉੱਤੇ ਕੋਈ ਜਾਇਜ਼ ਹੱਕ ਨਹੀਂ ਸੀ। ਰਾਜ ਦਾ ਕੋਈ ਵੀ ਅਫਸਰ, ਸਭ ਤੋਂ ਉੱਚਾ ਵੀ, ਮੁੱਖ ਮੰਤਰੀ, ਕਦੇ ਵੀ ਕਾਨੂੰਨੀ ਤੌਰ ਤੇ ਬਿਨਾਂ ਵਿਚਾਰ-ਵਟਾਂਦਰੇ ਦੇ ਸਮਝੌਤਾ ਨਹੀਂ ਕਰ ਸਕਦਾ।

## ਮੁੱਖ ਮੰਤਰੀਆਂ ਨੂੰ ਦਰਿਆਈ ਪਾਣੀ ਦੇਣ ਦਾ ਕੋਈ ਅਧਿਕਾਰ ਨਹੀਂ ਸੀ, ਐਸ.ਵਾਈ.ਐਲ ਦੀ ਉਸਾਰੀ ਲਈ ਵੀ ਨਹੀਂ:

1976 ਦਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਐਲਾਨ ਕਦੇ ਵੀ ਪੰਜਾਬ ਅਤੇ ਹੋਰ ਰਾਜਾ ਵਿਚਕਾਰ ਸਮਝੌਤੇ ਦੀ ਪਰਿਭਾਸ਼ਾ ਹੇਠ ਨਹੀਂ ਆ ਸਕਦਾ।1981 ਦੇ ਸਮਝੋਤੇ ਤੇ ਵੀ ਭਾਵੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਤੋਂ ਹਸਤਾਖ਼ਰ ਕਰਵਾ ਲਏ ਸਨ, ਪਰ ਇਹ ਵੀ ਜਾਇਜ਼ ਅਤੇ ਕਾਨੂੰਨੀ ਸਮਝੌਤਾ ਨਹੀਂ ਹੋ ਸਕਦਾ। ਪੰਜਾਬ ਦੇ ਮੁੱਖ ਮੰਤਰੀ ਨੂੰ ਬਿਨਾਂ ਵਿਚਾਰ ਵਟਾਂਦਰਾ ਦੇ ਕੋਈ ਅਧਿਕਾਰ ਨਹੀਂ ਸੀ ਕਿ ਉਹ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹਰਿਆਣਾ ਅਤੇ ਰਾਜਸਥਾਨ ਨੂੰ ਦੇ ਦੇਵੇ ਜਿਨ੍ਹਾਂ ਦਾ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਕੋਈ ਕਾਨੂੰਨੀ ਹੱਕ ਨਹੀਂ ਸੀ। ਇਹ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਆਪਣਾ ਦਾਵਾ ਕਰਣ ਲਈ ਰੀਪੇਰੀਅਨ ਰਾਜ ਨਹੀਂ ਸਨ। ਪੰਜਾਬ ਦੇ ਮੁੱਖ ਮੰਤਰੀ ਦਾ ਸਮਰਥਨ ਅਤੇ ਨਾਮੀ ਸਮਝੌਤੇ ਉੱਤੇ ਉਸਦੇ ਹਸਤਾਖ਼ਰ, ਪੱਕੇ ਤੌਰ ਤੇ, ਬਹੁਤ ਜ਼ਿਆਦਾ ਪ੍ਰਭਾਵ ਅਤੇ ਉਸਨੂੰ ਮੁੱਖ ਮੰਤਰੀ ਦੇ ਅਹੁੱਦੇ ਤੇ ਜਾਰੀ ਰੱਖਣ ਦੇ ਰਾਜਨੀਤਿਕ ਦਬਾਅ ਹੇਠ ਹੀ ਲਏ ਗਏ ਸਨ। ਉਸ ਕੋਲ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਦੇਣ ਦਾ, ਉਹ ਵੀ ਬਿਨ੍ਹਾਂ ਸੋਚ ਵਿਚਾਰ ਦੇ, ਹੋਰ ਕੋਈ ਕਾਰਣ ਨਹੀਂ ਹੋ ਸਕਦਾ ਸੀ ਕਿਉਂ ਜੋ ਇਹ ਪਾਣੀ ਪੰਜਾਬ ਦੀਆਂ ਲੋੜਾਂ ਨੂੰ ਹੀ ਪੂਰਾ ਨਹੀਂ ਸੀ। ਸਮਝੌਤਾ, ਜੋ ਬਿਨਾਂ ਵਿਚਾਰ ਵਿਮਰਸ਼ ਦੇ ਹੋਵੇ ਅਤੇ ਬਹੁਤ ਜ਼ਿਆਦਾ ਦਬਾਅ ਹੇਠ ਹੋਵੇ, ਕਾਨੂੰਨ ਅਧੀਨ ਬੇਕਾਰ ਹੁੰਦਾ ਹੈ। ਐਸ.ਵਾਈ.ਐਲ ਨਹਿਰ ਦੀ ਉਸਾਰੀ ਦਾ ਮਸਲਾ ਵੀ ਇਹੋ ਜਿਹਾ ਹੈ ਜਿਸ ਲਈ, ਬਿਨਾਂ ਪੰਜਾਬ ਦੇ ਮੁਨਾਫੇ ਤੋਂ, ਕਦੇ ਵੀ ਪੰਜਾਬ ਦੇ ਲੋਕਾਂ ਦੇ ਉੱਦੇਸ਼ ਲਈ ਨਾ ਹੁੰਦੇ ਹੋਏ, ਪੰਜਾਬ ਦੀਆਂ ਜ਼ਮੀਨਾਂ ਜ਼ਬਤ ਅਤੇ ਬਰਬਾਦ ਨਹੀਂ ਹੋ ਸਕਦੀਆਂ ਸਨ।

ਦਰਅਸਲ ਇਹ ਰਿਕਾਰਡ ਵਿਚ ਦਰਜ ਹੈ ਕਿ ਇਸ ਤਥਕਥਿਤ ਸਮਝੌਤੇ ਦੇ ਐਲਾਨ ਲਈ ਪੰਜਾਬ ਦੇ ਦੋ ਮੁੱਖ ਮੰਤਰੀਆਂ ਦੀ ਸਲਾਹ ਵੀ ਨਹੀਂ ਲਈ ਗਈ ਸੀ ਉਨ੍ਹਾਂ ਦਾ ਸਮਰਥਨ ਲੈਣ ਬਾਰੇ ਕੀ ਕਹਿਣਾ। 1955 ਵਿਚ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸੀ। ਉਪ-ਸਕੱਤਰਾਂ ਦੀ ਬੈਠਕ ਦੀ ਅਗਵਾਈ ਵਿਚ 1955 ਦੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਜਸਥਾਨ ਨਾਲ ਵੰਡ ਸ਼ਾਮਲ ਸੀ, ਜਿਸ ਵਿਚ 8 ਐਮ.ਏ.ਐਫ ਪੰਜਾਬ ਦਾ ਦਰਿਆਈ ਪਾਣੀ ਰਾਜਸਥਾਨ ਨੂੰ ਦੇਣ ਲਈ ਕੋਈ ਏਜੰਡਾ ਤਿਆਰ ਨਹੀਂ ਕੀਤਾ ਗਿਆ ਸੀ, ਕਿਆ ਬੇਤੁਕੀ ਅਗਵਾਈ ਸੀ। ਉਪ-ਸਕੱਤਰਾਂ ਨੂੰ ਵੀ ਪਹਿਲਾਂ ਇਸ ਦਾ ਪਤਾ ਨਹੀਂ ਸੀ। 1976 ਵਿਚ ਇੰਦਰਾ ਗਾਂਧੀ ਨੇ ਆਪਣੇ ਆਪ ਹੀ ਐਲਾਨ ਕਰ ਦਿੱਤਾ ਸੀ।ਉਸ ਵੇਲੇ ਗਿਆਨੀ ਜੈਲ ਸਿੰਘ ਮੁੱਖ ਮੰਤਰੀ ਸੀ ਜਿਸਨੂੰ ਉਸਦੇ ਕਥਨਾਨੁਸਾਰ ਇਸਦਾ ਪਤਾ ਬਾਅਦ ਵਿਚ ਲਗਿਆ। ਇਨ੍ਹਾਂ ਦੋਵੇਂ ਕਾਂਗਰਸੀ ਮੁੱਖ ਮੰਤਰੀਆਂ ਨੇ, ਬੇਸ਼ਕ, ਜਦੋਂ

ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਗ਼ੈਰ ਕਾਨੂੰਨੀ ਅਧਿਕਾਰਕ ਕਬਜੇ ਦਾ ਪਤਾ ਲਗਿਆ, ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਕੀਤੀ, ਜੋ ਉਨ੍ਹਾਂ ਦੇ ਜ਼ਮੀਰ ਅਤੇ ਰਾਸ਼ਟਰ ਹਿੱਤ ਦੇ ਕਾਰਜਾਂ ਵਿਰੁੱਧ, ਸਿਰਫ ਸੱਤਾ ਵਿਚ ਬਣੇ ਰਹਿਣ ਲਈ, ਉਨ੍ਹਾਂ ਦੀ ਕਾਇਰਤਾ ਅਤੇ ਆਪਣੇ ਅਹੁੱਦੇ ਤੇ ਬਣੇ ਰਹਿਣ ਦੀ ਦੁਸ਼ਟ ਇੱਛਾ ਨੂੰ ਪ੍ਰਦਰਸ਼ਿਤ ਕਰਦਾ ਹੈ। ਤੀਸਰੇ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਵੀ ਇਹੀ ਕਹਾਣੀ ਹੈ ਜਿਸਨੇ 1981 ਵਿਚ ਹਸਤਾਖ਼ਰ ਕਰਕੇ ਆਪਣਾ ਅਹੁੱਦਾ ਜਾਰੀ ਰੱਖਣ ਦੀ ਪ੍ਰਧਾਨ ਮੰਤਰੀ ਵਲੋਂ ਦਿੱਤੀ ਧਮਕੀ ਹੇਠ ਇਹ ਮਸਲਾ ਪਿੱਛੇ ਨੂੰ ਖਿਚ ਲਿਆ ਸੀ ਅਤੇ ਇਸ ਕਹੇ ਜਾਣ ਵਾਲੇ ਸਮਝੌਤੇ ਉੱਤੇ ਹਸਤਾਖ਼ਰ ਕੀਤੇ ਸਨ ਅਤੇ ਟ੍ਰਿਬਿਊਨ ਵਿਚ ਛਪੇ ਬਿਆਨ ਵਿਚ ਕਿਹਾ ਕਿ ਉਸਨੂੰ ਬੰਦੂਕ ਦੀ ਨੋਕ ਹੇਠ ਮਾਮਲਾ ਪਿੱਛੇ ਨੂੰ ਖਿਚਣ ਲਈ ਕਿਹਾ ਗਿਆ ਸੀ।

ਕਿਆ ਇਹ ਸਮਝੌਤੇ ਕਹੇ ਜਾ ਸਕਦੇ ਹਨ, ਇਹ ਇਸਦੇ ਨਾਮ ਦੇ ਲਾਇਕ ਵੀ ਨਹੀਂ ਸਨ।

ਪੰਜਾਬ ਦੇ ਅਕਾਲੀ ਮੁੱਖ ਮੰਤਰੀ, ਪ੍ਰਕਾਸ਼ ਸਿੰਘ ਬਾਦਲ ਅਤੇ ਸੁਰਜੀਤ ਸਿੰਘ ਬਰਨਾਲਾ ਵਿਰੁੱਧ ਵੀ ਐਸ.ਵਾਈ.ਐਲ ਦੀ ਉਸਾਰੀ ਲਈ ਕੁੱਝ ਕਦਮ ਚੁੱਕੇ ਜਾਣ ਦੇ ਇਲਜ਼ਾਮ ਲਾਏ ਗਏ ਸਨ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਮੁੱਖ ਮੰਤਰੀ ਦੇ ਸਮ੍ਹੇਂ ਕਾਲ 1977-1980 ਵੇਲੇ 1977 ਵਿਚ ਐਸ.ਵਾਈ.ਐਲ ਦੀ ਉਸਾਰੀ ਲਈ ਹਰਿਆਣਾ ਤੋਂ ਕੁੱਝ ਕੀਮਤ ਲੈ ਕੇ ਰਾਜਸੀ ਖ਼ਜਾਨੇ ਵਿਚ ਜਮਾਂ ਕਰਵਾਈ ਸੀ ਜੱਦਕਿ ਸੁਰਜੀਤ ਸਿੰਘ ਬਰਨਾਲਾ ਨੇ ਆਪਣੇ ਮੁੱਖ ਮੰਤਰੀ ਦੇ ਸਮ੍ਹੇਂ ਕਾਲ 1985-1987 ਵਿਚ ਐਸ.ਵਾਈ.ਐਲ ਦੀ ਉਸਾਰੀ ਵੇਲੇ ਰਾਜੀਵ ਲੌਂਗੋਵਾਲ ਸਮਝੌਤੇ ਨਾਲ ਸੰਬੰਧਤ ਕੁੱਝ ਕਿਰਿਆਤਮਕ ਕਦਮ ਚੁੱਕੇ ਸਨ। ਇਨ੍ਹਾਂ ਮੁੱਖ ਮੰਤਰੀਆਂ ਦਾ ਅਕਾਲੀ ਦਲ ਦੇ ਫੈਸਲੇ ਅਤੇ ਐਲਾਨ ਵਿਰੋਧੀ ਵਿਹਾਰ, ਬੇਸ਼ਕ, ਬੇ-ਯਕੀਨਾ ਸੀ, ਪਰ ਇਹ ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ ਕਾਨੂੰਨੀ ਅਤੇ ਅਸੰਵਿਧਾਨਕ ਵੰਡ ਨੂੰ ਅਤੇ ਐਸ.ਵਾਈ.ਐਲ ਨਹਿਰ ਦੀ ਉਸਾਰੀ ਨੂੰ ਕਾਨੂੰਨ ਅਨੁਸਾਰ ਹੋਣ ਦੀ ਸਥਿਤੀ ਪ੍ਰਦਾਨ ਨਹੀਂ ਕਰਦਾ। ਇਹ ਵੀ ਸਚ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ 1976 ਵਿਚ ਇੰਦਰਾ ਗਾਂਧੀ ਦੇ ਸਮਝੌਤੇ ਅਤੇ ਐਲਾਨ ਨੂੰ, ਗ਼ੈਰ ਕਾਨੂੰਨੀ ਅਤੇ ਅਸੰਵਿਧਾਨਕ ਕਹਿੰਦੇ ਹੋਏ, ਭਾਰਤ ਦੇ ਸੁਪਰੀਮ ਕੋਰਟ ਵਿਚ ਲਲਕਾਰਿਆ ਸੀ। ਸੁਰਜੀਤ ਸਿੰਘ ਬਰਨਾਲਾ ਨੇ ਵੀ ਈਰਾਦੀ ਕਚਹਿਰੀ ਅਤੇ ਨਿਰਦੇਸ਼ਨ ਦੇ ਸਮ੍ਹੇਂ ਕਾਲ ਨੂੰ ਨਾ-ਮੰਜ਼ੂਰ ਕੀਤਾ ਸੀ।ਪੰਜਾਬ ਸਰਕਾਰ ਦੇ ਮੁੱਖ ਮੰਤਰੀਆਂ ਦੀ ਗ਼ੈਰ ਕਾਨੂੰਨੀ ਕਾਰਵਾਈ, ਕਾਂਗਰਸ ਜਾਂ ਅਕਾਲੀ ਦਲ ਕਿਸੇ ਵਲੋਂ ਵੀ, ਦਾ ਪੰਜਾਬ ਦੇ ਲੋਕਾਂ ਲਈ ਕੋਈ ਬੱਜਵਾਂ ਪ੍ਰਭਾਵ ਨਹੀਂ ਹੈ



ਇਹ ਇਲਜ਼ਾਮ, ਕਿ ਪੰਜਾਬ ਵਿਚ ਜ਼ਮੀਨਾਂ, ਜੋ ਕਿ ਹਜ਼ਾਰਾਂ ਜ਼ਮੀਂਦਾਰਾਂ ਦੀਆਂ ਸਨ, ਉੱਤੇ ਕਬਜ਼ੇ ਦੀ ਪਹਿਲੀ ਸੂਚਨਾ (113/5/ਐਸ.ਵਾਈ.ਐਲ ਤਾਰੀਖ਼ ਫਰਵਰੀ 20), 1978 ਵਿਚ ਪ੍ਰਕਾਸ਼ ਸਿੰਘ ਬਾਦਲ (1977-80) ਦੀ ਸਰਪਰਸਤੀ ਹੇਠ ਅਕਾਲੀ ਸਰਕਾਰ ਦੇ ਸਮੇਂ ਕਾਲ ਵਿਚ ਜਾਰੀ ਕੀਤੀ ਗਈ ਸੀ ਅਤੇ ਫਿਰ ਸੁਰਜੀਤ ਸਿੰਘ ਬਰਨਾਲਾ (1985-87) ਦੀ ਸਰਪਰਸਤੀ ਹੇਠ ਅਕਾਲੀ ਸਰਕਾਰ ਦੇ ਸਮ੍ਹੇਂ ਕਾਲ ਵਿਚ ਐਸ.ਵਾਈ.ਐਲ ਦੀ ਉਸਾਰੀ ਦਾ ਕੰਮ ਸਿਰੇ ਚੜ੍ਹਾਉਣ ਲਈ ਕਦਮ ਚੁੱਕੇ ਗਏ ਸਨ, ਗ਼ੈਰ ਕਾਨੂੰਨੀ ਅਤੇ ਅਸੰਵਿਧਾਨਕ ਐਸ.ਵਾਈ.ਐਲ ਨਹਿਰ ਨੂੰ ਕਾਨੂੰਨੀ ਅਤੇ ਸੰਵਿਧਾਨਕ ਨਹੀਂ ਬਣਾ ਸਕਦੇ। ਸੂਚਨਾਵਾਂ ਵਿਚ ਇਹ ਦੱਸਿਆ ਗਿਆ ਸੀ ਕਿ ਜ਼ਮੀਨਾਂ ਦੀ ਲੋੜ, ਜ਼ਮੀਨੀ ਕਬਜ਼ੇ ਦੀ ਕਿਰਿਆ 1894 ਦੀ ਧਾਰਾ 4 ਦੇ ਅਧੀਨ, ਨਾਮੀ ਤੌਰ ਤੇ

ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਕੇ, ਜਨਤਾ ਦੇ ਹਿੱਤ ਲਈ ਹੈ। ਇਹ ਬਿਲਕੁਲ ਹੀ ਗ਼ਲਤ ਸੀ ਕਿਉਂ ਜੋ ਜ਼ਮੀਨਾਂ ਉੱਤੇ ਕਬਜ਼ੇ ਲਈ ਜਨਤਾ ਦਾ ਉਦੇਸ਼ ਨਹੀਂ ਸੀ ਅਤੇ ਇਸ ਤਰ੍ਹਾਂ ਇਹ ਕਬਜਾ ਸਰ੍ਹੇਆਮ ਗ਼ੈਰ ਕਾਨੂੰਨੀ ਸੀ। ਦਰਿਆਈ ਪਾਣੀਆਂ ਨੂੰ ਸੈਂਕੜਾਂ ਮੀਲ ਦੇ ਘੇਰੇ ਵਿਚ ਹਰਿਆਣਾ ਅਤੇ ਰਾਜਸਥਾਨ ਲਿਜਾਉਣ ਲਈ, ਬਾਕੀ ਦੇ ਜਮੀਨੀ ਹਿੱਸੇ ਨੂੰ ਬੰਜਰ, ਖੇਤੀ ਲਈ ਅਯੋਗ ਬਣਾ ਕੇ ਪੰਜਾਬ ਤੇ ਇਸਦੇ ਲੋਕਾਂ ਦੀ ਆਰਥਿਕਤਾ ਨੂੰ ਤਬਾਹ ਕਰਦੇ ਹੋਏ, ਨਹਿਰ ਬਨਾਉਣ ਲਈ ਪੰਜਾਬ ਵਿਚ ਜਮੀਨ ਦੇ ਮਾਲਕਾਂ ਦੀ ਹਜ਼ਾਰਾਂ ਏਕੜ ਜ਼ਮੀਨ ਨੂੰ ਬਰਬਾਦ ਕਰ ਦੇਣਾ ਕਿਆ ਕਦੇ ਵੀ ਜਨਤਾ ਦੇ ਹਿੱਤ ਵਿਚ ਜਾਂ ਪੰਜਾਬ ਦੇ ਲੋਕਾਂ ਦੇ ਮੁਨਾਫੇ ਲਈ ਹੋ ਸਕਦਾ ਹੈ? ਇਹ ਸ਼ਾਇਦ ਸਭ ਤੋਂ ਬੁਰੇ ਤਰੀਕੇ ਦਾ ਗ਼ੈਰ ਜਨਤਕ ਉਦੇਸ਼ ਸੀ।ਇਹ ਨਾਜਾਇਜ਼ ਕੰਮ ਸਦਾ ਹੀ ਨਾਜਾਇਜ਼ ਰਹਿਣਗੇ, ਭਾਵੇਂ ਕਾਂਗਰਸ ਜਾਂ ਅਕਾਲੀ ਮੁੱਖ ਮੰਤਰੀਆਂ ਅਤੇ ਉਨ੍ਹਾਂ ਦੀ ਸਰਕਾਰਾਂ ਵਲੋਂ ਕੀਤੇ ਗਏ ਹੋਣ।

ਇਸੇ ਤਰ੍ਹਾਂ ਇਹ ਇਲਜ਼ਾਮ ਕਿ ਸੱਤਾ ਵਿਚ ਹੁੰਦੇ ਹੋਏ ਅਕਾਲੀ ਨੇਤਾਵਾਂ ਨੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਦੂਜੇ ਰਾਜਾਂ ਨੂੰ ਨਾ ਦੇਣ ਲਈ ਕੋਈ ਪ੍ਰਭਾਵੀ ਕਦਮ ਨਹੀਂ ਚੁੱਕੇ ਅਤੇ ਸੱਤਾ ਤੋ ਬਾਹਰ ਰਹਿਣ ਵੇਲੇ ਵੋਟਾਂ ਨੂੰ ਖਿੱਚਣ ਲਈ ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ ਕਾਨੂੰਨੀ ਵੰਡ ਦੇ ਵਿਰੁੱਧ ਸਿਰਫ ਨਾਰੇਬਾਜੀ ਹੀ ਕੀਤੀ ਸੀ ਅਤੇ ਇਹ ਕਿ ਇਹ ਦਰਿਆਈ ਪਾਣੀ ਲੰਬੇ ਸਮੇਂ ਤੋਂ ਬਿਨਾਂ ਕਿਸੇ ਦਖ਼ਲਬਾਜੀ ਦੇ ਦੂਜੇ ਰਾਜਾਂ ਵੱਲ ਵਹਿ ਰਿਹਾ ਹੈ, ਕਿਸੇ ਵੀ ਹਾਲ ਵਿਚ ਪੰਜਾਬ ਦੇ ਦਰਿਆਈ ਪਾਣੀਆਂ ਦੀ ਇਸ ਗ਼ੈਰ ਕਾਨੂੰਨੀ ਅਤੇ ਅਸੰਵਿਧਾਨਕ ਵੰਡ ਨੂੰ ਕੋਈ ਕਾਨੂੰਨੀ ਪ੍ਰਵਾਨਗੀ ਨਹੀਂ ਦਿੰਦੇ, ਜਿਸਦਾ ਕਾਨੂੰਨੀ ਅਧਿਕਾਰ ਸਿਰਫ ਪੰਜਾਬ ਨੂੰ ਹੀ ਪ੍ਰਾਪਤ ਸੀ। ਅਕਾਲੀ ਸਰਕਾਰ ਅਤੇ ਉਨ੍ਹਾਂ ਦੇ ਮੁੱਖ ਮੰਤਰੀ ਕਾਂਗਰਸ ਦੇ ਮੰਤਰੀਆਂ ਤੋਂ ਕੋਈ ਜਿਆਦਾ ਚੰਗੇ ਨਹੀਂ ਸਨ। ਉਹ ਵੀ ਕੁਰਸੀ ਵੱਲ ਬਰਾਬਰ ਹੀ ਆਕਰਸ਼ਤ ਸਨ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਵਰਗੇ ਪੰਜਾਬੀਆਂ ਦੇ ਹਿੱਤ ਦੀ ਕੀਮਤ ਤੇ ਵੀ ਸੱਤਾ ਪਾਉਣਾ ਚਾਹੁੰਦੇ ਸੀ, ਅਤੇ ਕੇਂਦਰ ਸਰਕਾਰ ਨਾਲ ਕਿਸੇ ਝਗੜੇ ਵਿਚ ਨਹੀਂ ਪੈਣਾ ਚਾਹੁੰਦੇ ਸਨ। ਜੇ ਇਨ੍ਹਾਂ ਪੰਜਾਬ ਦੇ ਨੇਤਾਵਾਂ ਨੇ, ਜੋ ਅਕਾਲੀ ਦਲ ਜਾਂ ਕਾਂਗਰਸ ਦੇ ਹੋ ਸਕਦੇ ਸੀ, ਸੱਤਾ ਨਾਲ ਜੁੜੇ ਰਹਿਣ ਦੀ ਪਰਵਾਹ ਕੀਤੇ ਬਿਨਾਂ ਬਹਾਦਰੀ ਅਤੇ ਈਮਾਨਦਾਰੀ ਨਾਲ ਪੰਜਾਬ ਦੇ ਲੋਕਾਂ ਦੇ ਕਾਨੂੰਨੀ ਅਧਿਕਾਰਾਂ ਦਾ ਸਮਰਥਨ ਕੀਤਾ ਹੁੰਦਾ, ਤਾਂ ਉਹ ਬੁਰਾਈ ਨੂੰ ਸ਼ੁਰੂ ਵਿਚ ਹੀ ਖਤਮ ਕਰ ਸਕਦੇ ਸੀ। ਫਿਰ ਵੀ ਸੱਤਾ ਦੀ ਲਾਲਸਾ ਕਰਕੇ ਉਨ੍ਹਾਂ ਵਲੋਂ ਕੀਤੇ ਕੰਮ, ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ ਕਾਨੂੰਨੀ ਵੰਡ ਨੂੰ ਕਾਨੂੰਨੀ ਪ੍ਰਵਾਨਗੀ ਨਹੀਂ ਦੇ ਸਕਦੇ, ਕਿਉਂ ਜੋ ਉਨ੍ਹਾਂ ਨੂੰ ਇਨ੍ਹਾਂ ਪਾਣੀਆਂ ਨੂੰ ਬਿਨਾਂ ਵਿਚਾਰ ਵਿਟਾਂਦਰਾ ਅਤੇ ਅਧਿਕਾਰ ਖੇਤਰ ਦੇ ਦੂਜੇ ਰਾਜਾਂ ਨੂੰ ਦੇਣ ਦਾ ਕੋਈ ਅਧਿਕਾਰ ਨਹੀਂ ਸੀ।

ਭਾਰਤੀ ਸੰਵਿਧਾਨ ਦੇ ਅਨੁਸਾਰ ਰਾਜ ਦੇ ਮੁੱਖ ਮੰਤਰੀ ਅਤੇ ਸਰਕਾਰ ਆਪਣਾ ਅਹੁੱਦਾ ਗ੍ਰਹਿਣ ਕਰਣ ਤੋਂ ਪਹਿਲਾਂ ਕਸਮਾਂ ਹੇਠ ਰਾਜ ਦੇ ਹਿੱਤ ਦੀ ਰੱਖਿਆ ਕਰਣ ਨੂੰ ਵਚਨਬਧ ਹਨ। ਰਾਜ ਦੇ ਹਿੱਤਾਂ ਦੀ ਰੱਖਿਆ ਕਰਨਾ, ਜਿਹਦੇ ਲੋਕਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਰਾਜਨੀਤਿਕ ਪ੍ਰਤਿਨਿਧੀਤਵ ਲਈ ਚੁਣਿਆ ਹੈ, ਉਨ੍ਹਾਂ ਦਾ ਮੁੱਖ ਫ਼ਰਜ ਹੁੰਦਾ ਹੈ। ਜੇ ਉਹ ਕੋਈ ਵੀ ਗ਼ੈਰ ਕਾਨੂੰਨੀ ਅਤੇ ਅਣਅਧਿਕਾਰਤ ਸਮਝੌਤਾ ਰਾਜ ਦੇ ਹਿੱਤਾਂ ਵਿਰੁੱਧ ਬਿਨਾਂ ਅਧਿਕਾਰ ਖੇਤਰ ਦੇ ਕਰਦੇ ਹਨ, ਉਹ ਗਲਤ ਹੈ ਅਤੇ ਰਾਜ ਦੇ ਲੋਕਾਂ ਤੇ ਬੱਝਵਾਂ ਨਹੀਂ ਹੈ। ਜੇ ਉਹ ਰਾਜ ਦੀ ਜਾਇਦਾਦ ਬਿਨਾਂ ਵਿਚਾਰ ਵਿਟਾਂਦਰਾ ਦੇ ਤਬਦੀਲ ਕਰਣ ਦੀ ਮਰਜੀ ਕਰਦੇ ਹਨ ਤਾਂ ਇਹ ਸਾਫ ਤੌਰ ਤੇ ਗਲਤ ਹੈ। ਪੰਜਾਬ ਦੀ ਸਭ ਤੋਂ ਮਹਤੱਵਪੂਰਨ ਜਾਇਦਾਦ, ਇਸਦੇ ਦਰਿਆਈ ਪਾਣੀਆਂ ਦੀ ਬਿਨਾਂ ਵਿਚਾਰ ਦੂਜੇ ਰਾਜਾਂ ਨਾਲ ਵੰਡ, ਜਿਸਦੇ ਹੱਕਦਾਰ ਆਪਣੀਆਂ ਜ਼ਮੀਨਾਂ ਲਈ ਸਿਰਫ ਪੰਜਾਬ ਦੇ ਲੋਕ ਹੀ ਹਨ, ਰਾਜ ਦੇ ਹਿੱਤਾਂ ਦੇ ਬਿਲਕੁਲ ਵਿਰੁੱਧ, ਗ਼ੈਰ ਕਾਨੂੰਨੀ, ਨਾਜਾਇਜ਼ ਅਤੇ ਅਸੰਵਿਧਾਨਕ ਹੈ, ਜੋ ਪੰਜਾਬ ਦੇ ਲੋਕਾਂ ਉੱਤੇ ਬੱਝਵੀਂ ਨਹੀਂ ਹੈ। ਪੰਜਾਬ ਵਿਚ ਐਸ.ਵਾਈ.ਐਲ ਨਹਿਰ ਦੀ ਪੰਜਾਬ ਰਾਜ ਦੀ ਜਮੀਨ ਵਿਚ ਉਸਾਰੀ, ਨਿਜੀ ਮਾਲਕਾਂ ਵੱਲੋਂ ਗ਼ੈਰ ਕਾਨੂੰਨੀ, ਨਾਜਾਇਜ਼ ਅਤੇ ਬਿਨਾਂ ਅਧਿਕਾਰ ਖ਼ੇਤਰ ਦੇ ਇਨ੍ਹਾਂ ਜ਼ਮੀਨਾਂ ਤੇ ਅਧਿਕਾਰਕ ਕਬਜਾ, ਇਹੋ ਜਿਹੇ ਸਮਰਥਨ ਦਾ ਹੀ ਲੇਖਾ ਹੈ। ਇਹੋ ਜਿਹਾ ਅਸੰਵਿਧਾਨਕ ਅਤੇ ਅਣਅਧਿਕਾਰਤ ਸਮਰਥਨ ਅਤੇ ਕਿਰਿਆਵਾਂ ਕਦੇ ਵੀ, ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ ਕਾਨੂੰਨੀ ਅਤੇ ਅਸੰਵਿਧਾਨਕ ਵੰਡ ਨੂੰ, ਐਸ.ਵਾਈ.ਐਲ ਨਹਿਰ ਵਰਗੀ ਉਸਾਰੀ ਤੇ ਕੋਈ ਕਾਨੂੰਨੀ ਦਾਵਾ ਨਾ ਹੁੰਦੇ ਹੋਏ, ਕੋਈ ਕਾਨੂੰਨੀ ਪ੍ਰਵਾਨਗੀ ਪ੍ਰਦਾਨ ਨਹੀਂ ਕਰ ਸਕਦੀਆਂ।



ਇਸ ਲਈ ਇਹ ਸਪਸ਼ਟ ਹੈ ਕਿ ਦਰਿਆਈ ਪਾਣੀਆਂ ਲਈ ਇਹ ਨਾਮੀ ਸਮਝੌਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਸਮਝੌਤੇ ਵੀ ਨਹੀਂ ਕਹੇ ਜਾ ਸਕਦੇ, ਇਨ੍ਹਾਂ ਦੇ ਕਾਨੂੰਨੀ ਅਤੇ ਜਾਇਜ਼ ਹੋਣ ਬਾਰੇ ਤਾਂ ਕੀ ਕਹੀਏ। ਉਸ ਵਿਚ

ਕਾਨੂੰਨੀ ਸਮਝੌਤੇ ਦਾ ਇੱਕ ਵੀ ਤੱਤ ਨਹੀਂ ਸੀ। ਪਾਰਟੀਆਂ ਦੀ ਕੋਈ ਨਿਜੀ ਸਲਾਹ ਨਹੀਂ, ਸਮਝੌਤਿਆਂ ਲਈ ਕੋਈ ਵਿਚਾਰ ਵਿਟਾਂਦਰਾ ਨਹੀਂ, ਸਮਝੌਤੇ ਵਿਚ ਸ਼ਾਮਲ ਹੋਣ ਲਈ ਪਾਰਟੀਆਂ ਦਾ ਕੋਈ ਅਖਤਿਆਰ ਨਹੀਂ। ਬਲਕਿ ਦੂਜੇ ਪਾਸੇ, ਪੰਜਾਬ ਦੇ ਮੁੱਖ ਮੰਤਰੀਆਂ ਦੇ ਹਸਤਾਖ਼ਰ, ਹਸਤਾਖ਼ਰ ਕਰਣ ਜਾਂ ਅਸਤੀਫਾ ਦੇਣ ਦੇ ਬਹੁਤ ਜ਼ਿਆਦਾ ਪ੍ਰਭਾਵ ਅਤੇ ਰਾਜਨੀਤਿਕ ਦਬਾਅ ਹੇਠ ਲਏ ਗਏ ਸਨ। ਸਮਝੌਤੇ ਸੰਵਿਧਾਨ ਦੇ ਮਜ਼ਮੂਨ 299 ਅਧੀਨ ਨਿਰਧਾਰਤ ਰੂਪ ਅਤੇ ਵਿਧੀ ਵਿਚ ਨਹੀਂ ਸਨ। ਉੱਥੇ ਮੰਤਰੀਆਂ ਦੀ ਕੌਂਸਲ ਅਤੇ ਵਿਧਾਨ ਮੰਡਲ ਵਲੋਂ ਕੋਈ ਫੈਸਲਾ ਨਹੀਂ ਲਿਆ ਗਿਆ ਸੀ। ਸੰਘ ਅਤੇ ਰਾਜ ਵਿਚਲੀ ਸ਼ਕਤੀਆਂ ਦੇ ਨਿਰਣੈ ਹੇਠ, ਜੋ ਰਾਜ ਅਤੇ ਰਾਜ ਦੇ ਵਿਧਾਨ ਮੰਡਲ ਨੂੰ ਵਿਸ਼ੇਸ਼ ਸ਼ਕਤੀਆਂ ਪ੍ਰਦਾਨ ਕਰਦਾ ਹੈ, ਰਾਜ ਸੂਚੀ ਵਿਚ ਸ਼ਾਮਲ, ਦਰਿਆਈ ਪਾਣੀਆਂ ਦੇ ਵਿਸ਼ੇ ਤੇ ਬਿਨਾਂ ਅਧਿਕਾਰ ਅਤੇ ਅਧਿਕਾਰ ਖੇਤਰ ਦੇ ਬਣਾਇਆ ਗਿਆ ਨਾਮੀ ਸਮਝੌਤਾ, ਸੰਵਿਧਾਨ ਦੇ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਹੈ। ਇਸੇ ਤਰ੍ਹਾਂ ਬਿਨਾਂ ਵਿਚਾਰ ਵਿਟਾਂਦਰੇ ਦੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਦੂੱਜੇ ਰਾਜਾਂ ਨੂੰ ਦੇਣਾ ਬਿਲਕੁਲ ਗ਼ੈਰ ਕਾਨੂੰਨੀ ਹੈ, ਕਿਉਂ ਜੋ ਜ਼ਮੀਨਾਂ ਜਬਤ ਕਰਣ ਵਿਚ ਕੋਈ ਜਨਤਕ ਉਦੇਸ਼ ਨਹੀਂ ਹੈ। ਬਲਕਿ ਇਹ ਪੰਜਾਬ ਦੀਆਂ ਜ਼ਮੀਨਾਂ ਨੂੰ ਬਰਬਾਦ ਕਰਣ ਅਤੇ ਬਾਕੀ ਨੂੰ ਰੇਗਿਸਤਾਨ ਬਣਾਉਣ ਲਈ ਸੀ।

## ਸਮਝੌਤਾ ਉਚਿਤ ਰੂਪ ਵਿਚ ਹੋਵੇ:

ਮਜ਼ਮੂਨ 299 ਅਧੀਨ ਭਾਰਤੀ ਸੰਵਿਧਾਨ ਨੇ ਰਾਜ ਦੀ ਕਾਰਜ ਸਾਧਕ ਸ਼ਕਤੀ ਵਿਚ ਸਮਝੌਤੇ ਤੇ ਅਮਲ ਕਰਨ ਲਈ ਇਸਦਾ ਰੂਪ ਅਤੇ ਵਿਧੀ ਨਿਰਧਾਰਤ ਹੇਠ ਲਿਖੇ ਅਨੁਸਾਰ ਕੀਤੀ ਗਈ ਹੈ"-

(i) "ਸੰਘ ਜਾਂ ਰਾਜ ਦੀ ਅਧਿਕਾਰਕ ਸ਼ਕਤੀ ਦੇ ਅਭਿਆਸ ਵਿਚ ਬਣੇ ਸਾਰੇ ਸਮਝੌਤੇ ਰਾਸ਼ਟਰਪਤੀ ਜਾਂ ਰਾਜਪਾਲ ਵਲੋਂ ਬਣਾਏ ਜਾਣੇ ਚਾਹੀਦੇ ਹਨ, ਜਿਵੇਂ ਵੀ ਮਾਮਲਾ ਹੋਵੇ, ਅਤੇ ਇਸ ਸ਼ਕਤੀ ਦੇ ਅਭਿਆਸ ਵਿਚ ਬਣਾਏ ਇਹੋ ਜਿਹੇ ਸਾਰੇ ਸਮਝੌਤੇ ਅਤੇ ਜਾਇਦਾਦ ਦੇ ਇਕਰਾਰ ਉੱਤੇ ਰਾਸ਼ਟਰਪਤੀ ਜਾਂ ਰਾਜਪਾਲ ਦੇ ਪੱਖੋਂ ਏਸੇ ਅਧਿਕਾਰੀ ਵਲੋਂ ਅਤੇ ਇਸ ਤਰ੍ਹਾਂ ਅਮਲ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਕਿ ਉਸਨੂੰ ਨਿਰਦੇਸ਼ ਜਾਂ ਅਧਿਕਾਰ ਦਿੱਤਾ ਗਿਆ ਹੋਵੇ"।

ਪ੍ਰਧਾਨ ਮੰਤਰੀ ਦੀ ਧਮਕੀ ਕਿ ਜਾਂ ਤਾਂ ਮੁੱਖ ਮੰਤਰੀ ਹਸਤਾਖ਼ਰ ਕਰ ਦੇਵੇ ਜਾਂ ਫਿਰ ਅਸਤੀਫਾ ਦੇ ਦੇਵੇ, ਹੇਠ ਮੁੱਖ ਮੰਤਰੀ ਦੀ "ਬਿੰਦੂ ਰੇਖਾ" ਉੱਤੇ ਸਿਰਫ ਹਸਤਾਖ਼ਰ ਲੈਣਾ ਕਦੇ ਵੀ ਇਕ ਕਾਨੂੰਨੀ ਸਮਝੌਤਾ ਨਹੀਂ ਹੋ ਸਕਦਾ ਅਤੇ ਇਸ ਦੇ ਨਾਮ ਦੇ ਲਾਇਕ ਵੀ ਨਹੀਂ ਹੈ। ਅਸਲ ਵਿਚ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਪੰਜਾਬ ਦੇ ਕਿਸੇ ਵੀ ਮੁੱਖ ਮੰਤਰੀ ਨੇ ਆਪਣੀ ਮਰਜ਼ੀ ਨਾਲ ਬਿਨਾਂ ਕਿਸੇ ਦਬਾਅ ਦੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਦੂਜੇ ਰਾਜਾਂ ਨੂੰ ਦੇਣ ਦੇ ਸਮਝੌਤੇ ਨੂੰ ਲਾਗੂ ਨਹੀਂ ਕੀਤਾ ਹੈ, ਪੰਜਾਬ ਰਾਜ ਦੇ ਮੰਤਰੀਆਂ ਦੀ ਕੌਂਸਲ ਦੇ ਰਾਜਪਾਲ ਦੇ ਨਾਂ ਹੇਠ ਇਹੋ ਜਿਹੇ ਫੈਸਲੇ ਅਤੇ ਜਾਅਲੀ ਦਸਤਾਵੇਜ਼ਾਂ ਵਾਲੇ ਬੱਜਵੇਂ ਸਮਝੌਤੇ ਨੂੰ ਕੀ ਕਹੀਏ ਜੋ ਪੰਜਾਬ ਦੇ ਦਰਿਆਈ ਪਾਣੀਆਂ ਅਤੇ ਇਸਦੇ ਲੋਕਾਂ ਦੇ ਕਾਨੂੰਨੀ ਅਧਿਕਾਰਾਂ ਉੱਤੇ ਬਹੁਤ ਗੰਭੀਰ ਕਬਜਾ ਹੈ।



## ਪੰਜਾਬ ਪੁਨਰਗਠਨ ਐਕਟ 1966 ਵਿਚ ਅਸੰਵਿਧਾਨਕ ਅਤੇ ਗ਼ੈਰ ਕਾਨੂੰਨੀ ਨਿਯਮ:

ਦਰਅਸਲ ਪੁਨਰਗਠਨ ਐਕਟ 1966 ਦੇ ਨਿਯਮ, ਜਿਵੇਂ ਕਿ ਧਾਰਾ 78, 79 ਅਤੇ 80 ਜੋ ਸੰਘ ਅਤੇ ਰਾਜ ਦੀਆਂ ਸ਼ਕਤੀਆਂ ਦੀ ਸੰਵਿਧਾਨਕ ਵੰਡ ਦੀ ਉਲੰਘਣਾ ਕਰਦੇ ਹਨ, ਗ਼ੈਰ ਕਾਨੂੰਨੀ ਅਤੇ ਅਸੰਵਿਧਾਨਕ ਹਨ। ਰਾਜ ਦੇ ਦਰਿਆਈ ਪਾਣੀਆਂ ਦਾ ਵਿਸ਼ਾ ਭਾਰਤ ਦੇ ਸੰਵਿਧਾਨ ਦੇ ਅੰਦਰਾਜ 7 ਦੀ ਅਨੁਸੂਚੀ 17 ਦੀ ਰਾਜ ਸੂਚੀ II ਵਿਚ ਹੈ ਜਿਸ ਉਪਰ ਰਾਜ ਅਤੇ ਇਸਦੇ ਵਿਧਾਨ ਮੰਡਲ ਦਾ ਨਿਵੇਕਲਾ ਅਧਿਕਾਰ ਹੁੰਦਾ ਹੈ। ਕਿਸੇ ਕਾਨੂੰਨ ਨੂੰ ਮੰਜ਼ੂਰੀ ਦੇਣਾ ਜਿਵੇਂ ਰਾਜ ਦੇ ਦਰਿਆਈ ਪਾਣੀਆਂ ਲਈ ਦਿੱਤੀ ਗਈ, ਅਤੇ ਭਾਰਤੀ ਸੰਘ ਦੇ ਮੁੱਖ ਕਾਰਜਾਂ ਨੂੰ ਕਾਬੂ ਵਿਚ ਰੱਖਣਾ, ਸੰਸਦ ਦੇ ਅਧਿਕਾਰ ਖੇਤਰ ਵਿਚ ਨਹੀਂ ਸੀ। ਇਹੋ ਜਿਹੇ ਨਿਯਮਾਂ ਹੇਠ ਕੀਤਾ ਗਿਆ ਕੋਈ ਵੀ ਕੰਮ ਸਾਫ ਤੌਰ ਤੇ ਗ਼ੈਰ ਕਾਨੂੰਨੀ ਅਤੇ ਅਸੰਵਿਧਾਨਕ ਹੈ। ਪ੍ਰਧਾਨ ਮੰਤਰੀ ਅਤੇ ਜੱਥੇਬੰਦੀ ਸਰਕਾਰ ਦੀ ਇੱਛਾ ਨਾਲ ਕੀਤੇ ਪੰਜਾਬ ਦੇ ਦਰਿਆਈ ਪਾਣੀਆਂ ਸੰਬੰਧੀ ਐਲਾਨ ਅਤੇ ਸਮਝੌਤੇ ਇਸ ਤਰ੍ਹਾਂ ਬਿਨਾਂ ਅਧਿਕਾਰ ਖ਼ੇਤਰ, ਗ਼ੈਰ ਕਾਨੂੰਨੀ ਅਤੇ ਨਾਜਾਇਜ਼, ਭਾਰਤੀ ਸੰਵਿਧਾਨ ਨਾਲ ਸੰਬੰਧਤ ਨਿਯਮਾਂ ਦੀ ਉਲੰਘਣਾ ਹੈ। ਜੇ ਸੰਘ ਸੂਚੀ ਅਤੇ ਰਾਜ ਸੂਚੀ, ਜਿਵੇਂ ਕਿ ਸੰਵਿਧਾਨ ਵਿਚ ਸ਼ਾਮਲ ਹੈ, ਵਿਵਰਣ ਕੀਤੇ ਹੋਏ ਵਿਸ਼ੇ ਨੂੰ ਪ੍ਰਦਾਨ ਕੀਤੇ ਨਿਵੇਕਲੇ ਅਧਿਕਾਰ ਖ਼ੇਤਰ ਦਾ ਮਾਣ ਨਹੀਂ ਹੁੰਦਾ, ਤਾਂ ਸੰਵਿਧਾਨ ਦੇ ਉਲੰਘਣ ਦੇ ਨਾਲ ਨਾਲ

ਭਾਰਤੀ ਗਣਤੰਤਰ ਦੇ ਰਾਜਾਂ ਦੇ ਸੰਘ ਹੋਣ ਦੀ ਮੂਲ ਵਿਸ਼ੇਸ਼ਤਾ ਦਾਅ ਤੇ ਲੱਗ ਜਾਂਦੀ ਹੈ ਅਤੇ ਮਿੱਟਣ ਦੀ ਕਗਾਰ ਤੇ ਖੜ ਜਾਏਗੀ।

ਸੰਵਿਧਾਨਕ ਨਿਯਮਾਂ ਦੀ ਇਹੋ ਜਿਹੀ ਉਲੰਘਣਾ ਹੋਰ ਕਿਸੇ ਵੀ ਰਾਜ ਦੇ ਪੁਨਰਗਠਨ ਵਿਚ ਨਹੀਂ ਕੀਤੀ ਗਈ ਹੈ। ਬਲਕਿ ਰਾਜਾਂ ਦੇ ਨਿਵੇਕਲੇ ਅਧਿਕਾਰ ਖ਼ੇਤਰ, ਜਿਸ ਵਿਚ ਦਰਿਆਈ ਪਾਣੀ ਵਹਿੰਦਾ ਹੈ, ਨੂੰ ਪੂਰੀ ਤਰ੍ਹਾਂ ਕਬੂਲ ਕੀਤਾ ਗਿਆ ਹੈ। ਰੀਪੇਰੀਅਨ ਸਿਧਾਂਤ ਅਪਣਾਇਆ ਗਿਆ ਹੈ ਕਿ ਉਨ੍ਹਾਂ ਰਾਜਾਂ ਦਾ ਹੀ ਦਰਿਆਈ ਪਾਣੀਆਂ ਤੇ ਨਿਵੇਕਲਾ ਅਧਿਕਾਰ ਹੈ ਜਿਸ ਵਿਚ ਇਹ ਵਹਿੰਦਾ ਹੈ ਅਤੇ ਜੋ ਰੀਪੇਰੀਅਨ ਰਾਜ ਨਹੀਂ ਹਨ ਉਨ੍ਹਾਂ ਦਾ ਇਨ੍ਹਾਂ ਦਰਿਆਈ ਪਾਣੀਆਂ ਉੱਤੇ ਕੋਈ ਹੱਕ ਨਹੀਂ ਹੈ। ਹੋਰ ਰਾਜਾਂ ਦੇ ਪੁਨਰਗਠਨ ਵਿਚ ਉਨ੍ਹਾਂ ਰਾਜਾਂ ਨੂੰ ਕੋਈ ਪਾਣੀ ਨਹੀਂ ਦਿੱਤਾ ਗਿਆ ਜੋ ਰੀਪੇਰੀਅਨ ਰਾਜ ਨਹੀਂ ਸਨ। ਜਦੋਂ ਮਦਰਾਸ ਤੋਂ ਅੱਡ ਆਂਧਰਾ ਪ੍ਰਦੇਸ਼ ਬਣਿਆ ਉਦੋਂ ਤਮਿਲਨਾਡੂ ਨੂੰ ਕ੍ਰਿਸ਼ਨਾ, ਗੋਦਾਵਰੀ ਅਤੇ ਮਹਾਨਦੀ ਦਾ ਕੋਈ ਪਾਣੀ ਨਹੀਂ ਦਿੱਤਾ ਗਿਆ ਸੀ, ਜੋ ਰੀਪੇਰੀਅਨ ਰਾਜ ਨਹੀਂ ਰਿਹਾ ਸੀ ਕਿਉਂ ਜੋ ਕੋਈ ਵੀ ਨਦੀ ਉਸ ਰਾਜ ਦੇ ਖ਼ੇਤਰ ਵਿਚੋਂ ਨਹੀਂ ਵਹਿੰਦੀਆਂ ਸਨ। ਕ੍ਰਿਸ਼ਨਾ ਨਦੀ ਆਂਧਰ ਪ੍ਰਦੇਸ਼ ਅਤੇ ਕਰਨਾਟਕ ਵਿਚੋਂ ਹੋ ਕੇ ਵਹਿੰਦੀ ਸੀ। ਉਨ੍ਹਾਂ ਰਾਜਾਂ, ਜੋ ਰੀਪੇਰੀਅਨ ਰਾਜ ਨਹੀਂ ਮੰਨੇ ਗਏ ਸੀ, ਨੂੰ ਪਾਣੀ ਦੇਣ ਲਈ ਕੇਂਦਰ ਦੇ ਦਖ਼ਲ ਲਈ ਕੋਈ ਕਾਨੂੰਨ ਨਹੀਂ ਬਣਾਇਆ ਗਿਆ ਸੀ। ਰਾਜਸਥਾਨ ਨੇ ਨਰਮਦਾ ਨਦੀ, ਜੋ ਮਹਾਰਾਸ਼ਟਰ ਅਤੇ ਹੋਰ ਰੀਪੇਰੀਅਨ ਰਾਜਾਂ ਦੇ ਵਿਵਾਦ ਵਿਚ ਇਸ ਨਾਲ ਲਗਦੀ ਹੈ, ਦੇ ਹਕਦਾਰ ਹੋਣ ਦਾ ਦਾਵਾ ਕਰਣ ਦੀ ਅਰਜੀ ਦਿੱਤੀ ਸੀ, ਪਰ ਰੀਪੇਰੀਅਨ ਰਾਜ ਨਾ ਹੋਣ ਕਰਕੇ ਅਦਾਲਤ ਨੇ ਇਸਨੂੰ ਖਾਰਿਜ ਕਰ ਦਿੱਤਾ। ਪੰਜਾਬ ਨੇ ਆਪਣੇ ਦਰਿਆਈ ਪਾਣੀਆਂ ਨੂੰ ਹੋਰ ਰਾਜ, ਜੋ ਰੀਪੇਰੀਅਨ ਰਾਜ ਨਹੀਂ ਹਨ, ਗ਼ੈਰ ਕਾਨੂੰਨੀ ਢੰਗ ਨਾਲ, ਰਾਜਸਥਾਨ ਅਤੇ ਹਰਿਆਣਾ ਨੂੰ ਦੇਣ ਦੀ ਛੁੱਟ ਕਿਉਂ ਦਿੱਤੀ।

17

ਪੰਜਾਬ ਦੇ ਪੁਨਰਗਠਨ ਐਕਟ ਦੀ ਧਾਰਾ 78 ਹੇਠ ਲਿਖੇ ਅਨੁਸਾਰ ਪੜ੍ਹੀ ਜਾਂਦੀ ਹੈ:

"ਭਾਖ਼ੜਾ ਨੰਗਲ ਅਤੇ ਬਿਆਸ ਯੋਜਨਾ ਨਾਲ ਜੁੜੇ ਅਧਿਕਾਰ ਅਤੇ ਜਿੰਮੇਵਾਰੀਆਂ"

(1) ਇਸ ਐਕਟ ਵਿਚ ਸ਼ਾਮਲ ਕਿਸੇ ਵੀ ਚੀਜ਼ ਦਾ ਵਿਰੋਧ ਨਾ ਕਰਦੇ ਹੋਏ, ਪਰ ਧਾਰਾ 79 ਅਤੇ 80 ਦੇ ਨਿਯਮਾਂ ਨੂੰ ਧਿਆਨ ਵਿਚ ਰਖਦੇ ਹੋਏ, ਭਾਖ਼ੜਾ ਨੰਗਲ ਯੋਜਨਾ ਅਤੇ ਬਿਆਸ ਯੋਜਨਾ ਸੰਬੰਧੀ ਪੰਜਾਬ ਦੇ ਮੌਜੂਦਾ ਰਾਜ ਦੇ ਅਧਿਕਾਰ ਅਤੇ ਜਿੰਮੇਵਾਰੀਆਂ, ਨਿਸ਼ਚਿਤ ਦਿਨ ਨੂੰ ਉੱਤਰਾਧਿਕਾਰੀ ਰਾਜਾਂ ਦੇ ਅਧਿਕਾਰ ਅਤੇ ਜਿੰਮੇਵਾਰੀਆਂ ਨਾਲ ਇਸ ਅਨੁਪਾਤ ਵਿਚ ਨਿਰਧਾਰਿਤ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਕੇਂਦਰ ਸਰਕਾਰ ਨਾਲ ਸੋਚ-ਵਿਚਾਰ ਕਰਕੇ ਕਥਿਤ ਰਾਜ ਸਮਝੌਤਾ ਬਣਾ ਕੇ ਉਸ ਵਿਚ ਸ਼ਾਮਲ ਹੋ ਸਕਣ ਜਾਂ ਜੇ ਇਹੋ ਜਿਹਾ ਕੋਈ ਸਮਝੌਤਾ ਨਿਸ਼ਚਿਤ ਦਿਨ ਤੋਂ ਦੋ ਸਾਲ੍ਹਾਂ ਦੇ ਅੰਦਰ ਨਹੀਂ ਕੀਤਾ ਜਾਂਦਾ, ਤਾਂ ਕੇਂਦਰ ਸਰਕਾਰ ਉਸ ਯੋਜਨਾ ਦੇ ਉਦੇਸ਼ ਨੂੰ ਧਿਆਨ ਚ ਰੱਖਦੇ ਹੋਏ ਫੈਸਲਾ ਦੇ ਸਕਦੀ ਹੈ। ਦਿੱਤਾ ਹੋਇਆ ਹੈ ਕਿ ਕੇਂਦਰ ਸਰਕਾਰ ਵਲੋਂ ਕੀਤਾ ਫੈਸਲਾ, ਕੇਂਦਰ ਸਰਕਾਰ ਨਾਲ ਸੋਚ-ਵਿਚਾਰ ਤੋਂ ਬਾਅਦ ਕੀਤੇ ਉੱਤਰਾਧਿਕਾਰੀ ਰਾਜਾਂ ਦੇ ਆਗਾਮੀ ਸਮਝੌਤੇ, ਤੋਂ ਵੱਖ ਹੋ ਸਕਦਾ ਹੈ।

(2) ਏਸੀ ਧਾਰਾ (1) ਨਾਲ ਸੰਬੰਧਤ ਇਕ ਸਮਝੌਤਾ ਜਾਂ ਫੈਸਲਾ, ਨਿਸ਼ਚਿਤ ਦਿਨ ਤੋਂ ਬਾਅਦ, ਜੇ ਉਸ ਉਪ-ਧਾਰਾ ਦੇ ਸੰਬੰਧ ਵਿਚ ਉੱਥੇ ਕੋਈ ਯੋਜਨਾ ਦੀ ਮਿਆਦ ਵਿਚ ਵਾਧਾ ਹੁੰਦਾ ਹੈ ਜਾਂ ਕਿਸੇ ਵੀ ਯੋਜਨਾ ਦਾ ਅੱਗੇ ਵਿਕਾਸ ਹੋਣਾ ਹੋਵੇ, ਵੀ, ਇਹੋ ਜਿਹੇ ਵਾਧੇ ਜਾਂ ਅੱਗੇ ਦੇ ਵਿਕਾਸ ਨੂੰ ਧਿਆਨ ਵਿਚ ਰੱਖਦੇ ਹੋਏ ਉੱਤਰਾਧਿਕਾਰੀ ਰਾਜਾਂ ਦੇ ਅਧਿਕਾਰ ਅਤੇ ਜਿੰਮੇਵਾਰੀਆਂ ਵਿਚ ਦਿੱਤਾ ਜਾਣਾ ਚਾਹੀਦਾ ਹੈ।

(1) ਇਹੋ ਜਿਹੀ ਧਾਰਾ (1) ਅਤੇ (2) ਨਾਲ ਸੰਬੰਧਤ ਅਧਿਕਾਰ ਅਤੇ ਜਿੰਮੇਵਾਰੀਆਂ ਵਿਚ ਸ਼ਾਮਲ ਕਰਨਾ ਚਾਹੀਦਾ ਹੈ:

(ੳ) ਯੋਜਨਾ ਦੇ ਨਤੀਜੇ ਵਜੋਂ ਵੰਡ ਲਈ ਉਪਲੱਬਧ ਪਾਣੀ ਨੂੰ ਲੈਣ ਅਤੇ ਉਸਦੀ ਵਰਤੋਂ ਦਾ ਅਧਿਕਾਰ, ਅਤੇ

(ਅ) ਯੋਜਨਾ ਦੇ ਨਤੀਜੇ ਵਜੋਂ ਪੈਦਾ ਹੋਈ ਬਿਜਲੀ ਨੂੰ ਲੈਣ ਅਤੇ ਉਸਦੀ ਵਰਤੋਂ ਦਾ ਅਧਿਕਾਰ,

ਪਰ ਸਰਕਾਰ ਤੋਂ ਬਾਹਰੀ ਕਿਸੇ ਆਦਮੀ ਜਾਂ ਅਧਿਕਾਰੀ ਨਾਲ ਪੰਜਾਬ ਦੇ ਮੌਜੂਦਾ ਰਾਜ ਵਲੋਂ ਨਿਸ਼ਚਿਤ ਦਿਨ ਤੋਂ ਪਹਿਲਾਂ ਕੀਤੇ ਕਿਸੇ ਸਮਝੌਤੇ ਅਧੀਨ ਅਧਿਕਾਰ ਅਤੇ ਜਿੰਮੇਵਾਰੀਆਂ ਸ਼ਾਮਲ ਨਹੀਂ ਕਰਨੀਆਂ ਚਾਹੀਦੀਆਂ ਹਨ।

ਇਹ ਨਿਯਮ ਸਾਫ ਤੌਰ ਤੇ ਅਸੰਵਿਧਾਨਕ ਹੈ ਕਿਉਂ ਜੋ ਦਰਿਆਈ ਪਾਣੀਆਂ ਦਾ ਸਿਰੋਪਾ ਉਸੇ ਰਾਜ ਦੇ ਸਿਰ ਹੁੰਦਾ ਹੈ ਜਿੱਸ ਵਿਚ ਇਹ ਵਹਿੰਦਾ ਹੈ। ਇਹ ਰਾਜ ਸੂਚੀ ਦੇ ਅਧੀਨ ਹੁੰਦਾ ਹੈ ਜਿਸ ਵਿਚ ਰਾਜਾਂ ਅਤੇ ਰਾਜਾਂ ਦੇ ਵਿਧਾਨ ਮੰਡਲ ਕੋਲ ਨਿਵੇਕਲਾ ਅਧਿਕਾਰ-ਖ਼ੇਤਰ ਹੁੰਦਾ ਹੈ। ਜੱਥੇਬੰਦੀ ਸਰਕਾਰ ਅਤੇ ਸੰਸਦ ਦਾ ਇਸ ਮਾਮਲੇ ਵਿਚ ਕੋਈ ਅਧਿਕਾਰ ਨਹੀਂ ਹੁੰਦਾ।

## ਦਰਿਆਈ ਪਾਣੀ ਨਿਵੇਕਲੇ ਰਾਜਸੀ ਅਧਿਕਾਰ ਖ਼ੇਤਰ ਵਿਚ:

(V) (i) ਦਰਿਆਈ ਪਾਣੀ ਰਾਜਾਂ ਦੇ ਨਿਵੇਕਲੇ ਅਧਿਕਾਰ ਖ਼ੇਤਰ ਵਿਚ ਹੁੰਦੇ ਹਨ ਅਤੇ ਭਾਰਤ ਸੰਘ ਵਿਚ ਨਹੀਂ ਅਤੇ ਇਸ ਤਰ੍ਹਾਂ ਸਿਰਫ ਰਾਜਾਂ ਨੂੰ ਹੀ ਦਰਿਆਈ ਪਾਣੀਆਂ ਸੰਬੰਧੀ ਕਾਨੂੰਨ ਬਣਾਉਣ ਅਤੇ ਲਾਗੂ ਕਰਣ ਦਾ ਅਧਿਕਾਰ ਹੁੰਦਾ ਹੈ ਅਤੇ ਭਾਰਤੀ ਸੰਘ ਕੋਲ ਨਹੀਂ। ਅੰਤਰਰਾਜੀ ਦਰਿਆਈ ਪਾਣੀਆਂ ਦੇ ਝਗੜਿਆਂ ਵਿਚ ਹੀ ਭਾਰਤ ਸੰਘ ਕੋਲ ਅਧਿਕਾਰ ਖ਼ੇਤਰ ਹੈ।


ਭਾਰਤੀ ਸੰਵਿਧਾਨ ਵਿਚ ਰਾਜ ਸੂਚੀ 2 ਦੀ ਅਨੁਸੂਚੀ 7, ਅੰਦਰਾਜ 17 ਹੇਠ ਅਨੁਸਾਰ ਹੈ:

“ਪਾਣੀ, ਜਿਸ ਦਾ ਮਤਲਬ ਹੈ, ਪਾਣੀ ਦੀ ਸਪਲਾਈ, ਸਿੰਚਾਈ ਅਤੇ ਨਹਿਰਾਂ, ਨਿਕਾਸੀ ਅਤੇ ਬੰਨ੍ਹ, ਪਾਣੀ ਦਾ ਭੰਡਾਰ ਅਤੇ ਪਾਣੀ ਦੀ ਸ਼ਕਤੀ, ਸੂਚੀ 1 ਦੇ ਅੰਦਰਾਜ 56 ਅਧੀਨ ਆਉਂਦਾ ਹੈ”।

ਸੂਚੀ 1 ਦਾ ਅੰਦਰਾਜ 56 ਹੇਠ ਅਨੁਸਾਰ ਪੜ੍ਹਿਆ ਜਾਂਦਾ ਹੈ:
ਅੰਤਰਰਾਜੀ ਦਰਿਆ ਅਤੇ ਦਰਿਆਈ ਘਾਟੀਆਂ ਦੀ ਉਸ ਹੱਦ ਤੱਕ ਵਿਵਸਥਾ ਅਤੇ ਵਿਕਾਸ, ਜਿੱਥੇ ਸੰਘ ਦੇ ਕਾਬੂ ਹੇਠ ਇਹੋ ਜਿਹੀ ਵਿਵਸਥਾ ਅਤੇ ਵਿਕਾਸ ਦਾ ਐਲਾਨ ਸੰਸਦ ਵਲੋਂ ਜਨਤਾ ਦੇ ਹਿੱਤ ਵਿਚ ਢੁਕਦੇ ਕਾਨੂੰਨ ਵਲੋਂ ਕੀਤਾ ਜਾਂਦਾ ਹੈ।
ਸੂਚੀ 1 ਸੰਘ ਸੂਚੀ ਹੈ। ਇਸ ਲਈ ਰਾਜ ਦੇ ਦਰਿਆਈ ਪਾਣੀਆਂ ਵਿਚ ਭਾਰਤ ਦੀ ਜੱਥੇਬੰਦ ਸਰਕਾਰ ਦੀ ਦਖ਼ਲਬਾਜੀ ਅਸੰਵਿਧਾਨਕ ਹੈ।
ਭਾਰਤੀ ਸੰਵਿਧਾਨ ਦਾ ਮਜ਼ਮੂਨ 262 ਪਾਣੀਆਂ ਦੇ ਝਗੜੇ ਨਾਲ ਸੰਬੰਧਤ ਹੈ। ਇਹ ਹੇਠ ਅਨੁਸਾਰ ਪੜਿਆ ਜਾਂਦਾ ਹੈ:
(1) ਕਿਸੇ ਵੀ ਅੰਤਰਰਾਜੀ ਦਰਿਆ ਜਾਂ ਦਰਿਆਈ ਘਾਟੀ ਦਾ ਜਾਂ ਪਾਣੀ ਦੀ ਵਰਤੋਂ, ਵੰਡ ਜਾਂ ਕਬਜ਼ੇ ਦੇ ਝਗੜੇ ਜਾਂ ਸ਼ਿਕਾਇਤ ਲਈ ਸੰਸਦ ਕਾਨੂੰਨ ਦੇ ਦਾਇਰੇ ਵਿਚ ਆਪਣਾ ਫੈਸਲਾ ਦੇ ਸਕਦੀ ਹੈ।

(2) ਸੰਵਿਧਾਨ ਵਿਚ ਕਿਸੇ ਚੀਜ਼ ਦਾ ਵਿਰੋਧ ਨਾ ਕਰਦੇ ਹੋਏ, ਸੰਸਦ ਕਾਨੂੰਨ ਦੇ ਤਹਿਤ ਫੈਸਲਾ ਲੈ ਸਕਦਾ ਹੈ ਕਿ ਨਾਂ ਤੇ ਸੁਪਰੀਮ ਕੋਰਟ ਤੇ ਨਾਂ ਹੀ ਕੋਈ ਅਦਾਲਤ, ਉਪਵਾਕ (1) ਵਿਚ ਜਿਕਰ ਕੀਤੇ ਕਿਸੇ ਝਗੜੇ ਜਾਂ ਸ਼ਿਕਾਇਤ ਲਈ ਆਪਣਾ ਅਧਿਕਾਰ ਖ਼ੇਤਰ ਜਮਾ ਸਕਦੀ ਹੈ।

ਇਹ ਲੇਖ ਸਪਸ਼ਟ ਤੌਰ ਤੇ ਅੰਤਰਰਾਜੀ ਦਰਿਆਵਾਂ ਅਤੇ ਦਰਿਆਈ ਘਾਟੀਆਂ ਦੇ ਪਾਣੀ ਨਾਲ ਸੰਬੰਧਤ ਹੈ। ਇਸਦਾ ਰਾਜ ਦੇ ਦਰਿਆਈ ਪਾਣੀਆਂ ਨਾਲ ਕੋਈ ਸਰੋਕਾਰ ਨਹੀਂ ਹੈ। ਇਸ ਲਈ ਸੰਸਦ ਨੂੰ ਵੀ ਰਾਜ ਦੇ ਦਰਿਆਈ ਪਾਣੀਆਂ ਲਈ ਕੋਈ ਅਧਿਕਾਰ ਖ਼ੇਤਰ ਨਹੀਂ ਦਿੱਤਾ ਗਿਆ ਸੀ।

ਭਾਰਤੀ ਸੰਘ ਜਾਂ ਸੰਸਦ ਨੂੰ ਰਾਜ ਦੇ ਦਰਿਆਈ ਪਾਣੀਆਂ ਦੇ ਮਸਲੇ ਵਿਚ ਕੋਈ ਸ਼ਕਤੀਆਂ ਨਾ ਦੇਣ ਦਾ ਕਾਰਣ, ਇਹ ਹੈ ਕਿ ਇਹ ਵਿਸ਼ਾ ਰਾਜ ਸੂਚੀ ਵਿਚ ਸ਼ਾਮਲ ਹੈ ਜਿਸ ਲਈ ਸਿਰਫ ਰਾਜ ਕੋਲ ਹੀ ਅਧਿਕਾਰ ਖ਼ੇਤਰ ਹੈ।

ਮਜ਼ਮੂਨ 246 (3) ਰਾਜ ਦੇ ਵਿਧਾਨ ਮੰਡਲ ਨੂੰ ਰਾਜ ਸੂਚੀ ਦੇ ਕਿਸੇ ਵੀ ਵਿਸ਼ੇ ਤੇ ਕਾਨੂੰਨ ਪਾਸ ਕਰਨ ਦੀ ਨਿਵੇਕਲੀ ਸ਼ਕਤੀ ਪ੍ਰਦਾਨ ਕਰਦੀ ਹੈ। ਇਸਨੂੰ ਪੜ੍ਹਿਆ ਜਾਂਦਾ ਹੈ:

ਉਪਵਾਕ 1 ਅਤੇ 2 ਦੇ ਅਧੀਨ ਕਿਸੇ ਰਾਜ ਦੇ ਵਿਧਾਨ ਮੰਡਲ ਕੋਲ ਇਹੋ ਜਿਹੇ ਰਾਜ ਜਾਂ ਕਿਸੇ ਵੀ ਹਿੱਸੇ ਵਿਚ ਸੂਚੀ 11 ਦੇ 7ਵੀਂ ਅਨੁਸੂਚੀ (ਇਸ ਵਿਚ ਸੰਵਿਧਾਨ ਦਾ ਉੱਲੇਖ "ਰਾਜ ਸੂਚੀ" ਲਈ ਹੋਇਆ ਹੈ) ਵਿਚ ਦੱਸੇ ਕਿਨ੍ਹਾਂ ਵੀ ਮਾਮਲਿਆਂ ਲਈ ਕਾਨੂੰਨ ਬਣਾਉਣ ਦਾ ਨਿਵੇਕਲਾ ਅਧਿਕਾਰ ਹੁੰਦਾ ਹੈ।

ਮਜ਼ਮੂਨ 246 (1) ਦੇ ਮੁਤਾਬਕ ਸੰਸਦ ਕੋਲ "ਸੰਘ ਸੂਚੀ" ਦੀ ਤਰ੍ਹਾਂ 7ਵੀਂ ਅਨੁਸੂਚੀ ਦੀ ਸੂਚੀ 1 ਵਿਚ ਵਿਵਰਣ ਕੀਤੇ ਵਿਸ਼ਿਆਂ ਤੇ ਕਾਨੂੰਨ ਪਾਸ ਕਰਣ ਦਾ ਨਿਵੇਕਲਾ ਅਧਿਕਾਰ ਹੁੰਦਾ ਹੈ।

ਮਜ਼ਮੂਨ 246 (2) ਦੇ ਮੁਤਾਬਕ ਸੰਸਦ ਅਤੇ ਰਾਜ ਦੇ ਵਿਧਾਨ ਮੰਡਲ ਨੂੰ "ਸਮਵਰਤੀ ਸੂਚੀ" ਦੀ ਤਰ੍ਹਾਂ 7ਵੀਂ ਅਨੁਸੂਚੀ ਵਿਚ, ਸੂਚੀ 111 ਵਿਚ ਵਿਵਰਣ ਕੀਤੇ ਵਿਸ਼ਿਆਂ ਤੇ ਕਾਨੂੰਨ ਪਾਸ ਕਰਣ ਦਾ ਅਧਿਕਾਰ ਸੌਂਪਿਆ ਜਾਂਦਾ ਹੈ।

ਸੰਵਿਧਾਨ ਇਸ ਤਰ੍ਹਾਂ ਸੰਘ ਅਤੇ ਰਾਜ ਸੂਚੀ ਵਿਚ ਵਿਸਤ੍ਰਿਤ ਵਿਸ਼ੇ ਦੇ ਕੇ ਸੰਸਦ ਅਤੇ ਰਾਜ ਦੇ ਵਿਧਾਨ ਮੰਡਲ ਦੀਆਂ ਨਿਵੇਕਲੀਆਂ ਸ਼ਕਤੀਆਂ ਨੂੰ ਅੱਡ ਕਰਦਾ ਹੈ। ਰਾਜ ਦੇ ਦਰਿਆਈ ਪਾਣੀ ਰਾਜ ਸੂਚੀ ਵਿਚ ਹੁੰਦੇ ਹਨ। ਆਪਣੇ ਰਾਜ ਦੇ ਦਰਿਆਵਾਂ ਨਾਲ ਸੰਬੰਧਤ ਕਾਨੂੰਨ ਪਾਸ ਕਰਨ ਦਾ ਸੰਵਿਧਾਨਕ ਅਧਿਕਾਰ ਸਿਰਫ ਰਾਜ ਕੋਲ ਹੀ ਹੁੰਦਾ ਹੈ।



ਪੰਜਾਬ ਪੁਨਰਗਠਨ ਐਕਟ 1956 ਦੀ ਧਾਰਾਵਾਂ 78 ਤੋਂ 80 ਨੂੰ ਗੈਰ ਕਾਨੂੰਨੀ, ਬੇਕਾਰ ਅਤੇ ਗ਼ੈਰ ਸੰਵਿਧਾਨਕ ਮੰਨਦੇ ਹੋਏ ਕਈ ਵਾਰ ਲਿਖਤ ਅਪੀਲਾਂ ਰਾਹੀਂ ਪੰਜਾਬ ਹਾਈ ਕੋਰਟ ਅਤੇ ਭਾਰਤ ਦੇ ਸੁਪਰੀਮ ਕੋਰਟ ਵਿਚ ਲਲਕਾਰਿਆ ਗਿਆ ਸੀ। ਇਨ੍ਹਾਂ ਧਾਰਾਵਾਂ ਨੂੰ ਅੱਤਵਾਦ ਕਹਿੰਦੇ ਹੋਏ ਅਤੇ 1976 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਕੀਤੇ ਐਲਾਨ ਨੂੰ ਨਾਜ਼ਾਇਜ਼ ਅਤੇ ਬਿਨ੍ਹਾਂ ਬੱਝਵੇਂ ਪ੍ਰਭਾਵ ਦਸਦੇ ਹੋਏ ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਦਰਜ ਕਰਵਾਇਆ ਗਿਆ ਮਾਮਲਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਜੋ ਕਿ 1980 ਵਿਚ ਸੱਤਾ ਵਿਚ ਆਈ ਸੀ ਵਲੋਂ ਉਦੋਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਉਪਰ ਬਹੁਤ ਜ਼ਿਆਦਾ ਦਬਾਅ ਪਾ ਕੇ ਖਾਰਿਜ ਕਰਵਾ ਦਿੱਤਾ ਗਿਆ ਸੀ। ਪੰਜਾਬ ਹਾਈ ਕੋਰਟ ਵਿੱਚ ਕਿਸਾਨ ਸਭਾਵਾਂ ਵਰਗੀਆਂ ਕਈ ਕਿਸਾਨ ਜਥੇਬੰਦੀਆਂ ਅਤੇ ਕਈ ਹੋਰ ਪ੍ਰਭਾਵਿਤ ਲੋਕਾਂ ਵਲੋਂ 1981 ਦੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਨਾਜਾਇਜ਼ ਵੰਡ ਖਿਲਾਫ ਦਰਜ ਕਰਵਾਇਆ ਗਿਆ ਮਾਮਲਾ, ਜੋ ਕਿ ਪੰਜਾਬ ਦੇ ਚੀਫ ਜਸਟਿਸ ਦੀ ਅਗਵਾਈ ਹੇਠ 15 ਨਵੰਬਰ, 1983 ਨੂੰ ਆਖਰੀ ਸੁਣਵਾਈ ਲਈ ਮੁਕਰੱਰ ਕੀਤਾ ਗਿਆ ਸੀ, 18 ਨਵੰਬਰ, 1983 ਨੂੰ ਭਾਰਤ ਸਰਕਾਰ ਦੀ ਕੌਂਸਲ ਦੀ ਜ਼ੁਬਾਨੀ ਬੇਨਤੀ 'ਤੇ ਸੁਪਰੀਮ ਕੋਰਟ ਨੂੰ ਤਬਦੀਲ ਕਰ ਦਿੱਤਾ ਗਿਆ ਸੀ। ਪੰਜਾਬ ਦੇ ਚੀਫ ਜਸਟਿਸ ਐਸ. ਐਸ. ਸੰਧਾਵਾਲੀਆ ਵਲੋਂ ਇਸ ਮਾਮਲੇ ਦੀ ਸੁਣਵਾਈ ਲਈ ਨਿਰਧਾਰਤ ਕੀਤੇ ਦਿਨ ਤੋਂ ਇਕ ਦਿਨ ਪਹਿਲਾਂ ਨਵੰਬਰ 14, 1983 ਨੂੰ ਭਾਰਤ ਸਰਕਾਰ ਵਲੋਂ ਇਸਦਾ ਤਬਾਦਲਾ ਪਟਨਾ ਹਾਈ ਕੋਰਟ ਕਰ ਦਿੱਤਾ ਗਿਆ। ਉਹ, ਮੁਕੱਦਮੇ ਦੇ ਇਸ ਇਲਜ਼ਾਮ ਨੂੰ ਟਾਲਣ ਲਈ ਕਿ ਇਹ ਸਭ ਕੁਝ ਉਨ੍ਹਾਂ ਵਲੋਂ ਮਾਮਲੇ ਦੇ ਫੈਸਲਿਆਂ ਨੂੰ ਟਾਲਣ ਲਈ ਕੀਤਾ ਗਿਆ ਸੀ, ਇਸ ਦਾ ਪ੍ਰਮਾਣ ਦਿੰਦੇ ਹੋਏ ਵੀਹ ਤੋਂ ਵੀ ਵੱਧ ਵਰ੍ਹਿਆਂ ਤੋਂ ਸੁਪਰੀਮ ਕੋਰਟ ਵਿੱਚ ਆਖਰੀ ਸੁਣਵਾਈ ਦਾ ਇੰਤਜ਼ਾਰ ਕਰ ਰਹੇ ਹਨ। ਇਹ ਅਸਲ ਵਿਚ ਹੀ ਵਿਸ਼ਵਾਸ ਯੋਗ ਨਹੀਂ ਸਨ।

## 1985 ਰਾਜੀਵ – ਲੌਂਗੋਵਾਲ ਸਮਝੌਤਾ ਗ਼ੈਰ ਸੰਵਿਧਾਨਕ

29 ਜੁਲਾਈ 1985 ਨੂੰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਹਰਚੰਦ ਸਿੰਘ ਲੌਂਗੋਵਾਲ, ਦੱਲਾਂ ਵਿਚੋਂ ਇਕ ਦਾ ਪ੍ਰਧਾਨ, ਵਲੋਂ ਕੀਤੇ ਗਏ ਹਸਤਾਖਰ ਹੇਠ, ਰਾਜੀਵ – ਲੌਂਗੋਵਾਲ ਸਮਝੌਤੇ ਦੇ ਰੂਪ ਵਿਚ 1985 ਵਿਚ ਪੰਜਾਬ ਦੇ ਦਰਿਆਈ ਪਾਣੀਆਂ ਦੇ ਵਿਵਾਦ ਨੂੰ ਇਕ ਨਵਾਂ ਮੋੜ ਦਿੱਤਾ ਗਿਆ, ਇਨ੍ਹਾਂ ਗੁਪਤ ਰੱਖਦੇ ਹੋਏ ਕਿ, ਅਕਾਲੀ

ਦਲ ਦੀ ਪ੍ਰਬੰਧਕੀ ਕਮੇਟੀ ਅਤੇ ਹਾਈ ਕਮਾਂਡ ਨੂੰ ਵੀ ਇਸਦਾ ਪਤਾ ਸਮਝੌਤਾ ਹੋਣ ਤੋਂ ਬਾਅਦ ਅਖਬਾਰਾਂ ਵਿਚਲੀਆਂ ਰਿਪੋਰਟਾਂ ਪੜ ਕੇ ਲੱਗਾ, ਉਨ੍ਹਾਂ ਦੀ ਸਲਾਹ ਜਾਂ ਮਰਜ਼ੀ ਬਾਰੇ ਤਾਂ ਕੀ ਹੀ ਕਹਿਣਾ। ਹਰਚੰਦ ਸਿੰਘ ਲੌਂਗੋਵਾਲ ਉਸ ਵੇਲੇ ਅਕਾਲੀ ਦਲਾਂ ਵਿਚੋਂ ਸਿਰਫ ਇਕ ਦਾ ਪ੍ਰਧਾਨ ਸੀ, ਜਿਸਨੂੰ ਉਸ ਵੇਲੇ ਦੇ ਸਿੱਖਾਂ ਦੇ ਬਹੁਮਤ ਦਾ ਸਮਰਥਨ ਹਾਸਲ ਨਹੀਂ ਸੀ। ਇਹੋ ਜਿਹਾ ਸਮਝੌਤਾ ਕਰਣ ਦਾ ਉਸ ਨੂੰ ਪੰਜਾਬ ਸਰਕਾਰ ਵਲੋਂ ਕੋਈ ਹੱਕ ਨਹੀਂ ਸੀ। ਇਸ ਲਈ ਪੰਜਾਬ ਰਾਜ ਵਲੋਂ ਕਿਸੇ ਵੀ ਸਮਝੌਤੇ ਵਿਚ ਸ਼ਾਮਲ ਹੋਣਾ ਉਸਦੇ ਅਧਿਕਾਰ ਖੇਤਰ ਵਿੱਚ ਨਹੀਂ ਸੀ। ਇਹ ਸਮਝੌਤਾ ਸ਼ਰੇਆਮ ਗੈਰ ਕਾਨੂੰਨੀ, ਗ਼ੈਰ ਸੰਵਿਧਾਨਕ ਅਤੇ ਅਣ ਅਧਿਕਾਰਤ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੇ ਸਮਝੌਤੇ ਸੰਬੰਧੀ ਨਿਯਮ ਹੇਠ ਅਨੁਸਾਰ ਹਨ:

9.1 ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨ ਉਸ ਤੋਂ ਘੱਟ ਪਾਣੀ ਨਹੀਂ ਲੈਣਗੇ ਜਿਨ੍ਹਾਂ ਉਹ 1.7.1985 (ਜੁਲਾਈ 01, 1985) ਨੂੰ ਰਾਵੀ-ਬਿਆਸ ਪ੍ਰਣਾਲੀ ਹੇਠ ਲੈ ਰਹੇ ਹਨ। ਖਪਤ ਦੇ ਉਦੇਸ਼ ਨਾਲ ਬਰਤਿਆ ਜਾਣ ਵਾਲਾ ਪਾਣੀ ਇਸ ਹੇਠ ਪ੍ਰਭਾਵਿਤ ਨਹੀਂ ਹੋਵੇਗਾ। ਵਰਤੋਂ ਦੇ ਦਾਵੇ ਦੀ ਪੜਤਾਲ ਹੇਠਾਂ ਪੈਰਾ 9.2 ਵਿਚ ਨਿਰਧਾਰਤ ਅਦਾਲਤ ਵਲੋਂ ਕੀਤੀ ਜਾਵੇਗੀ।

9.2 ਪੰਜਾਬ ਅਤੇ ਹਰਿਆਣਾ ਦਾ ਉਨ੍ਹਾਂ ਦੇ ਬਚੇ ਹੋਏ ਪਾਣੀਆਂ ਦੇ ਦਾਵੇ ਦਾ ਨਿਰਧਾਰਣ ਸੁਪਰੀਮ ਕੋਰਟ ਵਲੋਂ ਸੰਚਾਲਿਤ ਅਦਾਲਤ ਦੇ ਫੈਸਲੇ ਹੇਠ ਕੀਤਾ ਜਾਵੇਗਾ। ਇਸ ਅਦਾਲਤ ਦਾ ਫੈਸਲਾ ਛੇ ਮਹੀਨਿਆਂ ਦੇ ਅੰਦਰ ਪੇਸ਼ ਕੀਤਾ ਜਾਵੇਗਾ ਅਤੇ ਇਹ ਦੋਹਾਂ ਪੱਖਾਂ ਉਪਰ ਬੱਝਵਾਂ ਹੋਵੇਗਾ। ਇਸ ਸੰਬੰਧ ਵਿਚ ਸਾਰੇ ਕਾਨੂੰਨੀ ਅਤੇ ਸੰਵਿਧਾਨਕ ਕਦਮ ਛੇਤੀ ਚੁੱਕੇ ਜਾਣਗੇ;

ਐਸ. ਵਾਈ. ਐਲ. ਨਹਿਰ ਦੀ ਉਸਾਰੀ ਜਾਰੀ ਰਹੇਗੀ। 15 ਅਗਸਤ 1986 ਤਕ ਨਹਿਰ ਤਿਆਰ ਹੋ ਜਾਣੀ ਚਾਹੀਦੀ ਹੈ। ਇਹ ਸਮਝੌਤਾ ਸਪਸ਼ਟ ਰੂਪ ਵਿਚ ਗ਼ੈਰ ਸੰਵਿਧਾਨਕ ਅਤੇ ਨਾਜਾਇਜ਼ ਹੈ। ਹਰਚੰਦ ਸਿੰਘ ਲੌਂਗੋਵਾਲ ਕੋਲ ਪੰਜਾਬ ਨੂੰ ਪੇਸ਼ ਕਰਣ ਦਾ ਕੋਈ ਅਧਿਕਾਰ ਖੇਤਰ ਅਤੇ ਕਾਨੂੰਨੀ ਹਾਮੀ ਨਾ ਹੁੰਦੇ ਹੋਏ ਅਤੇ ਰਾਜੀਵ ਗਾਂਧੀ, ਪ੍ਰਧਾਨ ਮੰਤਰੀ, ਦਾ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਅਧਿਕਾਰ ਖੇਤਰ ਹੁੰਦੇ ਹੋਏ, ਖਾਸ ਤੌਰ ਜਦੋਂ ਪੰਜਾਬ ਸਰਕਾਰ ਦੇ ਪੰਜਾਬ ਦੇ ਵਿਧਾਨ ਮੰਡਲ ਅਧੀਨ ਰਾਜ ਸੂਚੀ ਦਾ ਵਿਸ਼ਾ ਹੁੰਦੇ ਹੋਏ।

20

ਅੰਤਰ-ਰਾਜੀ ਪਾਣੀ ਦੇ ਵਿਵਾਦਾਂ ਦੇ ਐਕਟ 1956 "ਵਿਚ ਧਾਰਾ 14 ਨੂੰ ਸ਼ਾਮਲ ਕਰਕੇ ਇਕ ਹੋਰ ਗੈਰ ਸੰਵਿਧਾਨਕ ਬਦਲਾਓ ਕੀਤਾ ਗਿਆ ਸੀ।ਇਹ ਹੇਠ ਅਨੁਸਾਰ ਪੜ੍ਹਿਆ ਜਾਂਦਾ ਹੈ"

14(f) ਇਸ ਐਕਟ ਦੇ ਪਹਿਲਿਆਂ ਨਿਯਮਾਂ ਵਿਚ ਸ਼ਾਮਲ ਕੁਝ ਵੀ ਹੋਣ ਦੇ ਬਾਵਜੂਦ ਵੀ, ਅਧਿਕਾਰਕ ਰਾਜ-ਪੱਤਰ ਵਿਚ ਕੇਂਦਰੀ ਸਰਕਾਰ ਨੂੰ ਇਸ ਐਕਟ ਦੇ ਅਧੀਨ ਇਕ ਅਦਾਲਤ ਦਾ ਗਠਨ ਕਰਣ ਲਈ ਸੂਚਿਤ ਕਰ ਸਕਦੀ ਹੈ, ਜਿਸ ਨੂੰ ਪੰਜਾਬ ਸਮਝੌਤੇ (ਰਾਜੀਵ ਲ਼ੌਂਗੋਵਾਲ ਸਮਝੌਤਾ) ਦੇ ਪੈਰਿਆਂ 9.1 ਅਤੇ 9.2 ਵਿਚ ਕ੍ਰਮ ਅਨੁਸਾਰ ਨਿਰਦੇਸ਼ਿਤ ਮਾਮਲਿਆਂ ਦੀ ਛਾਣਬੀਣ ਅਤੇ ਨਿਯਮਾਂ ਲਈ ਰਾਵੀ-ਬਿਆਸ ਪਾਣੀਆਂ ਦੀ ਅਦਾਲਤ ਵਜੋਂ ਜਾਣੀ ਜਾਵੇ।

ਜਦੋਂ ਉਪ ਧਾਰਾ (1) ਤਹਿਤ ਇਕ ਅਦਾਲਤ ਦਾ ਗਠਨ ਕੀਤੀ ਜਾਂਦੀ ਹੈ, ਇਸ ਐਕਟ ਦੀ ਧਾਰਾ (4) ਦੀਆਂ ਉਪ ਧਾਰਾਵਾਂ (2) ਅਤੇ (3), ਧਾਰਾ (5) ਦੀਆਂ ਉਪ ਧਾਰਾਵਾਂ (2) ਅਤੇ (3) ਅਤੇ ਧਾਰਾ (5ਅ) ਤੋਂ ਧਾਰਾ 13 (ਦੋਵੇਂ ਮਿਲਾ ਕੇ) ਤਹਿਤ ਧਾਰਾ (1) ਹੇਠ ਇਸ ਅਦਾਲਤ ਦੇ ਗਠਨ, ਅਧਿਕਾਰ ਖੇਤਰ ਦੀਆਂ ਸ਼ਕਤੀਆਂ, ਇਸਦੇ ਅਧਿਕਾਰ ਨਿਰਧਾਰਤ ਕੀਤੇ ਜਾਂਦੇ ਹਨ।

ਧਾਰਾ (1) ਦੇ ਅਧੀਨ ਜਦੋਂ ਇਕ ਅਦਾਲਤ ਸਥਾਪਤ ਕੀਤੀ ਜਾਵੇਗੀ, ਕੇਂਦਰ ਸਰਕਾਰ ਆਪ ਹੀ ਫੈਸਲਾ ਲੈ ਸਕਦੀ ਹੈ ਜਾਂ ਸੰਬੰਧਤ ਰਾਜ ਸਰਕਾਰ ਦੀ ਬੇਨਤੀ 'ਤੇ ਪੰਜਾਬ ਸਮਝੌਤੇ ਦੇ ਪੈਰਾ 9.1 ਅਤੇ 9.2 ਵਿਚ ਵਿਸ਼ੇਸ਼ ਰੂਪ ਵਿਚ ਦਰਜ ਕੀਤੇ ਗਏ ਮਾਮਲਿਆਂ ਨੂੰ ਇਹੋ ਜਿਹੀ ਅਦਾਲਤ ਵੱਲ ਨਿਰਦੇਸ਼ਿਤ ਕਰ ਸਕਦੀ ਹੈ। ਇਸ ਧਾਰਾ ਦੇ ਉੱਦੇਸ਼ ਲਈ ਪੰਜਾਬ ਸਮਝੌਤੇ ਦੀ ਯਾਦਗਾਰੀ ਪੱਤਰ ਉਪਰ ਜੁਲਾਈ ਦੇ 24 ਵੇਂ ਦਿਨ 1985 ਨੂੰ ਨਵੀਂ ਦਿੱਲੀ ਵਿਖੇ ਹਸਤਾਖਰ ਕੀਤੇ ਗਏ।

ੜਿ ਇਹ ਧਾਰਾ ਸਪਸ਼ਟ ਰੂਪ ਵਿਚ ਗੈਰ ਸੰਵਿਧਾਨਕ ਅਤੇ ਨਾਜਾਇਜ਼ ਹੈ। ਇਹ ਪੰਜਾਬ ਸਮਝੌਤੇ (ਰਾਜੀਵ - ਲੌਂਗੋਵਾਲ ਸਮਝੌਤਾ) ਦੇ ਪੈਰਾ 9.1 ਅਤੇ 9.2 ਵਿਚ ਨਿਰਦੇਸ਼ਿਤ ਮਾਮਲਿਆਂ ਦੀ ਛਾਣਬੀਣ ਅਤੇ ਨਿਆਂ ਲਈ ਅਦਾਲਤ ਸਥਾਪਤ ਕਰਣ ਤੇ ਆਧਾਰਿਤ ਹੈ, ਜੋ ਸਮਝੌਤਾ ਜਾਂ ਸੰਧੀ ਆਪਣੇ ਆਪ ਵਿਚ ਹੀ ਗੈਰ ਸੰਵਿਧਾਨਕ ਅਤੇ ਨਾਜਾਇਜ਼ ਹੈ, ਜੋ ਰਾਜ ਦਾ ਵਿਸ਼ਾ ਹੈ ਅਤੇ ਸੰਵਿਧਾਨ ਹੇਠ ਜਿਸ ਉਪਰ ਸਿਰਫ਼ ਰਾਜ ਅਤੇ ਇਸਦੇ ਵਿਧਾਨ

ਮੰਡਲ ਦਾ ਹੀ ਅਧਿਕਾਰ ਹੁੰਦਾ ਹੈ, ਕੇਂਦਰ ਸਰਕਾਰ ਅਤੇ ਸੰਸਦ ਦਾ ਇਸ ਨਾਲ ਸੌਦਾ ਕਰਣ ਦਾ ਅਤੇ ਇਸ ਨਾਲ ਸੰਬੰਧਤ ਕਾਨੂੰਨ ਬਣਾਓਣ ਦਾ ਕੋਈ ਅਧਿਕਾਰ ਖੇਤਰ ਨਹੀ ਹੈ। ਪੰਜਾਬ ਦੇ ਦਰਿਆਵਾਂ ਦਾ ਪਾਣੀ ਪੰਜਾਬ ਖੇਤਰ ਵਿਚੋਂ ਹੋ ਕੇ ਵਹਿੰਦਾ ਹੈ ਅਤੇ ਹਰਿਆਣਾ ਅਤੇ ਰਾਜਸਥਾਨ ਵਿਚੋਂ ਨਹੀਂ ਹੋ ਕੇ ਵਹਿੰਦਾ ਅਤੇ ਨਾ ਹੀ ਇਹ ਦਰਿਆਈ ਪਾਣੀ ਉਨ੍ਹਾਂ ਰਾਜਾਂ ਵਿਚੋਂ ਹੋ ਕੇ ਵਾਪਿਸ ਆਓਂਦਾ ਹੈ। ਇਸ ਲਈ ਅੰਤਰ ਰਾਜੀ ਪਾਣੀਆਂ ਦੇ ਵਿਵਾਦਾਂ ਦੇ ਐਕਟ 1956 ਹੇਠ ਕੋਈ ਅਰਜ਼ੀ ਨਹੀਂ ਹੋ ਸਕਦੀ।

21

## ਈਰਾਡੀ ਅਦਾਲਤ ਦੇ ਸਮਝੌਤੇ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਕ

ਈਰਾਡੀ ਅਦਾਲਤ ਦੀ ਸਥਾਪਨਾ ਆਪਣੇ ਆਪ ਵਿਚ ਹੀ ਗੈਰ ਕਾਨੂੰਨੀ ਅਤੇ ਬਿਨ੍ਹਾਂ ਅਧਿਕਾਰ ਖੇਤਰ ਦੇ ਸੀ। ਇਹ ਅਦਾਲਤ ਭਾਰਤ ਸਰਕਾਰ ਵਲੋਂ ਅਪ੍ਰੈਲ 2, 1986 ਨੂੰ ਅੰਤਰਰਾਜੀ ਦਰਿਆਈ ਪਾਣੀਆਂ ਦੇ ਵਿਵਾਦਾਂ ਦੇ ਐਕਟ 1956 ਅਧੀਨ ਬਣਾਈ ਗਈ ਸੀ ਜਿਸ ਵਿਚ ਰਾਜੀਵ - ਲੌਂਗੋਵਾਲ ਸਮਝੌਤੇ ਦੇ ਐਲਾਨ ਨੂੰ ਇਸਦਾ ਆਧਾਰ ਬਣਾਉਂਦੇ ਹੋਏ ਇਕ ਨਵੀਂ ਧਾਰਾ 14 ਜੋੜੀ ਗਈ ਸੀ। ਅਸਲ ਵਿਚ ਸਮਝੌਤੇ ਦੇ ਪੈਰਾ 9.1 ਅਤੇ 9.2 ਦੇ ਤਹਿਤ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਪੰਜਾਬ ਅਤੇ ਹਰਿਆਣਾ ਵਿਚ ਵੰਡਣ ਲਈ ਅਦਾਲਤ ਦੇ ਨਿਰਦੇਸ਼ਨਾ ਹੇਠ ਬਣਾਏ ਗਏ ਸਨ। ਰਾਜੀਵ-ਲੌਂਗੋਵਾਲ ਸਮਝੌਤਾ ਕਾਨੂੰਨੀ ਤੌਰ ਤੇ ਪ੍ਰਮਾਣਿਤ ਨਹੀਂ ਸੀ ਕਿਓਂ ਜੋ ਹਰਚੰਦ ਸਿੰਘ ਲੌਂਗੋਵਾਲ ਪੰਜਾਬ ਦੀ ਪ੍ਰਤੀਨਿਧਤਾ ਦੇ ਕਿਸੇ ਅਧਿਕਾਰਕ ਪੱਧਰ ਤੇ ਨਹੀਂ ਸੀ। ਉਹ ਸਿਰਫ ਪੰਜਾਬ ਵਿਚ ਅਕਾਲੀਆਂ ਦੇ ਦਲਾਂ ਵਿਚੋਂ ਇੱਕ ਦਾ ਪ੍ਰਧਾਨ ਸੀ। ਇਸ ਨੂੰ ਕਦੇ ਵੀ ਪੰਜਾਬ ਰਾਜ ਅਤੇ ਭਾਰਤ ਸਰਕਾਰ ਵਿਚਕਾਰ ਹੋਏ ਸਮਝੌਤੇ ਦੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਪੰਜਾਬ ਵਿਚ ਰਤਸ਼ਟਰਪਤੀ ਸ਼ਾਸਨ ਸੀ ਅਤੇ ਰਾਜਪਾਲ ਰਾਜ ਦਾ ਮੁੱਖੀ ਹੁੰਦਾ ਸੀ - ਲੌਂਗੋਵਾਲ ਕਿਸੀ ਵੀ ਸਥਿਤੀ ਵਿਚ ਪੰਜਾਬ ਦੀ ਪ੍ਰਤੀਨਿਧਤਾ ਕਰਨ ਦੇ ਆਕਾਰ ਵਿਚ ਨਹੀਂ ਸੀ। ਉਸ ਕੋਲ ਤਾਂ ਪੰਜਾਬ ਵਿਚ ਸਿੱਖਾਂ ਦੇ ਬਹੁਮਤ ਦੀ ਵੀ ਪ੍ਰਤੀਨਿਧਤਾ ਨਹੀਂ ਸੀ। ਇਸ ਤੋਂ ਇਲਾਵਾ ਅੰਤਰਰਾਜੀ ਦਰਿਆਈ ਪਾਣੀਆਂ ਦਾ ਐਕਟ ਪੰਜਾਬ ਦੇ ਦਰਿਆਈ ਪਾਣੀਆਂ, ਜੋ ਕਿ ਅੰਤਰਰਾਜੀ ਦਰਿਆ ਨਹੀਂ ਸਨ, ਲਈ ਢੁੱਕਵਾਂ ਨਹੀਂ ਹੋ ਸਕਦਾ ਸੀ ਕਿਓਂ ਜੋ ਪੰਜਾਬ ਦੇ ਦਰਿਆ ਸਿਰਫ ਪੰਜਾਬ ਵਿਚ ਹੀ ਵਹਿੰਦੇ ਹਨ ਹੋਰ ਕਿਸੇ ਰਾਜ ਵਿਚ ਨਹੀਂ। ਇਸ ਐਕਟ ਵਿਚ ਅਦਾਲਤ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦੇ ਨਿਰਦੇਸ਼ਨ ਲਈ ਕੋਈ ਖੰਡ ਬਨਾਉਣ ਲਈ ਕਿਸੇ ਧਾਰਾ ਨੂੰ ਸ਼ਾਮਲ ਨਹੀਂ ਕੀਤਾ ਜਾ ਸਕਦਾ ਸੀ ਜੋ ਅਦਾਲਤ ਇਸ ਐਕਟ ਅਧੀਨ ਅੰਤਰਰਾਜੀ ਦਰਿਆਈ ਪਾਣੀਆਂ ਦੇ ਵਿਵਾਦਾਂ ਲਈ ਸਥਾਪਿਤ ਕੀਤੀ ਗਈ ਸੀ। ਰਾਜ ਦਾ ਦਰਿਆਈ ਪਾਣੀ ਸੰਵਿਧਾਨ ਅਧੀਨ ਸਿਰਫ ਰਾਜ ਸਰਕਾਰ ਅਤੇ ਰਾਜ ਦੇ ਵਿਧਾਨ ਮੰਡਲ ਦੇ ਅਧਿਕਾਰ ਖ਼ੇਤਰ ਵਿਚ ਹੁੰਦਾ ਹੈ ਅਤੇ ਯੂਨਿਅਨ ਸਰਕਾਰ ਅਤੇ ਸੰਸਦ ਦਾ ਕਿਸੇ ਵੀ ਸੰਬੰਧ ਵਿਚ ਦਖ਼ਲਬਾਜੀ ਕਰਨ ਦਾ ਕੋਈ ਅਧਿਕਾਰ ਨਹੀਂ ਹੋ ਸਕਦਾ ਜੋ ਸਿਰਫ ਅੰਤਰਰਾਜੀ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਹੀ ਦਖ਼ਲ ਦੇ ਸਕਦੇ ਹਨ। ਇਸ ਲਈ ਈਰਾਡੀ ਅਦਾਲਤ ਨੂੰ ਪੰਜਾਬ ਦੇ ਦਰਿਆਈ ਪਾਣੀਆ ਦਾ ਨਿਰਦੇਸ਼ਨ ਗ਼ੈਰ ਕਾਨੂੰਨੀ ਸੀ ਅਤੇ ਭਾਰਤੀ ਸੰਵਿਧਾਨ ਦੀ ਉਲੰਘਣਾ ਸੀ।

ਜੋ ਈਰਾਡੀ ਅਦਾਲਤ ਨੇ ਕੀਤਾ ਸੱਭ ਤੋਂ ਉੱਚੇ ਕੋਰਟ ਦੇ ਇਕ ਜੱਜ ਕੋਲੋਂ ਉਮੀਦ ਦੇ ਬਿਲਕੁਲ ਉਲਟ ਸੀ ਜਿਸ ਉੱਤੇ ਜਨਤਾ ਨੂੰ ਅਜੇ ਵੀ ਭਰੋਸਾ ਹੈ। ਇਸ ਅਦਾਲਤ ਨੇ, ਬਿਨਾਂ ਪੰਜਾਬ ਰਾਜ ਦੇ ਜਤਾਏ ਇਤਰਾਜ਼ਾਂ ਤੇ ਫੈਸਲਾ ਕਰਦੇ ਹੋਏ, ਆਪਣੇ ਨਾਜਾਇਜ਼ ਈਰਾਦਿਆਂ ਨੂੰ ਸਪਸ਼ਟ ਕਰਦੇ ਹੋਏ, 1981 ਵਿਚ ਹਰਿਆਣਾ ਦਾ ਹਿੱਸਾ 3.83 ਐਮ.ਏ.ਐਫ ਤੋਂ ਵਧਾ ਕੇ 3.50 ਐਮ.ਏ.ਐਫ ਕਰ ਦਿੱਤਾ। ਭਾਰਤ ਸਰਕਾਰ ਨੇ ਇਸਨੂੰ ਪੰਜ ਮਹੀਨੀਆਂ ਤੱਕ ਲੁੱਕੋ ਕੇ ਰੱਖਿਆ ਅਤੇ ਮਈ 20, 1987 ਨੂੰ ਹਰਿਆਣਾ ਵਿਧਾਨ ਸਭਾ ਦੀ ਚੋਣਾਂ ਦੀ ਸ਼ਾਮ ਕਾਂਗਰਸ ਲਈ ਵੋਟਾਂ ਖਿੱਚਣ ਲਈ ਇਸ ਗੰਭੀਰ ਮਾਮਲੇ ਵਿਚ ਗੰਦੀ ਰਾਜਨੀਤੀ ਖੇਡਦੇ ਹੋਏ ਅਦਾਲਤ ਦੀ ਰਿਪੋਰਟ ਪ੍ਰਕਾਸ਼ਿਤ ਕਰ ਦਿੱਤੀ।ਪੰਜਾਬ ਰਾਜ ਵਲੋਂ 1987 ਵਿਚ ਇਸ ਅਦਾਲਤ ਦੇ ਵਿਰੋਧ ਵਿਚ ਜੋ ਇਤਰਾਜ਼ ਦਰਜ ਕਰਵਾਏ ਗਏ ਸਨ ਜਿਸ ਲਈ ਰਾਜ ਨੂੰ ਕਾਨੂੰਨੀ ਅਧਿਕਾਰ ਦਿੱਤਾ ਗਿਆ ਸੀ, 17 ਸਾਲ ਤੋਂ ਵੀ ਵੱਧ ਸਮੇਂ ਤੋਂ ਅਜੇ ਵੀ ਅਦਾਲਤ ਦੇ ਫੈਸਲੇ ਦਾ ਇੰਤਜ਼ਾਰ ਕਰ ਰਹੇ ਹਨ ਕਿਓਂ ਜੋ ਇਸ ਮਾਮਲੇ ਵਿਚ ਕਾਨੂੰਨੀ ਧਾਰਾਵਾਂ ਦਾ ਕੋਈ ਵੀ ਵਿਸਤਾਰ ਅਦਾਲਤ ਦੇ ਅਧਿਕਾਰ ਖ਼ੇਤਰ ਵਿਚ ਨਹੀਂ ਸੀ।ਅਦਾਲਤ ਇੰਨ੍ਹੇ ਲੰਬੇ ਸਮੇਂ ਤੋਂ ਯਥਾਰਥ ਬੇਜਾਨ ਬਣ ਗਈ ਹੈ। ਪਰ ਹੁਣ 16 ਵਰ੍ਹਿਆਂ ਤੋਂ ਵੀ ਵੱਧ ਸਮੇਂ ਦੇ ਬਾਅਦ ਅਦਾਲਤ ਅਚਨਚੇਤ ਹੀ ਪਾਰਟੀਆਂ ਨੂੰ ਮੁਰਦਾ ਹੋਈ

ਕਾਰਵਾਈਆਂ ਨੂੰ ਦੁਬਾਰਾ ਸ਼ੁਰੂ ਕਰਨ ਦੇ ਨੋਟਿਸ ਦੇਣ ਨਾਲ ਹਰਕਤ ਵਿਚ ਆਈ ਹੈ। ਹੋਰ ਸਾਰੀਆਂ ਗ਼ੈਰ ਕਾਨੂੰਨੀ ਅਤੇ ਸੰਵਿਧਾਨਕ ਉਲੰਘਣਾਵਾਂ ਦੇ ਨਾਲ, ਹੁਣ ਪੰਜਾਬ ਸਭਾ ਦੇ ਨਵੇਂ ਵਿਧਾਨ ਮੰਡਲ: "ਪੰਜਾਬ ਸਮਝੌਤਿਆਂ ਦੇ ਖ਼ਾਤਮਾ ਆਂਕਟ 2004" ਨੇ ਅਦਾਲਤ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਵਿਚ ਇਸਦੀ ਗ਼ੈਰ ਕਾਨੂੰਨੀ ਦਖ਼ਲਬਾਜੀ ਲਈ ਕੋਈ ਥਾਂ ਨਾ ਛਡਦੇ ਹੋਏ, ਪੂਰੀ ਤਰ੍ਹਾਂ ਅਸੰਬੰਧਤ ਬਣਾ ਦਿੱਤਾ ਹੈ।

ਦਰਅਸਲ ਰਾਜੀਵ-ਲੌਂਗੋਵਾਲ ਸਮਝੌਤਾ ਅਤੇ ਈਰਾਡੀ ਅਦਾਲਤ, ਲਾਗੂ ਨਾ ਹੋਣ ਕਰਕੇ ਅਤੇ ਗ਼ੈਰ ਸੰਵਿਧਾਨਕ ਅਤੇ ਨਾਜਾਇਜ਼ ਅਤੇ ਕਿਸੇ ਬੱਜਵੇਂ ਪ੍ਰਭਾਵ ਦੇ ਨਾ ਹੁੰਦੇ ਹੋਏ, ਆਪਣੀ ਨਾਬਾਲਗੀ ਵਿਚ ਆਪਣੀ ਕੁਦਰਤੀ ਮੌਤ ਮਰ ਗਏ ਸਨ। ਸਮਝੌਤੇ ਦਾ ਪਹਿਲਾ ਖੰਡ ਕਿ ਚੰਡੀਗੜ੍ਹ ਜਨਵਰੀ 26, 1986 ਤੋਂ ਪਹਿਲਾਂ ਪੰਜਾਬ ਦੇ ਸਪੁੱਰਦ ਕਰ ਦਿੱਤਾ ਜਾਵੇਗਾ ਕਦੇ ਵੀ ਲਾਗੂ ਨਹੀਂ ਹੋਇਆ ਅਤੇ ਇਸ ਦਾ ਰਾਜ ਦੋ ਦਹਾਕਿਆਂ ਦੇ ਮੁਕਣ ਤੋਂ ਬਾਅਦ ਅਜੇ ਵੀ ਯੂ.ਟੀ. ਵਜੋਂ ਸਮਾਨ ਹੀ ਹੈ। ਕੋਈ ਇਲਾਜ ਨਹੀਂ ਕਿਉਂ ਜੋ ਸਮਝੌਤੇ ਦੀ ਕੋਈ ਕਾਨੂੰਨੀ ਸ਼ੁੱਧੀ ਨਹੀਂ ਸੀ।



ਸਮਝੌਤੇ ਦਾ ਖੰਡ ਜਿਵੇਂ ਕਿ ਅਗਸਤ 15, 1986 ਤੋਂ ਪਹਿਲਾਂ ਐਸ.ਵਾਈ.ਆਲ ਨਹਿਰ ਦੀ ਉਸਾਰੀ ਵੀ ਕੁੱਝ ਕਮੀਆਂ ਕਰਕੇ ਕਦੇ ਲਾਗੂ ਨਹੀਂ ਹੋਇਆ ਸੀ। ਈਰਾਡੀ ਅਦਾਲਤ ਨੇ ਆਪਣਾ ਆਖਿਰੀ ਐਲਾਨ ਨਹੀਂ ਦਿੱਤਾ ਹੈ ਜੱਦਕਿ ਦੋ ਦਹਾਕੇ ਖ਼ਤਮ ਹੋਣ ਜਾ ਰਹੇ ਹਨ ਅਤੇ ਇਹ ਆਪ ਹੀ ਬੇਜਾਨ ਹੋ ਗਈ ਹੈ ਕਿਉਂ ਜੋ 16 ਵਰ੍ਹਿਆਂ ਤੋਂ ਵੀ ਵੱਧ ਸਮੇਂ ਤੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਇਸਨੇ ਜਨਵਰੀ 31, 1987 ਨੂੰ ਆਪਣੀ ਵਿਚਕਾਰਲੀ ਰਿਪੋਰਟ ਦਿੱਤੀ ਸੀ ਜਿਸ ਵਿਰੁੱਧ ਗ਼ੈਰ ਕਾਨੂੰਨੀ ਅਤੇ ਨਾਜਾਇਜ਼ ਹੋਣ ਦਾ ਪੰਜਾਬ ਰਾਜ ਵਲੋਂ ਇਤਰਾਜ਼ ਦਰਜ ਕਰਵਾਇਆ ਗਿਆ ਸੀ ਜਿਸਦੀ ਕਦੇ ਵੀ ਸੁਨਵਾਈ ਨਹੀਂ ਹੋਈ ਅਤੇ ਐਲਾਨ ਦੇ ਫੈਸਲੇ ਬਾਰੇ ਕੋਈ ਵੀ ਸੂਚਨਾ, ਜਿਵੇਂ ਕਿ ਜ਼ਰੂਰੀ ਹੁੰਦੀ ਹੈ, ਨਹੀਂ ਦਿੱਤੀ ਗਈ ਕਿਉਂ ਜੋ ਉੱਥੇ ਕੋਈ ਆਖਿਰੀ ਐਲਾਨ ਨਹੀਂ ਹੈ। ਅਜੇ ਵੀ ਸਮਝੌਤੇ ਅਤੇ ਅਦਾਲਤ ਬਾਰੇ ਗੱਲ ਕਰਨ ਦਾ ਕੋਈ ਤੁੱਕ ਨਹੀਂ ਬਣਦਾ। ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਕੋਈ ਵੀ ਅਦਾਲਤੀ ਫੈਸਲਾ ਨਹੀਂ, ਜਿਵੇਂ ਕਿ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਲੈ ਕੇ, ਜੱਦਕਿ ਤੁਰਤ ਹੀ ਲਲਕਾਰਿਆ ਗਿਆ ਸੀ।

## ਰੀਪੇਰੀਅਨ ਰਾਜਾਂ ਨੂੰ ਦਰਿਆਈ ਪਾਣੀਆਂ ਲਈ ਅੰਤਰਰਾਸ਼ਟਰੀ ਕਾਨੂੰਨ:

1966 ਵਿਚ ਅੰਤਰਰਾਸ਼ਟਰੀ ਕਾਨੂੰਨ ਸੰਸਥਾ ਨੇ ਅੰਤਰਰਾਸ਼ਟਰੀ ਦਰਿਆਈ ਪਾਣੀਆਂ ਤੇ ਹੈਲਸਿੰਕੀ ਦੇ ਕਾਨੂੰਨ ਨੂੰ ਅਪਨਾਇਆ। ਇਨ੍ਹਾਂ ਨਿਯਮਾਂ ਨੂੰ 1896 ਵਿਚ ਸੰਯੁਕਤ ਰਾਸ਼ਟਰੀ ਸੰਮੇਲਨ ਵਿਚ ਅਪਨਾਇਆ ਗਿਆ ਸੀ ਅਤੇ ਪ੍ਰਚਲਿਤ ਅੰਤਰਰਾਸ਼ਟਰੀ ਕਾਨੂੰਨ ਵਜੋਂ ਅੰਤਰਰਾਸ਼ਟਰੀ ਵਿਸ਼ਵ ਵਲੋਂ ਸਵੀਕਾਰ ਕੀਤਾ ਗਿਆ ਸੀ। ਸੰਯੁਕਤ ਰਾਸ਼ਟਰਾਂ ਵਲੋਂ ਸਵੀਕਾਰ ਇਸ ਅੰਤਰਰਾਸ਼ਟਰੀ ਕਾਨੂੰਨ ਵਿਚ ਦਰਿਆਈ ਪਾਣੀਆਂ ਦੀ ਵਰਤੋਂ ਸਿਰਫ ਰੀਪੇਰੀਅਨ ਰਾਜਾਂ ਲਈ ਹੀ ਸੀ। ਰਾਜ, ਜੋ ਰੀਪੇਰੀਅਨ ਨਹੀਂ ਸਨ, ਦਾ ਦਰਿਆਈ ਪਾਣੀਆਂ ਉੱਤੇ ਕੋਈ ਹੱਕ ਨਹੀਂ ਸੀ। ਇਹ ਉਨ੍ਹਾਂ ਸਾਰੇ ਦੇਸ਼ਾਂ ਤੇ ਬੱਜਵਾਂ ਸੀ, ਜੋ ਸੰਯੁਕਤ ਰਾਸ਼ਟਰ ਦੇ ਮੈਂਬਰ ਸਨ। ਦਰਿਆਈ ਪਾਣੀਆਂ ਨੂੰ ਨਿਰਧਾਰਿਤ ਕਰਣ ਲਈ ਇਸ ਅੰਤਰਰਾਸ਼ਟਰੀ ਕਾਨੂੰਨ ਨੂੰ ਕੋਈ ਚੁਨੌਤੀ ਨਹੀਂ ਸੀ ਕਿਉਂ ਜੋ ਇਹ ਨਿਆਂ, ਸਮਾਨਤਾ ਅਤੇ ਚੰਗੇ ਜ਼ਮੀਰ ਤੇ ਆਧਾਰਿਤ ਸੀ। ਜੋ ਰੀਪੇਰੀ ਰਾਜ ਨਹੀਂ ਸਨ, ਉਨ੍ਹਾਂ ਨੂੰ ਉਨ੍ਹਾਂ ਦਰਿਆਈ ਪਾਣੀਆਂ ਦਾ ਸ਼ੋਸ਼ਣ ਕਰਨ ਲਈ ਕੋਈ ਤਰਕ ਜਾਂ ਲੋਕ ਚਰਚਾ ਦਾ ਵਿਸ਼ਾ ਨਹੀਂ ਮਿਲਿਆ ਜੋ ਉਨ੍ਹਾਂ ਦੀ ਧਰਤੀ ਵਿਚ ਨਹੀਂ ਵਹਿੰਦੇ ਸਨ। ਉਹ ਕਿਸੇ ਹੋਰ ਰਾਜ ਦੇ ਖ਼ੇਤਰ ਵਿਚ ਆਪਣਾ ਅਧਿਕਾਰ ਨਹੀਂ ਜਮਾ ਸਕਦੇ ਸਨ - ਕਿਸੇ ਕਾਨੂੰਨ ਦੀ ਧਾਰਾ, ਨਿਆਂ ਅਤੇ ਸਮਾਨਤਾ ਅਧੀਨ ਆਪਣੇ ਰਾਜਾਂ ਵਿਚ ਦਰਿਆਈ ਪਾਣੀ ਲਿਆਉਣ ਲਈ ਆਪਣੀ ਜਮੀਨਾਂ ਉੱਤੇ ਨਹਿਰਾਂ ਬਨਾਉਣ ਲਈ। ਅੰਤਰਰਾਸ਼ਟਰੀ ਕਾਨੂੰਨ ਹਰ ਰਾਜ ਦੇ ਜਮੀਨੀ ਪਾਣੀ ਦੀ ਵੀ ਰੱਖਿਆ ਕਰਦਾ ਹੈ। 1986 ਵਿਚ ਅੰਤਰਰਾਸ਼ਟਰੀ ਕਾਨੂੰਨ ਸੰਸਥਾ ਨੇ ਸਿਓਲ ਸੰਮੇਲਨ ਵਿਚ ਰੀਪੇਰੀਅਨ ਰਾਜਾਂ ਵਲੋਂ ਤਲ ਦੇ ਪਾਣੀ ਅਤੇ ਜਮੀਨੀ ਪਾਣੀ ਦੀ ਵਰਤੋਂ ਨੂੰ ਜੋੜਣ ਲਈ ਜਮੀਨੀ ਪਾਣੀ ਦੀ ਰੱਖਿਆ ਲਈ ਕਈ ਪ੍ਰਸ਼ੰਸਾਤਮਕ ਨਿਯਮ ਤਿਆਰ ਕੀਤੇ।

ਰੀਪੇਰੀਅਨ ਕਾਨੂੰਨ ਅੰਤਰਰਾਸ਼ਟਰੀ ਪੱਧਰ ਤੇ ਸਵੀਕਾਰ ਕੀਤਾ ਗਿਆ ਹੈ ਕਿਉਂ ਜੋ ਇਹ ਸਮਾਨਤਾ, ਨਿਆਂ, ਉਚਿਤਤਾ ਅਤੇ ਕਾਨੂੰਨੀ ਆਦਰਸ਼ਾਂ ਤੇ ਆਧਾਰਿਤ ਹੈ। ਸਿਰਫ ਉਹੀ ਰਾਜ, ਜਿੱਥੋਂ ਇਕ ਦਰਿਆ ਦਾ ਪਾਣੀ

ਵਹਿੰਦਾ ਹੈ, ਨੂੰ ਆਪਣੇ ਪਾਣੀ ਦੀ ਵਰਤੋਂ ਦਾ ਹੱਕ ਮਿਲਿਆ ਹੈ। ਬਾਕੀ ਜੋ ਰੀਪੇਰੀ ਰਾਜ ਨਹੀਂ ਹਨ ਦੇ ਕੋਲ ਇਸ ਪਾਣੀ ਦਾ ਕੋਈ ਹੱਕ ਨਹੀਂ ਹੈ ਕਿਓਂ ਜੋ ਰੀਪੇਰੀਅਨ ਰਾਜ ਨੂੰ ਇਸਦੀ ਹਾਨੀਆਂ ਅਤੇ ਕਮੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਨੂੰ ਨਹੀਂ ਕਰਨਾ ਪੈਂਦਾ ਜੋ ਰੀਪੇਰੀ ਰਾਜ ਨਹੀਂ ਹਨ। ਜਮੀਨਾਂ ਦੇ ਬਹੁਤ ਵੱਡੇ ਹਿੱਸੇ ਜਿੱਥੋਂ ਹੋ ਕੇ ਦਰਿਆ ਵਹਿੰਦਾ ਹੈ ਬੇਕਾਰ ਹੋ ਜਾਂਦੇ ਹਨ। ਕਈ ਵਾਰ ਇਨ੍ਹਾਂ ਦਰਿਆਵਾਂ ਵਿਚ ਆਏ ਹੜ ਰਾਜ ਜਿਸ ਵਿਚ ਇਹ ਦਰਿਆ ਵਹਿੰਦੇ ਹਨ ਅਤੇ ਇਸਦੇ ਲੋਕਾਂ ਲਈ ਭਾਰੀ ਨੁਕਸਾਨ ਅਤੇ ਤਬਾਹੀ ਦਾ ਕਾਰਣ ਬਣਦੇ ਹਨ। ਜੋ ਰੀਪੇਰੀ ਰਾਜ ਨਹੀਂ ਹੁੰਦੇ ਉਨ੍ਹਾਂ ਨੂੰ ਇਸ ਸੰਬੰਧ ਵਿਚ ਕੁੱਝ ਵੀ ਦਾਅ ਤੇ ਨਹੀਂ ਲਾਉਣਾ ਪੈਂਦਾ। ਇਸਨੂੰ ਉਨ੍ਹਾਂ ਦਰਿਆਈ ਪਾਣੀਆਂ ਨੂੰ ਲੈਣ ਲਈ, ਜੋ ਇਸ ਵਿਚੋਂ ਹੋ ਕੇ ਨਹੀਂ ਵਹਿੰਦੇ, ਨਹਿਰ ਦੀ ਉਸਾਰੀ ਕਰਨ ਲਈ ਜਮੀਨ ਵੀ ਨਹੀਂ ਮਿਲੀ ਹੈ। ਰਾਜ, ਜਿਸ ਵਿਚ ਦਰਿਆ ਵਹਿੰਦਾ ਹੈ, ਕਿਸੇ ਹੋਰ ਰਾਜ ਨੂੰ ਨਹਿਰ ਦੀ ਉਸਾਰੀ ਲਈ ਜਮੀਨਾਂ ਦੇਣ ਦੀ ਕਿਸੇ ਬੰਦਸ਼ ਹੇਠ ਨਹੀਂ ਹੁੰਦਾ ਅਤੇ ਨਾਂ ਹੀ ਉੱਦੇਸ਼ ਲਈ ਜਮੀਨਾਂ ਉੱਤੇ ਕੋਈ ਅਧਿਕਾਰਕ ਕਬਜ਼ਾ ਕੀਤਾ ਜਾ ਸਕਦਾ ਹੈ। ਇਹ ਅਲੱਗ ਮਸਲਾ ਹੈ ਜੇ ਕਿਸੇ ਰਾਜ ਕੋਲ ਵਾਧੂ ਪਾਣੀ ਹੈ ਅਤੇ ਰਾਜ ਦੀ ਆਮਦਨੀ ਵਿਚ ਵਾਧਾ ਕਰਨ ਲਈ ਇਹ ਆਪਣੇ ਨਿਯਮ ਅਤੇ ਸ਼ਰਤਾਂ ਅਨੁਸਾਰ ਇਕ ਨਿਸ਼ਚਿਤ ਭੁਗਤਾਨ ਤੇ ਪਾਣੀ ਉਪਲੱਬਧ ਕਰਦਾ ਹੈ।

23

ਪੰਜਾਬ ਤੋਂ ਇਲਾਵਾ ਹੋਰ ਸਾਰੇ ਭਾਰਤੀ ਰਾਜਾਂ ਦੇ ਮਸਲੇ ਵਿਚ ਭਾਰਤ ਸਰਕਾਰ ਨੇ ਰੀਪੇਰੀਅਨ ਕਾਨੂੰਨ ਅਪਨਾਇਆ ਹੈ। ਤਮਿਲਨਾਡੂ ਨੂੰ ਨਦੀਆਂ ਦਾ ਪਾਣੀ ਦੇਣ ਲਈ ਮਨਾ ਕਰ ਦਿੱਤਾ ਗਿਆ ਸੀ ਜੋ, ਮਦਰਾਸ ਰਾਜ ਦੇ ਪੁਨਰਗਠਨ ਤੋਂ ਬਾਅਦ, ਉਸਦੇ ਖ਼ੇਤਰ ਵਿਚ ਵਹਿਣ ਤੋਂ ਰੋਕ ਦਿੱਤੀਆਂ ਗਈਆਂ ਸਨ, ਜੋ ਪੁਨਰਗਠਨ ਤੋਂ ਪਹਿਲਾਂ ਉਸ ਰਾਜ ਵਿਚ ਵਹਿੰਦੀਆਂ ਸਨ, ਖ਼ੇਤਰ ਜਿਸ ਵਿਚ ਉਹ ਨਦੀਆਂ ਵਹਿੰਦੀਆਂ ਸਨ, ਆਂਧ੍ਰ ਪ੍ਰਦੇਸ਼ ਅਤੇ ਕਰਨਾਟਕ ਨੂੰ ਵਿਚ ਸ਼ਾਮਲ ਕਰਦੇ ਹੋਏ, ਨਦੀਆਂ ਕ੍ਰਿਸ਼ਨਾ, ਗੋਦਾਵਰੀ ਅਤੇ ਮਹਾਨਦੀ ਹਨ। ਰਾਜਸਥਾਨ ਨੇ ਅਦਾਲਤ ਵਿਚ ਪਾਣੀਆਂ, ਜੋ ਮਹਾਰਾਸ਼ਟਰ ਅਤੇ ਹੋਰ ਰੀਪੇਰੀਅਨ ਰਾਜਾਂ ਨੂੰ ਲੈ ਕੇ ਨਰਮਦਾ ਨਦੀ ਦੇ ਵਿਵਾਦਾਂ ਦੇ ਘੇਰੇ ਵਿਚ ਆ ਗਏ ਸਨ, ਦੇ ਲੱਕ ਉੱਤੇ ਭਾਗੀਦਾਰੀ ਲਈ ਅਰਜੀ ਦਿੱਤੀ ਸੀ, ਪਰ ਇਹ ਇਸ ਦਲੀਲ ਤੇ ਨਾਮੰਜ਼ੂਰ ਕਰ ਦਿੱਤੀ ਗਈ ਕਿ ਰਾਜਸਥਾਨ ਰੀਪੇਰੀਅਨ ਰਾਜ ਨਹੀਂ ਸੀ ਕਿਓਂ ਜੋ ਉਹ ਨਦੀ ਇਸਦੇ ਕਿਸੇ ਵੀ ਖ਼ੇਤਰ ਵਿਚੋਂ ਹੋ ਕੇ ਨਹੀਂ ਵਹਿੰਦੀ ਸੀ। ਸਿਰਫ਼ ਪੰਜਾਬ ਨੂੰ ਕਾਨੂੰਨੀ ਆਦਰਸ਼ਾਂ, ਨਿਆਂ ਅਤੇ ਸਮਾਨਤਾ ਦੀ ਉਲੰਘਣਾ ਵਿਚ ਰੀਪੇਰੀਅਨ ਕਾਨੂੰਨਾਂ ਦੇ ਯੋਗ ਹੋਣ ਤੋਂ ਅਸਹਿਮਤ ਨਹੀਂ ਕੀਤਾ ਜਾ ਸਕਦਾ।

ਇਨ੍ਹਾਂ ਦਰਿਆਈ ਪਾਣੀਆਂ ਉਪਰ ਭਾਰਤ ਅਤੇ ਪਾਕਿਸਤਾਨ ਦੇ ਵਿਵਾਦ ਵਿਚ ਭਾਰਤ ਸਰਕਾਰ ਨੇ ਆਪ ਕਬੂਲ ਕੀਤਾ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਰੀਪੇਰੀਅਨ ਕਾਨੂੰਨ ਨੂੰ ਯੋਗ ਬਣਾਇਆ ਜਾਵੇ, ਇਸਨੇ ਬਲਕਿ ਇਹ ਪੱਖ ਲਿਆ ਕਿ ਪਾਕਿਸਤਾਨ ਤਿੰਨ ਪੂਰਵੀ ਦਰਿਆਵਾਂ ਰਾਵੀ, ਬਿਆਸ ਅਤੇ ਸਤਲੁਜ ਦਾ ਹੱਕਦਾਰ ਨਹੀਂ ਹੈ ਅਤੇ ਹੈਡਵਰਕ ਅਤੇ ਨਹਿਰ ਪ੍ਰਣਾਲੀ ਜੋ ਪਾਕਿਸਤਾਨ ਦੇ ਖ਼ੇਤਰ ਵਿਚ ਨਹੀਂ ਹੈ ਰਾਹੀਂ ਪਾਕਿਸਤਾਨ ਦੇ ਇਲਾਕਿਆਂ ਵਿਚ ਪਾਣੀ ਲਿਜਾਉਣ ਦੀ ਸੁਵਿਧਾ ਪ੍ਰਾਪਤ ਨਹੀਂ ਕਰ ਸਕਦਾ। ਵਿਸ਼ਵ ਬੈਂਕ, ਜਿਸਨੇ ਭਾਰਤ ਅਤੇ ਪਾਕਿਸਤਾਨ ਵਿਚ ਪੰਜਾਬ ਦੇ ਦਰਿਆਈ ਪਾਣੀਆਂ ਦੇ ਵਿਵਾਦ ਉਪਰ ਗਲਬਾਤ ਕੀਤੀ ਅਤੇ ਸਮਝਿਆ ਕਿ ਸਿਰਫ਼ ਭਾਰਤ ਹੀ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀ ਦਾ ਹੱਕਦਾਰ ਹੈ ਕਿਓਂ ਜੋ ਪ੍ਰਾਥਮਿਕ ਤੌਰ ਤੇ ਇਹ ਭਾਰਤ ਦੇ ਪੰਜਾਬ ਖ਼ੇਤਰ ਵਿਚ ਵਹਿੰਦੇ ਹਨ, ਜੱਦਕਿ ਪਾਕਿਸਤਾਨ ਬਾਕੀ ਦੋ ਦਰਿਆਵਾਂ, ਝੇਲਮ ਅਤੇ ਚਨਾਬ, ਦੇ ਪਾਣੀ ਦਾ ਹੱਕਦਾਰ ਹੈ, ਨਾਲ ਹੀ ਸਿੰਧ ਨਦੀ ਜੋ ਪਾਕਿਸਤਾਨ ਦੇ ਖ਼ੇਤਰ ਵਿਚ ਵਹਿੰਦੀ ਹੈ।ਇਸ ਸਿਧਾਂਤ ਦੇ ਆਧਾਰ ਤੇ, ਜੋ ਖ਼ੇਤਰ ਪੰਜਾਬ ਵਿਚ ਨਹੀਂ ਹਨ ਅਤੇ ਜਿਨ੍ਹਾਂ ਵਿਚ ਇਹ ਦਰਿਆ ਨਹੀਂ ਵਹਿੰਦੇ ਦਾ ਇਨ੍ਹਾਂ ਦਰਿਆਈ ਪਾਣੀਆਂ ਤੇ ਕੋਈ ਹੱਕ ਨਹੀਂ ਹੋ ਸਕਦਾ। ਦਲੀਲਾਂ ਵਾਸਤੇ ਗਲ ਕਰੀਏ ਤਾਂ ਜੇ ਪੰਜਾਬ ਵੰਡਿਆ ਨਾ ਜਾਂਦਾ ਅਤੇ ਭਾਰਤ ਦੀ ਵੰਡ ਨਾ ਹੋਈ ਹੁੰਦੀ, ਤਾਂ ਪੰਜਾਬ ਤੋਂ ਇਲਾਵਾ, ਰਾਜਸਥਾਨ ਜਾਂ ਕੋਈ ਹੋਰ ਰਾਜ, ਇਨ੍ਹਾਂ ਦਰਿਆਈ ਪਾਣੀਆਂ ਦਾ ਹੱਕਦਾਰ ਨਹੀਂ ਸੀ ਹੋ ਸਕਦਾ। 1947 ਤੋਂ ਪਹਿਲਾਂ, ਕੋਈ ਕਾਨੂੰਨੀ ਅਧਿਕਾਰ ਨਾ ਹੁੰਦੇ ਹੋਏ, ਇਨ੍ਹਾਂ ਦਰਿਆਵਾਂ ਦਾ ਪਾਣੀ ਕਿਸੇ ਹੋਰ ਰਾਜ ਨੂੰ ਨਹੀਂ ਦਿੱਤਾ ਗਿਆ ਸੀ। ਬੀਕਾਨੇਰ ਰਾਜ ਜੋ ਹੁਣ ਰਾਜਸਥਾਨ ਦਾ ਹਿੱਸਾ ਹੈ ਅਤੇ ਪਟਿਆਲਾ ਰਾਜ ਜੋ ਹੁਣ ਪੰਜਾਬ ਦਾ ਹਿੱਸਾ ਹੈ ਨੇ ਇਨ੍ਹਾਂ ਦਰਿਆਵਾਂ ਦਾ ਪਾਣੀ ਪੰਜਾਬ ਤੋਂ ਮੁੱਲ ਖਰੀਦਿਆ ਸੀ। ਹੁਣ ਕਿਸ ਤਰ੍ਹਾਂ ਉਨ੍ਹਾਂ ਦੇ ਅਧਿਕਾਰ ਬਣਾਏ ਜਾ ਸਕਦੇ ਹਨ। ਬਿਲਕੁਲ ਵੀ ਨਹੀਂ।

ਦਲੀਲ ਕਿ ਇੰਡਸ ਪਾਣੀ ਦੀ ਸਫਾਈ 1960 ਵਿਚ ਲੋੜੀਂਦਾ ਜਾਲ ਬਨਾਉਣ ਲਈ ਭਾਰਤ ਨੇ ਪਾਕਿਸਤਾਨ ਨੂੰ ਕੁੱਝ ਭੁਗਤਾਨ ਕੀਤਾ ਸੀ ਅਤੇ ਕੇਂਦਰ ਨੇ ਵੱਡੀ ਵੱਡੀ ਝੀਲਾਂ ਵਿਚ ਪਾਣੀ ਜਮਾ ਕਰਨ ਲਈ ਸਤਲੁਜ, ਰਾਵੀ ਅਤੇ ਬਿਆਸ ਦੇ ਬੰਨ੍ਹਾਂ ਲਈ ਮਾਇਆ ਦਿੱਤੀ ਸੀ, ਤਾਂ ਜੋ ਇਨ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹੋਰ ਰਾਜਾਂ ਨੂੰ ਵੰਡ ਸਕਣ, ਸਰਾਸਰ ਗ਼ਲਤ ਧਾਰਣਾ ਹੈ। ਪੰਜਾਬ ਭਾਰਤ ਦਾ ਹਿੱਸਾ ਹੈ ਅਤੇ ਇਹ ਭਾਰੀ ਕਰਾਂ ਵਾਲਾ ਰਾਜ ਹੈ ਜੋ ਕੇਂਦਰ ਦੀ ਯੂਨਿਅਨ ਵਿੱਤ ਪੂੰਜੀ ਵਿਚ ਭਾਰੀ ਯੋਗਦਾਨ ਕਰਦਾ ਹੈ। ਇਹੋ ਜਿਹੇ ਮਾਮਲਿਆਂ ਵਿਚ ਪੰਜਾਬ ਦੀ ਵਿੱਤੀ ਮਦਦ ਕਰਨਾ ਭਾਰਤ ਸਰਕਾਰ ਦਾ ਫ਼ਰਜ਼ ਬਣਦਾ ਹੈ। ਪੰਜਾਬ ਨੇ ਕੇਂਦਰ ਦੀ ਭੋਜਨ ਦੀ ਟੋਕਰੀ ਲਈ ਭਾਰੀ ਮਾਤਰਾ ਵਿਚ ਅਨਾਜ ਦਾ ਯੋਗਦਾਨ ਦਿੱਤਾ ਹੈ, ਜੋ ਭਾਰਤ ਸਰਕਾਰ ਵਲੋਂ ਇਨ੍ਹਾਂ ਯੋਜਨਾਵਾਂ ਅਤੇ ਬੰਨ੍ਹਾਂ ਉੱਤੇ ਖ਼ਰਚ ਕੀਤੀ ਰਾਸ਼ੀ ਤੋਂ ਕਈ ਜ਼ਿਆਦਾ ਹੋ ਸਕਦਾ ਹੈ।

ਜੱਥੇਬੰਦ ਸਰਕਾਰ ਦਾ ਪੰਜਾਬ ਦੇ ਦਰਿਆਈ ਪਾਣੀਆ ਨੂੰ ਕਿਸੇ ਹੋਰ ਰਾਜ, ਜਿਸਦਾ ਇਸ ਉੱਤੇ ਕੋਈ ਕਾਨੂੰਨੀ ਹੱਕ ਨਹੀਂ ਹੈ, ਨੂੰ ਬਿਨਾਂ ਕਿਸੇ ਵਿਚਾਰ ਵਟਾਂਦਰੇ ਦੇ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਦਰਿਆਈ ਪਾਣੀ, ਰਾਜ ਸੂਚੀ ਵਿਚ ਦਰਜ, ਰਾਜ ਦਾ ਵਿਸ਼ਾ ਹਨ, ਜੋ ਭਾਰਤੀ ਸੰਵਿਧਾਨ ਦੇ ਅਧੀਨ ਰਾਜ ਅਤੇ ਇਸਦੇ ਵਿਧਾਨ ਮੰਡਲ ਦੇ ਨਿਵੇਕਲੇ ਅਧਿਕਾਰ ਖ਼ੇਤਰ ਵਿਚ ਆਉਂਦੇ ਹਨ। ਰੀਪੇਰੀਅਨ ਕਾਨੂੰਨ ਉਨ੍ਹਾਂ ਰਾਜਾਂ ਨੂੰ ਦਰਿਆਈ ਪਾਣੀ ਦੇਣ ਦੀ ਸਵੀਕ੍ਰਿਤੀ ਨਹੀਂ ਪ੍ਰਦਾਨ ਕਰਦਾ ਜੋ ਰੀਪੇਰੀਅਨ ਨਹੀਂ ਹਨ। ਇਸਲਈ ਇਨ੍ਹਾਂ ਸੰਵਿਧਾਨਕ ਅਤੇ ਕਾਨੂੰਨੀ ਧਾਰਾਵਾਂ ਦਾ ਕਿਸੇ ਵੀ ਪੱਧਰ ਤੇ ਉਲੰਘਣ ਨਹੀਂ ਕੀਤਾ ਜਾ ਸਕਦਾ।।।

24

## ਪੰਜਾਬ ਦੇ ਵਿਧਾਨ ਮੰਡਲ ਵਲੋਂ ਸਮਝੌਤਿਆਂ ਦਾ ਖਾਤਮਾ ਜਿਵੇਂ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੇ: ਸੁਪਰੀਮ ਕੋਰਟ ਦਾ ਦਖ਼ਲ 2001-02

ਸੁਪਰੀਮ ਕੋਰਟ ਨੇ, ਜਨਵਰੀ 15, 2002 ਨੂੰ, ਹਰਿਆਣਾ ਰਾਜ ਦੀ ਅਰਜ਼ੀ ਤੇ ਭਾਰਤ ਸਰਕਾਰ ਨੂੰ ਇਕ ਸਾਲ ਦੇ ਅੰਦਰ ਪੰਜਾਬ ਦੇ ਇਲਾਕੇ ਵਿਚ ਸਤਲੁਜ-ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ.) ਦੀ ਉਸਾਰੀ ਨੂੰ ਪੂਰਾ ਕਰਣ ਦੇ ਨਿਰਦੇਸ਼ ਦਿੱਤੇ, ਬਿਨਾਂ ਉਨਾਂ ਮਾਮਲਿਆਂ ਤੇ ਫੈਸਲਾ ਕੀਤਿਆਂ, ਜਿਨ੍ਹਾਂ ਵਿਚ ਕਾਨੂੰਨ ਦੀਆਂ ਓਨ੍ਹਾਂ ਧਾਰਾਵਾਂ ਅਤੇ ਸੰਵਿਧਾਨ ਨੂੰ ਲਲਕਾਰਿਆ ਗਿਆ ਸੀ ਜਿਨ੍ਹਾਂ ਉਪਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦੇ ਸਮਝੌਤੇ ਦੇ ਸਹੀ ਹੋਣ ਦਾ ਮੁਕੱਦਰ ਨਿਰਭਰ ਸੀ। ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਪੁਨਰ ਵਿਚਾਰ ਦੀ ਅਪੀਲ ਦਰਜ ਕੀਤੀ ਸੀ ਕਿ ਐਸ. ਵਾਈ. ਐਲ. ਦੀ ਉਸਾਰੀ ਦਾ ਕੋਈ ਤੁਕ ਨਹੀਂ ਹੋ ਸਕਦਾ, ਜੱਦੋਂ ਤਕ ਕਿ ਪੰਜਾਬ ਦੇ ਦਰਿਆਈ ਪਾਣੀਆਂ ਦਾ ਹੱਕ ਸਿੱਧ ਨਹੀਂ ਹੋ ਜਾਂਦਾ ਅਤੇ ਇਹ ਕਿ ਪਹਿਲਾਂ ਇਹ ਫੈਸਲਾ ਹੋ ਜਾਵੇ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੀ ਇਹ ਵੰਡ ਕਾਨੂੰਨੀ ਹੈ ਕਿਉਂਕਿ ਪੰਜਾਬ ਦੇ ਮੁਤਾਬਕ ਇਹ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਕ ਹੈ। ਸੁਪਰੀਮ ਕੋਰਟ ਨੇ 4 ਜੂਨ 2004 ਨੂੰ ਪੰਜਾਬ ਦੇ ਉਸ ਮੱਤ ਨੂੰ ਨਾਮਨਜ਼ੂਰ ਕਰ ਦਿੱਤਾ ਜੋ ਉਸਦਾ ਐਸ. ਵਾਈ. ਐਲ. ਦੀ ਉਸਾਰੀ ਲਈ ਸੀ ਅਤੇ ਕਿਹਾ ਕਿ ਇਸਦਾ ਪੰਜਾਬ ਦੇ ਦਰਿਆਈ ਪਾਣੀਆਂ ਉਤੇ ਹਰਿਆਣਾ ਦੇ ਹੱਕ ਨਾਲ ਕੋਈ ਸਰੋਕਾਰ ਨਹੀਂ ਹੈ। ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਪੰਜਾਬ ਦੇ ਖ਼ੇਤਰ ਵਿਚ ਐਸ. ਵਾਈ. ਐਲ. ਨਹਿਰ ਦੀ ਉਸਾਰੀ ਲਈ ਇਕ ਮਹੀਨੇ ਵਿਚ ਇਕ ਏਜੰਸੀ ਨੂੰ ਦੇਣ ਦਾ ਨਿਰਦੇਸ਼ ਦਿੱਤਾ। ਭਾਰਤ ਸਰਕਾਰ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਤਾਮੀਲ ਵਿਚ ਕੇਂਦਰੀ ਪਬਲਿਕ ਵਰਕਸ ਵਿਭਾਗ ਨੂੰ ਐਸ. ਵਾਈ. ਐਲ. ਨਹਿਰ ਦੀ ਉਸਾਰੀ ਦਾ ਅਧਿਕਾਰ ਦਿੱਤਾ।

ਭਾਰਤ ਦੇ ਸੰਵਿਧਾਨ ਨੇ ਕਾਰਜਪਾਲਿਕਾ ਦੇ ਹੁਕਮ ਅਤੇ ਵਿਧਾਨ ਮੰਡਲ ਦੇ ਨਿਯਮਾਂ ਅਤੇ ਉਚ ਨਿਆਂ ਅਦਾਲਤ ਵਿਚ ਉਨ੍ਹਾਂ ਕਾਨੂੰਨਾਂ ਅਤੇ ਹੁਕਮਾਂ ਉਤੇ ਪੁਨਰ ਵਿਚਾਰ ਦਾ ਅਧਿਕਾਰ ਪ੍ਰਦਾਨ ਕੀਤਾ ਹੈ ਜੋ ਕਿ ਸੰਵਿਧਾਨ ਦੇ ਨਿਯਮਾਂ ਦੀ ਉਲੰਘਣਾਂ ਕਰਦੇ ਹਨ। ਇਸਨੇ ਜੱਜਾਂ ਦੀ ਨੌਕਰੀ ਦੀਆਂ ਸ਼ਰਤਾਂ ਅਤੇ ਸਮੇਂਕਾਲ ਲਈ ਰੱਖਿਆ ਪ੍ਰਦਾਨ ਕੀਤੀ, ਤਾਂ ਕਿ ਉਨ੍ਹਾਂ ਨੂੰ ਅਨੁਚਿਤ ਕਾਰਜਕਾਰੀ ਦੇ ਪ੍ਰਭਾਵ ਤੋਂ ਦੂਰ ਰੱਖਿਆ ਜਾ ਸਕੇ, ਅਦਾਲਤ ਦਾ ਅਪਮਾਨ ਕਰਨ ਦੀ ਸ਼ਕਤੀ ਤੋਂ ਇਲਾਵਾ ਕਿਸੇ ਨੂੰ ਵੀ ਸਜ਼ਾ ਦੇ ਸਕੇ ਜੋ ਕੋਈ ਵੀ ਨਿਆਂ ਪ੍ਰਣਾਲੀ ਵਿਚ ਦਖ਼ਲਬਾਜੀ ਕਰਦਾ ਹੈ, ਤਾਂ ਜੋ ਜਨਤਾ ਨੂੰ ਬਿਨਾਂ ਕਿਸੇ ਝਿੱਜਕ ਦੇ ਅਦਾਲਤ ਦੀ ਨਿਆਂ ਪ੍ਰਣਾਲੀ ਅਤੇ ਜੱਜਾਂ ਉੱਤੇ

ਵਿਸ਼ਵਾਸ ਹੋਵੇ ਕਿਉਂ ਜੋ ਪੀੜਿਤਾਂ ਅਤੇ ਸ਼ਿਕਾਰ ਹੋਏ ਮਨੁੱਖਾਂ ਨੂੰ ਮੁਕਤ ਕਰਵਾਉਣ ਲਈ ਗੈਰਕਾਨੂੰਨੀ ਅਤੇ ਗੈਰਸੰਵਿਧਾਨਕ ਆਦੇਸ਼ਾਂ ਅਤੇ ਕਾਰਜਾਂ ਨੂੰ ਲਲਕਾਰਣ ਦਾ ਇਹੋ ਇੱਕ ਤਰੀਕਾ ਹੈ।

ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਨੂੰ ਗੈਰ ਸੰਵਿਧਾਨਕ ਕਰਾਰ ਦਿੰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੇਸ ਪਾਏ ਗਏ। ਇਸ ਗੱਲ ਦਾ ਕੋਈ ਠੋਸ ਕਾਰਣ ਨਹੀਂ ਹੈ ਜਿਨ੍ਹਾਂ ਨੇ ਕੋਰਟ ਨੂੰ ਇਨ੍ਹਾਂ ਮਾਮਲਿਆਂ ਨੂੰ ਸੁਣਿਆਂ ਅਤੇ ਬਿਨਾਂ ਇਨ੍ਹਾਂ ਉਤੇ ਕੋਈ ਫ਼ੈਸਲਾ ਲਏ ਬਗੈਰ ਇਨ੍ਹਾਂ ਨੂੰ ਸੁਪਰੀਮ ਕੋਰਟ ਨੂੰ ਬਦਲੀ ਕਰਣ ਲਈ ਮਜਬੂਰ ਕੀਤਾ ਅਤੇ ਫਿਰ ਇਨ੍ਹਾਂ ਮਾਮਲਿਆਂ ਨੂੰ ਬਿਨ੍ਹਾਂ ਸੁਣਵਾਈ ਦੇ ਵੀਹ ਤੋਂ ਵੀ ਵੱਧ ਵਰ੍ਹਿਆਂ ਤੱਕ ਰੱਖਿਆ ਗਿਆ, ਜਦੋਂ ਕਿ ਇਹ ਮਾਮਲੇ ਛੇਤੀਂ ਕਰਣ ਵਾਲੇ ਸਨ ਜਿਨ੍ਹਾਂ ਵਿਚ ਫੈਸਲੇ, ਜੇ ਮਹੀਨਿਆਂ ਵਿਚ ਨਹੀਂ ਤਾਂ ਇਕ ਜਾਂ ਦੋ ਸਾਲ ਦੇ ਅੰਦਰ ਆ ਜਾਣੇ ਚਾਹੀਦੇ ਸਨ, ਜਿਸਨੇ ਕਿ ਮੰਨੇ ਪ੍ਰਮੰਨੇ ਪੱਤਰਕਾਰ ਰਜਿੰਦਰ ਪੁਰੀ੍ਹ ਪਿੱਛੇ ਜਿਹੇ ਆਏ ਲੇਖ "ਹੈਡਿੰਗ ਫਾਰ ਏ ਵਾਟਰੀ ਗਰੇਵ (ਪਾਣੀਆਂ ਦੀ ਕਬਰ ਵੱਲ ਨੂੰ ਵੱਧਦਿਆਂ) ਵਿਚ ਉਨ੍ਹਾਂ ਦੀ ਨਿਖੇਧੀ ਨੂੰ ਬੁਲਾਵਾ ਦਿੱਤਾ ਹੈ ਕਿ "ਕੇਸਾਂ ਦੀ ਬਦਲੀ ਬਹੁਤ ਛੇਤੀਂ ਸੁਪਰੀਮ ਕੋਰਟ ਨੂੰ ਕਰ ਦਿੱਤੀ ਗਈ ਅਤੇ ਪਿਛਲੇ 21 ਸਾਲਾਂ ਤੋਂ ਇਹ ਉਥੇ ਪਏ ਹਨ, ਸੁਪਰੀਮ ਕੋਰਟ ਦੀ ਰਜਿਸਟਰੀ ਦੇ ਕਿਸੇ ਕੋਣੇ ਵਿਚ ਧੂੜ ਫੱਕ ਰਹੇ ਹਨ। ਨਿਆਂ ਅਤੇ ਸੰਵਿਧਾਨਕ ਚੰਗਿਆਇਆਂ ਲਈ"।



## ਪੰਜਾਬ ਦੇ ਵਿਧਾਨ ਮੰਡਲ ਵਲੋਂ ਸਮਝੌਤਿਆਂ ਦਾ ਖਾਤਮਾ ਜਿਵੇਂ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੇ: ਸੁਪਰੀਮ ਕੋਰਟ ਦਾ ਦਖ਼ਲ 2001-02

ਸੁਪਰੀਮ ਕੋਰਟ ਨੇ, ਜਨਵਰੀ 15, 2002 ਨੂੰ, ਹਰਿਆਣਾ ਰਾਜ ਦੀ ਅਰਜ਼ੀ ਤੇ ਭਾਰਤ ਸਰਕਾਰ ਨੂੰ ਇਕ ਸਾਲ ਦੇ ਅੰਦਰ ਪੰਜਾਬ ਦੇ ਇਲਾਕੇ ਵਿਚ ਸਤਲੁਜ-ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ.) ਦੀ ਉਸਾਰੀ ਨੂੰ ਪੂਰਾ ਕਰਣ ਦੇ ਨਿਰਦੇਸ਼ ਦਿੱਤੇ, ਬਿਨਾਂ ਉਨਾਂ ਮਾਮਲਿਆਂ ਤੇ ਫੈਸਲਾ ਕੀਤਿਆਂ, ਜਿਨ੍ਹਾਂ ਵਿਚ ਕਾਨੂੰਨ ਦੀਆਂ ਓਨ੍ਹਾਂ ਧਾਰਾਵਾਂ ਅਤੇ ਸੰਵਿਧਾਨ ਨੂੰ ਲਲਕਾਰਿਆ ਗਿਆ ਸੀ ਜਿਨ੍ਹਾਂ ਉਪਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦੇ ਸਮਝੌਤੇ ਦੇ ਸਹੀ ਹੋਣ ਦਾ ਮੁਕੱਦਰ ਨਿਰਭਰ ਸੀ। ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਪੁਨਰ ਵਿਚਾਰ ਦੀ ਅਪੀਲ ਦਰਜ ਕੀਤੀ ਸੀ ਕਿ ਐਸ. ਵਾਈ. ਐਲ. ਦੀ ਉਸਾਰੀ ਦਾ ਕੋਈ ਤੁਕ ਨਹੀਂ ਹੋ ਸਕਦਾ, ਜੱਦੋਂ ਤਕ ਕਿ ਪੰਜਾਬ ਦੇ ਦਰਿਆਈ ਪਾਣੀਆਂ ਦਾ ਹੱਕ ਸਿੱਧ ਨਹੀਂ ਹੋ ਜਾਂਦਾ ਅਤੇ ਇਹ ਕਿ ਪਹਿਲਾਂ ਇਹ ਫੈਸਲਾ ਹੋ ਜਾਵੇ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੀ ਇਹ ਵੰਡ ਕਾਨੂੰਨੀ ਹੈ ਕਿਉਂਕਿ ਪੰਜਾਬ ਦੇ ਮੁਤਾਬਕ ਇਹ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਕ ਹੈ।ਸੁਪਰੀਮ ਕੋਰਟ ਨੇ 4 ਜੂਨ 2004 ਨੂੰ ਪੰਜਾਬ ਦੇ ਉਸ ਮੱਤ ਨੂੰ ਨਾਮਨਜ਼ੂਰ ਕਰ ਦਿੱਤਾ ਜੋ ਉਸਦਾ ਐਸ. ਵਾਈ. ਐਲ. ਦੀ ਉਸਾਰੀ ਲਈ ਸੀ ਅਤੇ ਕਿਹਾ ਕਿ ਇਸਦਾ ਪੰਜਾਬ ਦੇ ਦਰਿਆਈ ਪਾਣੀਆਂ ਉਤੇ ਹਰਿਆਣਾ ਦੇ ਹੱਕ ਨਾਲ ਕੋਈ ਸਰੋਕਾਰ ਨਹੀਂ ਹੈ। ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਪੰਜਾਬ ਦੇ ਖ਼ੇਤਰ ਵਿਚ ਐਸ. ਵਾਈ. ਐਲ. ਨਹਿਰ ਦੀ ਉਸਾਰੀ ਲਈ ਇਕ ਮਹੀਨੇ ਵਿਚ ਇਕ ਏਜੰਸੀ ਨੂੰ ਦੇਣ ਦਾ ਨਿਰਦੇਸ਼ ਦਿੱਤਾ। ਭਾਰਤ ਸਰਕਾਰ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਤਾਮੀਲ ਵਿਚ ਕੇਂਦਰੀ ਪਬਲਿਕ ਵਰਕਸ ਵਿਭਾਗ ਨੂੰ ਐਸ. ਵਾਈ. ਐਲ. ਨਹਿਰ ਦੀ ਉਸਾਰੀ ਦਾ ਅਧਿਕਾਰ ਦਿੱਤਾ।

ਭਾਰਤ ਦੇ ਸੰਵਿਧਾਨ ਨੇ ਕਾਰਜਪਾਲਿਕਾ ਦੇ ਹੁਕਮ ਅਤੇ ਵਿਧਾਨ ਮੰਡਲ ਦੇ ਨਿਯਮਾਂ ਅਤੇ ਉਚ ਨਿਆਂ ਅਦਾਲਤ ਵਿਚ ਉਨ੍ਹਾਂ ਕਾਨੂੰਨਾਂ ਅਤੇ ਹੁਕਮਾਂ ਉਤੇ ਪੁਨਰ ਵਿਚਾਰ ਦਾ ਅਧਿਕਾਰ ਪ੍ਰਦਾਨ ਕੀਤਾ ਹੈ ਜੋ ਕਿ ਸੰਵਿਧਾਨ ਦੇ ਨਿਯਮਾਂ ਦੀ ਉਲੰਘਣਾਂ ਕਰਦੇ ਹਨ। ਇਸਨੇ ਜੱਜਾਂ ਦੀ ਨੌਕਰੀ ਦੀ ਦੀਆਂ ਸ਼ਰਤਾਂ

ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਨੂੰ ਗੈਰ ਸੰਵਿਧਾਨਕ ਕਰਾਰ ਦਿੰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੇਸ ਪਾਏ ਗਏ। ਇਸ ਗੱਲ ਦਾ ਕੋਈ ਠੋਸ ਕਾਰਣ ਨਹੀਂ ਹੈ ਜਿਨ੍ਹਾਂ ਨੇ ਕੋਰਟ ਨੂੰ ਇਨ੍ਹਾਂ ਮਾਮਲਿਆਂ ਨੂੰ ਸੁਣਿਆਂ ਅਤੇ ਬਿਨਾਂ ਇਨ੍ਹਾਂ ਉਤੇ ਕੋਈ ਫ਼ੈਸਲਾ ਲਏ ਬਗੈਰ ਇਨ੍ਹਾਂ ਨੂੰ ਸੁਪਰੀਮ ਕੋਰਟ ਨੂੰ ਬਦਲੀ ਕਰਣ ਲਈ ਮਜਬੂਰ ਕੀਤਾ ਅਤੇ ਫਿਰ ਇਨ੍ਹਾਂ ਮਾਮਲਿਆਂ ਨੂੰ ਬਿਨ੍ਹਾਂ ਸੁਣਵਾਈ ਦੇ ਵੀਹ ਤੋਂ ਵੀ ਵੱਧ ਵਰ੍ਹਿਆਂ ਤੱਕ ਰੱਖਿਆ ਗਿਆ, ਜਦੋਂ ਕਿ ਇਹ ਮਾਮਲੇ ਛੇਤੀਂ ਕਰਣ ਵਾਲੇ ਸਨ ਜਿਨ੍ਹਾਂ ਵਿਚ ਫੈਸਲੇ, ਜੇ ਮਹੀਨਿਆਂ ਵਿਚ ਨਹੀਂ ਤਾਂ

ਇਕ ਜਾਂ ਦੋ ਸਾਲ ਦੇ ਅੰਦਰ ਆ ਜਾਣੇ ਚਾਹੀਦੇ ਸਨ, ਜਿਸਨੇ ਕਿ ਮੰਨੇ ਪ੍ਰਮੰਨੇ ਪੱਤਰਕਾਰ ਰਜਿੰਦਰ ਪੁਰੀ ਦੇ ਪਿੱਛੇ ਜਿਹੇ ਆਏ ਲੇਖ "ਹੈਡਿੰਗ ਫਾਰ ਏ ਵਾਟਰੀ ਗਰੇਵ (ਪਾਣੀਆਂ ਦੀ ਕਬਰ ਵੱਲ ਨੂੰ ਵੱਧਦਿਆਂ) ਵਿਚ ਉਨ੍ਹਾਂ ਦੀ ਨਿਖੇਧੀ ਨੂੰ ਬੁਲਾਵਾ ਦਿੱਤਾ ਹੈ ਕਿ "ਕੇਸਾਂ ਦੀ ਬਦਲੀ ਬਹੁਤ ਛੇਤੀਂ ਸੁਪਰੀਮ ਕੋਰਟ ਨੂੰ ਕਰ ਦਿੱਤੀ ਗਈ ਅਤੇ ਪਿਛਲੇ 21 ਸਾਲਾਂ ਤੋਂ ਇਹ ਉਥੇ ਪਏ ਹਨ, ਸੁਪਰੀਮ ਕੋਰਟ ਦੀ ਰਜਿਸਟਰੀ ਦੇ ਕਿਸੇ ਕੋਣੇ ਵਿਚ ਧੂੜ ਫੱਕ ਰਹੇ ਹਨ। ਨਿਆਂ ਅਤੇ ਸੰਵਿਧਾਨਕ ਚੰਗਿਆਇਆਂ ਲਈ"।
25
ਇਸੇ ਤਰਾਂ ਚੀਫ ਜਸਟਿਸ ਐਸ. ਐਸ. ਸੰਧਾਵਾਲੀਆ ਦੀ ਬਦਲੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਉਨ੍ਹਾਂ ਕੇਸਾਂ ਦੀ ਸੁਣਵਾਈ ਤੋਂ ਸਿਰਫ਼ ਇਕ ਦਿਨ ਪਹਿਲਾਂ ਪਟਨਾ ਹਾਈ ਕੋਰਟ ਵਿਚ ਕਰਣ ਦੀ ਕੋਈ ਸਫਾਈ ਨਹੀਂ ਹੈ, ਜਿਸਨੇ ਕੇਂਦਰੀ ਸਰਕਾਰ ਅਤੇ ਦੇਸ਼ ਦੇ ਸਭ ਤੋਂ ਉਚੇ ਨਿਆਂਪਾਲਿਕਾ ਵਿਚਲੇ ਰਿਸ਼ਤਿਆਂ ਨੂੰ ਦਾ ਮੁਜਾਹਿਰਾ ਕੀਤਾ। ਇਸਦੀ ਕੋਈ ਸਫਾਈ ਨਹੀਂ ਹੈ ਕਿ ਕਿਉਂ ਭਾਰਤ ਸਰਕਾਰ ਨੂੰ ਉਸਦੀ ਕਿਸੇ ਕੇਂਦਰੀ ਏਜੰਸੀ ਵਲੋਂ ਐਸ. ਵਾਈ. ਐਲ. ਨਹਿਰ ਦੀ ਉਸਾਰੀ ਦਾ ਹੁਕਮ ਦੇਣ ਤੋਂ ਪਹਿਲਾਂ ਕਿਉਂ ਇਹ ਮਾਮਲੇ ਸੁਣੇ ਨਹੀਂ ਗਏ ਅਤੇ ਕਿਉਂ ਫੈਸਲਾ ਨਹੀਂ ਕੀਤਾ ਗਿਆ, ਜਦੋਂ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੀ ਦੂਜੇ ਰਾਜਾਂ ਨੂੰ ਵੰਡ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਕ ਮੰਨਿਆ ਗਿਆ ਹੈ ਤਾਂ ਫਿਰ ਐਸ. ਵਾਈ. ਐਲ. ਨਹਿਰ ਦੀ ਉਸਾਰੀ ਦੀ ਕੀ ਸਫਾਈ ਦਿੱਤੀ ਜਾ ਸਕਦੀ ਹੈ।ਹੁਣ ਭਾਰਤ ਸਰਕਾਰ ਨੇ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ 2004 ਦੇ ਲਾਗੂ ਹੋਣ ਤੋਂ ਬਾਅਦ ਸੁਪਰੀਮ ਕੋਰਟ ਤੋਂ ਰਾਸ਼ਟਰਪਤੀ ਦੀ ਸਲਾਹ ਮੰਗੀ ਹੈ। ਹੁਣ ਸੁਪਰੀਮ ਕੋਰਟ ਦਾ ਫੈਸਲਾ ਆਵੇਗਾ।

## ਸਮਝੌਤੇ ਖ਼ਤਮ ਕਰਨਾ ਜ਼ਰੂਰੀ ਹੋ ਗਿਆ :

ਪੰਜਾਬ ਰਾਜ ਅਤੇ ਵਿਧਾਨ ਸਭਾ ਇਨ੍ਹਾਂ ਕਹਾਉਂਦੇ ਸਮਝੌਤਿਆਂ ਨੂੰ, ਜੋ ਕਿ ਗੈਰਕਾਨੂੰਨੀ ਅਤੇ ਖਤਮ ਸਨ ਅਤੇ ਇਸ ਉਪਰ ਬੱਝਵੇਂ ਨਹੀਂ ਸਨ, ਨੂੰ ਕਾਨੂੰਨੀ ਤੌਰ ਤੇ ਤੋੜਨ ਲਈ ਮਜਬੂਰ ਨਹੀਂ ਸੀ। ਇਸਨੇ ਇਨ੍ਹਾਂ ਸਮਝੌਤਿਆਂ ਦੇ ਆਧਾਰ ਤੇ ਇਸਦੇ ਦਰਿਆਈ ਪਾਣੀਆਂ ਦੀ ਵੰਡ ਨੂੰ ਸੁਪਰੀਮ ਕੋਰਟ ਵਿਚ ਗ਼ੈਰ ਕਾਨੂੰਨੀ ਅਤੇ ਗ਼ੈਰ ਸੰਵਿਧਾਨਕ ਕਹਿ ਕੇ ਲਲਕਾਰਿਆ ਸੀ ਅਤੇ ਨਾਲ ਹੀ ਪੰਜਾਬ ਦੇ ਪੁਨਰ ਗਠਨ ਐਕਟ ਦੇ ਸੈਕਸ਼ਨ 78 ਤੋਂ 80 ਦੀਆਂ ਧਾਰਾਵਾਂ ਨੂੰ ਵੀ ਗ਼ੈਰ ਕਾਨੂੰਨੀ ਗ਼ੈਰ ਸੰਵਿਧਾਨਕ ਕਹਿ ਕੇ ਲਲਕਾਰਿਆ ਸੀ ਪਰ ਇਸ ਮਾਮਲੇ ਨੂੰ ਪ੍ਰਧਾਨ ਮੰਤਰੀ, ਇੰਦਰਾ ਗਾਂਧੀ ਦੇ ਬਹੁਤ ਜ਼ਿਆਦਾ ਦਬਾਅ ਹੇਠ, ਖਾਰਿਜ ਕਰਵਾ ਲਿਆ ਗਿਆ ਸੀ ਜਦੋਂ ਕਾਂਗਰਸ 1980 ਵਿਚ ਪੰਜਾਬ ਰਾਜ ਅਤੇ ਭਾਰਤ ਸਰਕਾਰ ਵਿਚ ਮੁੜ ਸੱਤਾ ਵਿਚ ਆਈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੁੱਝ ਹੋਰ ਪਾਰਟੀਆਂ ਵਲੋਂ ਦਰਜ ਕਰਵਾਏ ਗਏ ਮਾਮਲਿਆਂ ਨੂੰ ਸੁੰਨਣ ਅਤੇ ਉਸ ਕੋਰਟ ਵਲੋਂ ਫ਼ੈਸਲਾ ਕਰਨ ਦੀ ਅਨੁਮਤਿ ਨਹੀਂ ਦਿੱਤੀ ਗਈ ਸੀ ਅਤੇ ਬਲਕਿ ਸੁਨਵਾਈ ਦੀ ਤਾਰੀਖ ਪੱਕੀ ਕੀਤੇ ਜਾਣ ਤੋਂ ਕੁੱਝ ਦਿਨ ਬਾਅਦ ਮਾਮਲੇ ਦਾ ਸੁਪਰੀਮ ਕੋਰਟ ਤਬਾਦਲਾ ਕਰ ਦਿੱਤਾ ਗਿਆ ਸੀ ਅਤੇ 21 ਵਰ੍ਹਿਆਂ ਦੇ ਇਸ ਲੰਬੇ ਸਮੇਂ ਵਿਚ, ਹੁਣ ਤੱਕ ਸੁਪਰੀਮ ਕੋਰਟ ਵਿਚ ਸੁਨਵਾਈ ਲਈ ਪੇਸ਼ ਨਹੀਂ ਕੀਤਾ ਗਿਆ ਹੈ। ਬਲਕਿ ਹਰਿਆਣਾ ਰਾਜ ਦੀ ਅਰਜੀ ਤੇ, ਸੁਪਰੀਮ ਕੋਰਟ ਨੇ ਗ਼ੈਰ ਕਾਨੂੰਨੀ ਸਮਝੌਤੇ ਨੂੰ ਆਪਣਾ ਆਧਾਰ ਬਣਾਉਂਦੇ ਹੋਏ ਭਾਰਤ ਸਰਕਾਰ ਨੂੰ ਐਸ.ਵਾਈ.ਐਲ ਦੀ ਉਸਾਰੀ ਕਰਵਾਉਣ ਦਾ ਨਿਰਦੇਸ਼ ਦਿੱਤਾ। ਜੱਥੇਬੰਦ ਸਰਕਾਰ ਨੇ ਆਪਣੇ ਪੀ.ਡਬਲਯੂ.ਡੀ. ਨੂੰ ਪੰਜਾਬ ਖ਼ੇਤਰ ਵਿਚ ਨਹਿਰ ਦੀ ਉਸਾਰੀ ਦਾ ਅਧਿਕਾਰ ਦਿੱਤਾ, ਇਹ ਛਾਪ ਛੱਡਦੇ ਹੋਏ ਕਿ ਜੇ ਪੰਜਾਬ ਕਾਨੂੰਨ ਤੋੜਨ ਵਾਲਾ ਅਤੇ ਹਮਲਾਵਰ ਰਾਜ ਹੈ, ਕਾਨੂੰਨੀ ਉਪਚਾਰ ਦੀ ਭਾਲ ਵਿਚ ਦੁਸ਼ਮਣੀ ਦੀ ਭਾਵਨਾ ਦਾ ਸ਼ਿਕਾਰ ਹੈ। ਇਨ੍ਹਾਂ ਹਾਲਾਤਾਂ ਵਿਚ ਇਸਦੇ ਕਾਨੂੰਨੀ ਅਧਿਕਾਰਾਂ ਦਾ ਦਾਅਵਾ ਪੇਸ਼ ਕਰਨ ਲਈ ਨਵਾਂ ਵਿਧਾਨ ਜ਼ਰੂਰੀ ਹੋ ਗਿਆ ਹੈ।

## ਪੰਜਾਬ ਸਮਝੌਤਿਆਂ ਦਾ ਖ਼ਾਤਮਾ ਐਕਟ 2004:

ਪੰਜਾਬ ਵਿਧਾਨ ਮੰਡਲ ਨੇ ਜੁਲਾਈ 12, 2004 ਨੂੰ ਆਪਣੇ ਕਾਨੂੰਨੀ ਵਿਸ਼ੇਸ਼ ਸੈਸ਼ਨ ਵਿਚ ਇਕ-ਮਤ ਨਾਲ, ਦਿਸੰਬਰ 31, 1981 ਨੂੰ ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ ਕਾਨੂੰਨੀ ਵੰਡ ਨਾਲ ਸੰਬੰਧਤ ਇੰਦਰਾ ਗਾਂਧੀ ਦੀ ਮੌਜੂਦਗੀ ਅਤੇ ਨਿਰਦੇਸ਼ਨ ਹੇਠ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਵਲੋਂ ਦਸਤਖ਼ਤ

ਕੀਤੇ ਗਏ ਇਨ੍ਹਾਂ ਰਾਜਾਂ ਦੇ ਵਿਚਕਾਰ ਕੀਤੇ ਗਏ ਸਮਝੌਤੇ, ਨੂੰ ਰੱਦ ਕਰਦਿਆਂ "ਪੰਜਾਬ ਸਮਝੌਤਿਆਂ ਦੇ ਖ਼ਾਤਮੇ ਦਾ ਐਕਟ 2004" ਪਾਸ ਕੀਤਾ ਅਤੇ ਉਸ ਆਧਾਰ ਨੂੰ ਖਤਮ ਕਰਦੇ ਹੋਏ ਜਿਸ ਤੇ ਸੁਪਰੀਮ ਕੋਰਟ ਨੇ ਪੰਜਾਬ ਵਿਚ ਐਸ.ਵਾਈ.ਐਲ ਦੀ ਉਸਾਰੀ ਦੇ ਹੁਕਮ ਜਾਰੀ ਕੀਤੇ ਸੀ। ਪੰਜਾਬ ਦੇ ਰਾਜਪਾਲ ਨੇ ਅਗਲੇ ਹੀ ਦਿਨ ਇਸ ਬਿਲ ਦੀ ਮੰਜੂਰੀ ਦੇ ਦਿੱਤੀ ਸੀ ਜੋ, ਵਿਧਾਨ ਮੰਡਲ ਤੋਂ ਸੰਚਾਲਤ, ਐਕਟ ਬਣ ਗਿਆ, ਜੋ ਇਸਦੀ ਕਾਰਵਾਈ ਕਰਨ ਲਈ ਬਹੁਤ ਯੋਗ ਸੀ। ਰਾਜਪਾਲ ਆਪ ਇਕ ਰਾਜ ਦਾ ਸੇਵਾਮੁਕਤ ਚੀਫ ਜਸਟਿਸ ਹੈ, ਕਾਨੂੰਨ ਦੀਆਂ ਧਾਰਾਵਾਂ ਅਤੇ ਭਾਰਤ ਦੇ ਸੰਵਿਧਾਨ ਦਾ ਕੁਸ਼ਲ ਜਾਣਕਾਰ, ਜੋ ਪ੍ਰਥਮ ਦ੍ਰਿਸ਼ਟੀ ਤੇ ਆਧਾਰਿਤ ਕਿਸੇ ਕਾਨੰਨੂ ਅਤੇ ਸੰਵਿਧਾਨਕ ਧਾਰਾ ਦੀ ਉਲੰਘਣਾ ਨਾ ਕਰਨ ਵਾਲ ਐਕਟ ਸਥਾਪਿਤ ਕਰਦਾ ਹੈ। ਇਸਨੂੰ ਜਿੱਤਣਾ ਪਵੇਗਾ ਜੱਦ ਤੱਕ ਕਿ ਕੁਸ਼ਲ ਕੋਰਟ ਵਲੋਂ ਗ਼ੈਰ ਸੰਵਿਧਾਨਕ ਨਹੀਂ ਐਲਾਨਿਆ ਜਾਂਦਾ।

26

ਆਪਣੇ ਦਰਿਆਈ ਪਾਣੀਆਂ ਸੰਬੰਧੀ ਇਕ ਕਾਨੂੰਨ ਬਨਾਉਣਾ ਰਾਜ ਦੇ ਵਿਧਾਨ ਮੰਡਲ ਦੇ ਅਧਿਕਾਰ ਖ਼ੇਤਰ ਵਿਚ ਹੁੰਦਾ ਹੈ। ਇਹ ਬਲਕਿ ਰਾਜ ਦਾ ਵਿਸ਼ਾ ਹੋਣ ਕਰਕੇ ਪੰਜਾਬ ਦੇ ਦਰਿਆਈ ਪਾਣੀਆਂ ਸੰਬੰਧੀ ਕਾਨੂੰਨ ਬਨਾਉਣਾ ਪੰਜਾਬ ਵਿਧਾਨ ਸਭਾ ਦੇ ਨਿਵੇਕਲੇ ਆਧਿਕਾਰ ਖ਼ੇਤਰ ਵਿਚ ਹੈ ਅਤੇ ਅੰਤਰਰਾਜੀ ਨਦੀਆਂ ਨਾ ਹੋਣ ਕਰਕੇ ਸੰਸਦ ਦੇ ਅਧਿਕਾਰ ਖ਼ੇਤਰ ਵਿਚ ਨਹੀਂ ਹੈ। ਬਿਲਕੁਲ ਗ਼ਲਤ ਪ੍ਰਚਾਰ ਕੀਤਾ ਗਿਆ ਹੈ ਕਿ ਰਾਜਸਥਾਨ ਅਤੇ ਹਰਿਆਣਾ ਨੂੰ ਇਕਤਰਫਾ ਕਰਕੇ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ ਗਿਆ ਹੈ ਕਿਉਂ ਜੋ ਪੰਜਾਬ ਦੇ ਦਰਿਆਈ ਪਾਣੀਆਂ ਵਿਚ ਇਨ੍ਹਾਂ ਰਾਜਾਂ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਸੀ। ਅਨਅਧਿਕਾਰਤ ਵਿਅਕਤੀਆਂ ਜਾਂ ਅਧਿਕਾਰੀਆਂ ਵਲੋਂ ਗ਼ੈਰ ਕਾਨੂੰਨੀ ਵੰਡ ਕਦੇ ਵੀ ਇਨ੍ਹਾਂ ਰਾਜਾਂ ਵਿਚ ਕਾਨੂੰਨੀ ਅਧਿਕਾਰ ਨਹੀਂ ਦੇ ਸਕਦੇ। ਇਸ ਨਵੇਂ ਐਕਟ ਵਿਚ ਪੰਜਾਬ ਵਿਧਾਨ ਮੰਡਲ ਨੇ ਬਲਕਿ ਇਨ੍ਹਾਂ ਰਾਜਾਂ ਨੂੰ ਪੰਜਾਬ ਦੇ ਦਰਿਆਈ ਪਾਣੀ ਜਾਰੀ ਰੱਖਣ ਲਈ ਇਕ ਖੰਡ ਰੱਖਿਆ ਸੀ, ਜਿਵੇਂ ਹੁਣ ਮੌਜੂਦਾ ਕਾਲ ਵਿਚ ਵਹਿ ਰਹੇ ਹਨ ਕਿਉਂ ਜੋ ਇਨ੍ਹਾਂ ਨੂੰ ਬਿਨਾਂ ਸੂਚਨਾ ਦੇ ਇਕ ਦਮ ਨਾ ਰੋਕਿਆ ਜਾਵੇ ਜਿਸ ਨਾਲ ਫਸਲਾਂ ਤਬਾਹ ਹੋ ਸਕਦੀਆਂ ਹਨ। ਪੰਜਾਬ ਦਾ ਵਿਧਾਨ ਮੰਡਲ ਇਸ ਕਾਨੂੰਨ ਨੂੰ ਕਿਸੇ ਵੀ ਸਮੇਂ ਰੱਦ ਕਰ ਸਕਦਾ ਹੈ। ਭਾਰਤ ਸਰਕਾਰ ਅਤੇ ਇਨ੍ਹਾਂ ਰਾਜਾਂ ਨੂੰ ਇਹ ਪਾਣੀ ਕੁਝ ਸਮੇਂ ਤਕ ਵਰਤਣਾ ਚਾਹੀਦਾ ਹੈ ਜਿਸ ਦੇ ਦੌਰਾਨ ਕੁਝ ਸਾਲਾਂ ਵਿਚ ਹੋਰ ਦਰਿਆਵਾਂ ਤੋਂ ਪਾਣੀ ਲੈ ਕੇ ਇਨ੍ਹਾਂ ਰਾਜਾਂ ਨੂੰ ਉਪਲੱਬਧ ਕਰਵਾਇਆ ਜਾਵੇ ਜਾਂ ਹੋਰ ਸ੍ਰੋਤਾਂ ਤੋਂ ਸਿੰਚਾਈ ਦੀ ਸੁਵਿਧਾ ਉਪਲੱਬਧ ਕਰਵਾਈ ਜਾਵੇ। ਇਹ ਵਧੀਆ ਹੁੰਦਾ ਜੇ ਪੰਜਾਬ ਦੇ ਵਿਧਾਨ ਮੰਡਲ ਨੇ ਅੱਗੇ ਮਾਮਲੇ ਨੂੰ ਰੱਦ ਕਰਨ ਤੋਂ ਬਚਣ ਲਈ ਇਸ ਵਿਧਾਨ ਵਿਚ ਪਰਿਵਰਤਨ ਦਾ ਸਮਾਂ ਦਿੱਤਾ ਹੁੰਦਾ।

## ਪੰਜਾਬ ਦੀ ਇਕ-ਤਰਫਾ ਕਾਰਵਾਈ ਜਾਇਜ਼:

ਜੇ ਦਲੀਲ ਦੇ ਲਈ ਇਹ ਮੰਨ ਲਿਆ ਜਾਵੇ ਕਿ ਪੰਜਾਬ ਰਾਜ ਬਿਨਾਂ ਵਿਚਾਰ-ਵਟਾਂਦਰੇ ਦੇ ਰਾਜਸਥਾਨ ਅਤੇ ਹਰਿਆਣਾ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਦੇਣ ਲਈ ਰਜ਼ਾਮੰਦ ਹੋ ਗਿਆ ਸੀ, ਹਮਦਰਦੀ ਦੇ ਕਰਕੇ ਇਹ ਸਮਝਦੇ ਹੋਏ ਕਿ ਪੰਜਾਬ ਦੀਆਂ ਜ਼ਮੀਨਾਂ ਲਈ ਪੰਜਾਬ ਵਿਚ ਵਾਧੂ ਪਾਣੀ ਹੈ, ਤਾਂ ਪੰਜਾਬ ਜ਼ਾਇਜ਼ ਤੌਰ ਤੇ ਉਨ੍ਹਾਂ ਰਾਜਾਂ ਨੂੰ ਪਾਣੀ ਦੇਣਾ ਬੰਦ ਕਰ ਸਕਦਾ ਸੀ ਜਿਨ੍ਹਾਂ ਦਾ ਇਨ੍ਹਾਂ ਪਾਣੀਆਂ ਉੱਤੇ ਕੋਈ ਕਾਨੂੰਨੀ ਹੱਕ ਨਹੀਂ ਸੀ ਜਦੋਂ ਪੰਜਾਬ ਲਈ ਇਨ੍ਹਾਂ ਪਾਣੀਆਂ ਦੀ ਲੋੜ ਪੈ ਗਈ ਸੀ। ਪੰਜਾਬ ਦੀ ਇਹੋ ਜਿਹੀ ਇਕ-ਤਰਫਾ ਕਾਰਵਾਈ ਕਾਨੂੰਨੀ ਅਤੇ ਸਹੀ ਹੋਵੇਗੀ। ਉਨਾਂ ਰਾਜਾਂ ਦੀ ਮੰਜੂਰੀ ਨੂੰ ਸਿਰਫ ਉਦੋਂ ਹੀ ਮੰਨਿਆ ਜਾਵੇਗਾ ਜਦੋਂ ਉਹ ਆਪਣੀ ਜਿੰਮੇਵਾਰੀਆਂ ਦਾ ਕੁੱਝ ਹਿੱਸਾ ਅਦਾ ਕਰਦੇ ਜਿਵੇਂ ਕਿ ਉਨ੍ਹਾਂ ਨੂੰ ਆਮਦਨ ਦਾ ਭੁਗਤਾਨ ਕਰਨਾ ਪਵੇਗਾ ਅਤੇ ਕਿਸੇ ਸਮਝੌਤੇ ਦੇ ਨਿਯਮ ਅਤੇ ਸ਼ਰਤਾਂ ਦਾ ਪਾਲਨ ਕਰਨਾ ਪਵੇਗਾ ਜੋ ਓਨ੍ਹਾਂ ਦਾ ਫ਼ਰਜ਼ ਵੀ ਹੈ। ਉਦੋਂ ਪਾਰਟੀਆਂ ਉੱਤੇ ਬੱਜਵੇਂ ਸਮਝੌਤਾ ਦੇ ਨਿਯਮ ਅਤੇ ਸ਼ਰਤਾਂ ਸਾਰੀਆਂ ਪਾਰਟੀਆਂ ਵਲੋਂ ਬਦਲੀਆਂ ਜਾ ਸਕਣਗੀਆਂ। ਇਸ ਮਾਮਲੇ ਵਿਚ ਹੋਰ ਰਾਜਾਂ ਉੱਤੇ ਕੋਈ ਬੰਦਸ਼ ਨਹੀਂ ਸੀ ਅਤੇ ਸਮਝੌਤੇ ਦੇ ਕੋਈ ਨਿਯਮ ਅਤੇ ਸ਼ਰਤਾਂ ਨਹੀਂ ਸਨ ਜਿਨ੍ਹਾਂ ਨਿਯਮ ਅਤੇ ਸ਼ਰਤਾਂ ਨੂੰ ਬਦਲਣ ਲਈ ਸਾਰੀਆਂ ਪਾਰਟੀਆਂ ਦੀ ਮੰਜੂਰੀ ਦੀ ਲੋੜ ਹੋਵੇਗੀ। ਇਨ੍ਹਾਂ ਰਾਜਾਂ ਨੂੰ ਪੰਜਾਬ ਦੇ ਪਾਣੀਆਂ ਦੀ ਮੁਫਤ ਵਰਤੋਂ ਲਈ ਜਿੰਮੇਵਾਰੀ ਅਤੇ ਕਰਜਦਾਰੀ ਦਿਖਾਉਣੀ ਚਾਹੀਦੀ ਸੀ ਜਿਵੇਂ ਕਿ ਪੰਜਾਬ ਨੇ ਉਨ੍ਹਾਂ ਨੂੰ ਮੰਜੂਰੀ ਦਿੱਤੀ ਸੀ ਨਾ ਕਿ ਇਸਨੂੰ ਪੱਕੇ ਤੌਰ ਤੇ ਪਾਉਣ ਦੇ ਅਧਿਕਾਰ ਜਮਾ ਕੇ ਪੰਜਾਬ ਦੀਆਂ ਜਮੀਨਾਂ ਨੂੰ ਖੇਤੀ ਲਈ ਬੇਕਾਰ ਅਤੇ ਅਯੋਗ ਬਨਾ ਦੇਣਾ ਚਾਹੀਦਾ ਹੈ।

## ਕੁੱਝ ਪ੍ਰਸ਼ੰਸਾ ਯੋਗ ਪ੍ਰਵ੍ਰਿਤੀਆਂ:

ਇਸ ਨਵੇਂ ਵਿਧਾਨ ਨੇ ਪਹਿਲੇ ਸਾਰੇ ਸਮਝੌਤੇ, ਜਿਵੇਂ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੇ, ਨੂੰ ਖ਼ਤਮ ਕਰਦੇ ਹੋਏ, ਇਨ੍ਹਾਂ ਪਾਣੀਆਂ ਨੂੰ ਸਿਰਫ ਪੰਜਾਬ ਦੀਆਂ ਜਮੀਨਾਂ ਲਈ ਰੱਖਦੇ ਹੋਏ, ਪੰਜਾਬ ਦੀਆਂ ਕੁੱਝ ਰਾਜਨੀਤਿਕ ਪ੍ਰਵ੍ਰਿਤੀਆਂ ਨੂੰ ਪ੍ਰਸ਼ੰਸਾ ਯੋਗ ਬਣਾਇਆ ਹੈ। ਇਸਦਾ ਮਾਰਗ ਪ੍ਰਦਰਸ਼ਨ ਕਾਂਗਰਸ ਦੇ ਮੁੱਖ ਮੰਤਰੀ ਵਲੋਂ ਪੰਜਾਬ ਰਾਜ ਕਾਂਗਰਸ ਦੇ ਵਿਧਾਇਕਾਂ ਦੀ ਸਰਵਸੰਮਤ ਨਾਲ ਪੰਜਾਬ ਦੇ ਲੋਕਾਂ ਦੇ ਹਿੱਤ ਵਿਚ ਕੀਤਾ ਗਿਆ ਸੀ, ਜਦੋਂ ਕਿ ਕਾਂਗਰਸ ਦੀ ਪ੍ਰਧਾਨ ਮੰਤਰੀ ਅਤੇ ਇਸਦੀ ਸਰਕਾਰ ਵਲੋਂ ਗ਼ੈਰ ਕਾਨੂੰਨੀ ਸਮਝੌਤੇ ਅਤੇ ਐਲਾਨ ਕੀਤੇ ਗਏ ਸਨ ਜਿਸ ਲਈ ਪਹਿਲੇ ਕਾਂਗਰਸੀ ਮੁੱਖ ਮੰਤਰੀਆਂ ਅਤੇ ਵਿਧਾਇਕਾਂ ਨੇ ਆਪਣੇ ਰਾਜ ਦੇ ਹਿੱਤ ਦੇ ਵਿਰੁੱਧ ਅਤੇ ਆਪਣੇ ਜਮੀਰ ਦੇ ਵਿਰੁੱਧ ਕਾਰਜ ਕਰਦੇ ਹੋਏ ਰੇਖਾ ਖਿੱਚ ਦਿੱਤੀ ਸੀ। ਸੰਪ੍ਰਦਾਇਵਾਦ ਤੌਂ ਉਪਰ ਉੱਠਦੇ ਹੋਏ ਸਰਵਸੰਮਤ ਨਾਲ ਇਸਨੂੰ ਸਵੀਕਾਰ ਕਰਨ ਲਈ ਸਾਰੇ ਵਿਧਾਇਕਾਂ, ਜਿਸ ਕਿਸੀ ਪਾਰਟੀ ਨਾਲ ਵੀ ਉਹ ਸੰਬੰਧਤ ਸਨ, ਵਲੋਂ ਪੂਰੀ ਤਰ੍ਹਾਂ ਸਮੱਰਥਣ ਦਿੱਤਾ ਗਿਆ ਸੀ ਜਿਸਨੂੰ ਕਿ ਕਾਂਗਰਸ ਅਤੇ ਕੁੱਝ ਹੋਰ ਸੰਪ੍ਰਦਾਇਕ ਪਾਰਟੀਆਂ ਵਲੋਂ ਸਿਰਫ ਸਿੱਖਾਂ ਦੀਆਂ ਪੰਜਾਬ ਦੀਆਂ ਮੰਗਾਂ ਦਾ ਗਲਤ ਰੂਪ ਦੇ ਕੇ ਰਾਜਨੀਤਿਕ ਅਖਾੜੇ ਵਿਚ ਪਾ ਦਿੱਤਾ ਗਿਆ ਸੀ। ਕਾਂਗਰਸ ਅਤੇ ਅਕਾਲੀ ਨੇਤਾਵਾਂ ਨੇ ਆਪਣੇ ਰਾਜਨੀਤਿਕ ਅੰਤਰ ਦੇ ਬਾਵਜੂਦ ਇਸ ਮਾਮਲੇ ਤੇ ਏਕਤਾ ਦਿਖਾਈ ਹੈ। ਇਹ ਵਰਨਣ ਕੀਤਾ ਜਾ ਚੁੱਕਾ ਹੈ ਕਿ ਪੰਜਾਬ ਦੇ ਲੋਕਾਂ ਦੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਵੇਕਲੀ ਵਰਤੋਂ ਦੇ ਕਾਨੂੰਨੀ ਅਤੇ ਸੰਵਿਧਾਨਕ ਅਧਿਕਾਰ ਕਦੇ ਵੀ ਕੁੱਝ ਰਾਜਨੇਤਾਵਾਂ ਦੀ ਸੁਆਰਥ ਹਿੱਤ ਦੀ ਸੇਵਾ ਲਈ ਉਨ੍ਹਾਂ ਦੀ ਸਨਕ ਅਤੇ ਰਾਜਨੀਤਿਕ ਦਬਾਅ ਤੇ ਨਿਰਭਰ ਨਹੀਂ ਹੋ ਸਕਦੇ। ਪੰਜਾਬ ਵਿਚ ਹੋਈ ਹੋਰ ਬੇਇਨਸਾਫੀਆਂ ਵਿਚ ਇਹੋ ਜਿਹੀ ਜਿੰਦਾ ਦਿਲੀ ਦਿਖਾਈ ਜਾਵੇ।
27

## ਇੱਕ ਰਾਜ ਦੇ ਕੁਦਰਤੀ ਸ੍ਰੋਤਾਂ ਦੇ ਸ਼ੋਸ਼ਣ ਦੀ ਹੋਰ ਕੋਈ ਮਿਸਾਲ ਨਹੀਂ:

ਬਿਲਕੁਲ ਗ਼ਲਤ ਧਾਰਨਾ ਵਾਲੇ, ਅਨਿਆਂਪੂਰਨ ਅਤੇ ਗ਼ੈਰ ਕਾਨੂੰਨੀ ਮਸਲੇ ਚੁੱਕੇ ਗਏ ਸਨ ਕਿ ਨਵੇਂ ਪੰਜਾਬ ਦੇ ਸਮਝੌਤਿਆਂ ਦੇ ਖਾਤਮੇ ਦੇ ਐਕਟ 2004 ਦੇ ਨਿਰਮਾਣ ਵਲੋਂ ਰਾਜਸਥਾਨ ਅਤੇ ਹਰਿਆਣਾ ਨੂੰ ਉਨੈਂ ਦੇ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਹੱਕ ਤੋਂ ਵਾਂਝਾ ਕੀਤਾ ਜਾ ਰਿਹਾ ਹੈ, ਗੰਦੇ ਰਾਜਨੀਤਿਕ ਦਾਅ ਪੇਚਾਂ ਤੇ ਆਧਾਰਿਤ ਸੀ ਜਿਵੇਂ ਕਿ ਇਨ੍ਹਾਂ ਰਾਜਾਂ ਦਾ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਕੋਈ ਕਾਨੂੰਨੀ ਹੱਕ ਨਹੀਂ ਸੀ। ਇਕ-ਮੁੱਠ ਸਰਕਾਰ ਅਤੇ ਖਾਸ ਕਰ ਕੇ ਇੰਦਰਾ ਗਾਂਧੀ ਨੇ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਉੱਤੇ ਬੇਹੱਦ ਦਬਾਅ ਪਾਉਂਦੇ ਹੋਏ ਆਪਣੇ ਗ਼ੈਰ ਕਾਨੂੰਨੀ ਸਮਝੌਤਿਆਂ ਅਤੇ ਐਲਾਨ ਦੇ ਨਾਲ ਮਜ਼ਬੂਤ ਕੇਂਦਰੀਕ੍ਰਿਤ ਰਾਜਨੀਤੀ "ਮੈਛੀਵੀਲੀਅਨ" ਦੇ ਅਧੀਨ ਗ਼ੈਰ ਕਾਨੂੰਨੀ ਢੰਗ ਨਾਲ ਇਨ੍ਹਾਂ ਰਾਜਾਂ ਨੂੰ ਪੰਜਾਬ ਦੇ ਦਰਿਆਈ ਪਾਣੀ ਦੇਣ ਲਈ ਸਾਹਮਣੇ ਲਿਆਂਉਦਾ ਅਤੇ ਇਨ੍ਹਾਂ ਰਾਜਾਂ ਦੇ ਰਾਜ ਨੇਤਾ ਇਸ ਮਸਲੇ ਤੇ ਇੱਕ ਦੂਜੇ ਤੋਂ ਵੱਧ ਰਾਜਨੀਤਿਕ ਮੁਨਾਫਾ ਲੈਣ ਦੀ ਦੌੜ ਵਿਚ ਸ਼ਾਮਲ ਹੋ ਗਏ। ਇਨ੍ਹਾਂ ਰਾਜਾਂ ਨੂੰ ਪੰਜਾਬ ਦਾ ਦਰਿਆਈ ਪਾਣੀ ਦੇਣ ਵਾਲੇ ਸਾਰੇ ਐਲਾਨ ਅਤੇ ਸਮਝੌਤੇ ਸਾਫ ਤੌਰ ਤੇ ਗ਼ੈਰ ਕਾਨੂੰਨੀ, ਨਾਜ਼ਾਇਜ਼ ਅਤੇ ਗ਼ੈਰ ਸੰਵਿਧਾਨਕ ਸਨ। ਪੰਜਾਬ ਰਾਜ ਅਤੇ ਪੰਜਾਬ ਦੇ ਵਿਧਾਨ ਮੰਡਲ ਨੇ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਆਪਣਾ ਨਿਵੇਕਲਾ ਅਧਿਕਾਰ ਖੇਤਰ ਹੁੰਦੇ ਹੋਏ ਸਰਵਸੰਮਤ ਨਾਲ ਲੋੜੀਂਦਾ ਕਾਨੂੰਨ ਬਣਾਇਆ। ਉਹ ਆਪਣੇ ਰਾਜ ਦਾ ਦਰਿਆਈ ਪਾਣੀ ਹੋਰ ਰਾਜਾਂ ਨੂੰ ਦੇਣ ਲਈ ਮਜਬੂਰ ਕਿਵੇਂ ਕੀਤੇ ਜਾ ਸਕਦੇ ਸੀ ਜਦੋਂ ਇਹ ਵਾਧੂ ਨਹੀਂ ਹੈ ਅਤੇ ਰਾਜ ਦੀ ਲੋੜ ਤੋਂ ਵੀ ਕਾਫੀ ਘੱਟ ਸੀ। ਇਨ੍ਹਾਂ ਰਾਜਾਂ ਦੇ ਲੋਕਾਂ ਅਤੇ ਰਾਜਨੇਤਾਵਾਂ ਨੂੰ ਇਸ ਮਸਲੇ ਉੱਤੇ ਈਮਾਨਦਾਰੀ ਨਾਲ ਵਿਚਾਰ ਕਰਨਾ ਚਾਹੀਦਾ ਸੀ ਕਿ ਬਿਨਾਂ ਵਿਚਾਰ-ਵਟਾਂਦਰੇ ਦੇ ਕਿ ਉਹ ਆਪਣੇ ਰਾਜਾਂ ਦੇ ਸ੍ਰੋਤਾਂ ਨੂੰ ਪੰਜਾਬ ਜਾਂ ਹੋਰ ਰਾਜਾਂ ਨੂੰ ਉਸਦੀ ਲੋੜ ਵਿਚ ਦੇ ਸਕਦੇ ਸੀ, ਭਾਵੇਂ ਉਨ੍ਹਾਂ ਕੋਲ ਵਾਧੂ ਹੀ ਹੋਵੇ, ਉਨ੍ਹਾਂ ਦੀ ਲੋੜਾਂ ਲਈ ਜੋ ਘੱਟ ਸੀ ਬਾਰੇ ਕੀ ਕਹਿਣਾ। ਕੀ ਕਿਸੇ ਰਾਜ ਨੇ ਵਾਧੂ ਬਿਜਲੀ ਹੁੰਦੇ ਹੋਏ ਪੰਜਾਬ ਨੂੰ ਇਹ ਮੁਫਤ ਦਿੱਤੀ? ਬਲਕਿ ਪੰਜਾਬ ਇਹ ਬਿਜਲੀ ਲੱਖਾਂ ਰੁਪਇਆਂ ਦਾ ਭੁਗਤਾਨ ਕਰਕੇ ਖਰੀਦ ਰਿਹਾ ਹੈ। ਕੀ ਕਿਸੇ ਰਾਜ ਨੇ ਪੰਜਾਬ ਨੂੰ ਕੋਲਾ ਮੁਫਤ ਦਿੱਤਾ ਸੀ, ਜਿਸ ਲਈ ਇਸ ਵਲੋਂ ਲੱਖਾਂ ਰੁਪਏ ਖਰਚ ਕੀਤੇ ਗਏ ਸਨ। ਕੀ ਕਦੇ ਰਾਜਸਥਾਨ ਨੇ ਆਪਣੇ ਕੁਦਰਤੀ ਪੱਥਰ ਅਤੇ ਮਾਰਬਲ ਪੰਜਾਬ ਨੂੰ ਮੁਫਤ ਦੇਣ ਦੀ ਇੱਛਾ ਜਾਹਿਰ ਕੀਤੀ ਸੀ, ਜਿਸ ਲਈ ਪੰਜਾਬ ਨੇ ਆਪਣੇ ਰਾਜਸੀ ਖਜਾਨੇ ਵਿਚੋਂ ਲੱਖਾਂ ਹੀ ਲੱਖਾਂ ਰੁਪਏ ਖਰਚ ਕੀਤੇ ਹਨ। ਕੀ ਭਾਰਤ ਸਰਕਾਰ ਨੇ ਕਦੇ ਵੀ

ਦਖ਼ਲ ਦਿੱਤਾ ਕਿ ਕਿਸੇ ਰਾਜ ਦੇ ਕੁਦਰਤੀ ਸ੍ਰੋਤ, ਥੋੜੇ ਜਿਹੇ ਹੀ, ਬਿਨਾਂ ਕਿਸੇ ਰਾਜ ਨੂੰ ਭੁਗਤਾਨ ਕੀਤੇ ਪੰਜਾਬ ਨੂੰ ਦਿੱਤੇ ਜਾਣ? ਫਿਰ ਪੰਜਾਬ ਇਕੱਲੇ ਨੂੰ ਹੀ ਆਪਣੇ ਇਕ-ਮਾਤ੍ਰ ਦਰਿਆਈ ਪਾਣੀਆਂ ਦੇ ਕੁਦਰਤੀ ਸ੍ਰੋਤ ਨੂੰ ਦੂਜੇ ਰਾਜਾਂ ਨੂੰ ਦੇਣ ਲਈ ਵੱਖਰਾ ਕਿਉਂ ਕੀਤਾ ਗਿਆ। ਕੀ ਉੱਥੇ ਥੋੜੀ ਜਿਹੀ ਵੀ ਸਹੀ ਸੋਚ ਅਤੇ ਉਚਿਤਤਾ ਹੋ ਸਕਦੀ ਸੀ ਕਿ ਪੰਜਾਬ ਬਿਨਾਂ ਕਿਸੇ ਵਿਚਾਰ-ਵਟਾਂਦਰੇ ਦੇ ਦੂਜੇ ਰਾਜਾਂ, ਜਿਸ ਦਾ ਇਸ ਤੇ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ, ਨੂੰ ਆਪਣਾ ਦਰਿਆਈ ਪਾਣੀ ਦੇ ਕੇ ਆਪਣੀਆਂ ਜਮੀਨਾਂ ਨੂੰ ਖੇਤੀ ਲਈ ਬੰਜਰ ਅਤੇ ਅਯੋਗ ਕਰ ਲਵੇ।

## ਦਰਿਆਈ ਪਾਣੀਆਂ ਨੂੰ ਪੰਜਾਬ ਤੋਂ ਬਾਹਰ ਲਿਜਾਉਣ ਲਈ ਨਹਿਰਾਂ ਦੀ ਉਸਾਰੀ ਗ਼ੈਰ ਕਾਨੂੰਨੀ:

ਕਾਨੂੰਨ ਦੀ ਕਿਸ ਧਾਰਾ ਦੇ ਅਧੀਨ, ਪੰਜਾਬ ਰਾਜ ਅਤੇ ਪੰਜਾਬ ਵਿਚ ਜਮੀਨਾਂ ਦੇ ਮਾਲਕ, ਨੰਗਲ ਅਤੇ ਭਾਖੜਾ ਅਤੇ ਹਰੀਕੇ ਤੋਂ ਹਰਿਆਣਾ ਅਤੇ ਰਾਜਸਥਾਨ ਦੇ ਰਾਜਾਂ ਨੂੰ ਪਾਣੀ ਲਿਜਾਉਣ ਲਈ ਨਹਿਰਾਂ ਬਨਾਉਣ ਵਾਸਤੇ, ਸੌ ਮੀਲ ਤੋਂ ਵੀ ਵੱਧ ਜਮੀਨ ਦੇਣ ਅਤੇ ਬਰਬਾਦ ਕਰਨ ਲਈ ਪਾਬੰਦ ਹਨ। ਪੰਜਾਬ ਰਾਜ ਕਾਨੂੰਨੀ ਤੌਰ ਤੇ ਵੀ ਜਮੀਨ ਪ੍ਰਾਪਤੀ ਦੇ ਐਕਟ ਹੇਠ ਗ਼ੈਰਕਾਨੂੰਨੀ ਢੰਗ ਨਾਲ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹਰਿਆਣਾ ਅਤੇ ਰਾਜਸਥਾਨ ਲਿਜਾਉਣ ਲਈ ਜਮੀਨ ਜਬਤ ਨਹੀਂ ਕਰ ਸਕਦੀ ਕਿਉਂ ਜੋ ਇਸ ਵਿਚ ਕੋਈ ਜਨਤਕ ਉਦੇਸ਼ ਨਹੀਂ ਦਿਸਦਾ ਜਿਸਲਈ ਰਾਜ ਵਲੋਂ ਜਮੀਨਾਂ ਜਬਤ ਕੀਤੀਆਂ ਜਾਣ। ਇਹ ਜਮੀਨ ਦੇ ਮਾਲਕਾਂ ਦੇ ਅਧਿਕਾਰਾਂ ਉੱਤੇ ਨਾਜਾਇਜ਼ ਕਬਜ਼ਾ ਸੀ ਜੇ ਪਹਿਲਾਂ, ਪੰਜਾਬ ਜਾਂ ਰਾਸ਼ਟਰਪਤੀ ਸ਼ਾਸਨ ਵਿਚ ਕਾਂਗਰਸ ਸਰਕਾਰ ਵੇਲੇ ਕਾਂਗਰਸ ਵਲੋਂ ਚਲਾਈ ਜਾ ਰਹੀ ਭਾਰਤ ਸਰਕਾਰ ਦੇ ਬੇਹੱਦ ਪ੍ਰਭਾਵ ਅਤੇ ਰਾਜਨੀਤਿਕ ਗ਼ੈਰ ਨੈਤਿਕ ਦਬਾਅ ਅਧੀਨ ਪੰਜਾਬ ਸਰਕਾਰ ਵਲੋਂ ਜਮੀਨਾਂ ਜਬਤ ਕਰ ਲਈਆਂ ਜਾਨਦੀਆਂ। ਵਿਸ਼ਵ ਦੇ ਇਤਿਹਾਸ ਵਿਚ ਗ਼ੈਰ ਕਾਨੂੰਨੀ ਕਾਰਵਾਈ ਦੀ ਇਹੋ ਜਿਹੀ ਕੋਈ ਮਿਸਾਲ ਨਹੀਂ ਹੋ ਸਕਦੀ ਕਿ ਇਕ ਰਾਜ ਅਤੇ ਇਸਦੀ ਜਮੀਨਾਂ ਦੇ ਮਾਲਕਾਂ ਨੂੰ ਦੂਜਿਆਂ ਰਾਜਾਂ ਵੱਲ ਗ਼ੈਰ ਕਾਨੂੰਨੀ ਢੰਗ ਨਾਲ ਪਾਣੀ ਲਿਜਾਉਣ ਲਈ ਬਿਨਾਂ ਵਿਚਾਰ-ਵਟਾਂਦਰੇ ਦੇ ਨਹਿਰ ਦੀ ਉਸਾਰੀ ਕਰਨ ਲਈ ਜਬਰਨ ਜਮੀਨਾਂ ਦੇਣ ਲਈ ਕਿਹਾ ਜਾਵੇ।



## ਨਹਿਰ ਦੀ ਉਸਾਰੀ ਦੇ ਖਰਚੇ ਬੇਜੋੜ:

ਹਰਿਆਣਾ ਦਾਅਵ੍ਹਾ ਕਰਦਾ ਹੈ ਕਿ ਕਈ ਸੌ ਕਰੋੜ ਰੁਪਏ ਇਸ ਵਲੋਂ ਐਸ.ਵਾਈ.ਐਲ ਦੀ ਅਧੂਰੀ ਪਈ ਉਸਾਰੀ ਲਈ ਖਰਚ ਕੀਤੇ ਗਏ ਹਨ ਅਤੇ ਇਸ ਲਈ ਇਹ ਪੂਰੀ ਕੀਤੀ ਜਾਣੀ ਚਾਹੀਦੀ ਹੈ। ਸੁਪਰੀਮ ਕੋਰਟ ਵੀ ਇਸ ਤਰਕ ਤੋਂ ਪ੍ਰਭਾਵਿਤ ਹੋਈ ਸੀ। ਕਿਸੇ ਵੀ ਤਰ੍ਹਾਂ ਜਾਇਜ਼ ਤੌਰ ਤੇ ਹਰਿਆਣਾ ਦਾ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਗ਼ੈਰ ਕਾਨੂੰਨੀ ਦਾਅਵ੍ਹਾ ਕਾਨੂੰਨੀ ਨਹੀਂ ਹੋ ਸਕਦਾ। ਇਹ ਸਪਸ਼ਟ ਹੈ ਕਿ ਪੰਜਾਬ ਦੇ ਲੋਕਾਂ ਨੇ ਪੰਜਾਬ ਖ਼ੇਤਰ ਵਿਚ ਐਸ.ਵਾਈ.ਐਲ ਦੀ ਉਸਾਰੀ ਦਾ ਵਿਰੋਧ ਕੀਤਾ ਸੀ ਜੋ ਵੀਹ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਪੂਰੀ ਨਹੀਂ ਸੀ ਹੋ ਸਕੀ। ਇੰਦਰਾ ਗਾਂਧੀ ਦਾ ਐਲਾਨ ਸੁਪਰੀਮ ਕੋਰਟ ਵਿਚ ਪੰਜਾਬ ਰਾਜ ਵਲੋਂ ਲਲਕਾਰਿਆ ਗਿਆ ਸੀ ਕਿ ਇਹ ਅਧਿਕਾਰ - ਖ਼ੇਤਰ ਤੋਂ ਪਰੇ, ਗ਼ੈਰ ਕਾਨੂੰਨੀ ਅਤੇ ਗ਼ੈਰ ਸੰਵਿਧਾਨਕ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1981 ਵਿਚ ਉਦੋਂ ਦੇ ਕਾਂਗਰਸੀ ਪੰਜਾਬ ਮੁੱਖ ਮੰਤਰੀ, ਪੰਜਾਬ ਉੱਤੇ ਬੇਹੱਦ ਪ੍ਰਭਾਵ ਅਤੇ ਰਾਜਨੀਤਿਕ ਦਬਾਅ ਪਾ ਕੇ ਇਸ ਮਾਮਲੇ ਨੂੰ ਖਾਰਜ ਕਰਵਾ ਦਿੱਤਾ ਸੀ ਅਤੇ ਫਿਰ ਇਕ ਹੋਰ ਗ਼ੈਰ ਕਾਨੂੰਨੀ ਐਲਾਨ ਕੀਤਾ। ਭਾਰਤ ਸਰਕਾਰ ਹਰਿਆਣਾ ਨੂੰ ਉਦੋਂ ਦੀ ਪ੍ਰਧਾਨ ਮੰਤਰੀ ਦੇ ਗ਼ੈਰ ਕਾਨੂੰਨੀ ਐਲਾਨਾਂ ਤੋਂ ਹੋਏ ਖਰਚੇ ਦੇ ਨੁਕਸਾਨ ਦੀ ਪੂਰਤੀ ਕਰੇਗੀ। ਹਰਿਆਣਾ ਗ਼ੈਰ ਕਾਨੂੰਨੀ ਪ੍ਰੋਜੈਕਟਾਂ ਤੇ ਖਰਚ ਹੋਏ ਇਹੋ ਜਿਹੇ ਨੁਕਸਾਨ ਦਾ ਭਾਰਤ ਸਰਕਾਰ ਕੋਲ ਦਾਅਵ੍ਹਾ ਕਰੇਗਾ। ਪੰਜਾਬ ਦਾ ਵਿਧਾਨ ਮੰਡਲ ਪੰਜਾਬ ਦੇ ਦਰਿਆਈ ਪਾਣੀਆਂ ਜਿਹੇ ਸਾਰੇ ਸਮਝੌਤੇ ਅਤੇ ਐਲਾਨ ਕਾਨੂੰਨੀ ਤੌਰ ਤੇ ਖਤਮ ਕਰ ਚੁੱਕਾ ਹੈ। ਪੰਜਾਬ ਦੇ ਨਵੇਂ ਵਿਧਾਨ ਨਾਲ ਹਰਿਆਣਾ ਦੇ ਖਰਚਿਆਂ ਦਾ ਕੋਈ ਸੰਬੰਧ ਨਹੀਂ ਹੈ।

ਖਰਚੇ, ਜੇ ਕੋਈ, ਹਰਿਆਣਾ ਜਾਂ ਰਾਜਸਥਾਨ ਦੇ ਦੂਜੀ ਨਹਿਰਾਂ ਤੇ ਆਪਣੇ ਇਲਾਕੇ ਵਿਚ, ਪੰਜਾਬ ਦੇ ਦਰਿਆਈ ਪਾਣੀਆ ਤੋਂ ਬਿਨਾਂ ਭੁਗਤਾਨ ਕੀਤੇ, ਪਾਣੀ ਲਿਜਾਉਣ ਲਈ ਹੋਏ ਹਨ, ਜਿਵੇਂ ਕਿ ਰਾਜਸਥਾਨ ਨਹਿਰ, ਭਾਖੜਾ ਮੁੱਖ ਨਹਿਰ, ਇਸ ਪਾਣੀ ਦੀ ਕੀਮਤ ਨਾਲ ਇੱਕ ਜਾਂ ਦੋ ਸਾਲਾਂ ਵਿਚ ਹੀ ਮੇਲ ਖਾ ਜਾਣੇ ਸੀ। ਇਨ੍ਹਾਂ ਰਾਜਾਂ ਵਲੋਂ ਆਪਣੇ ਇਲਾਕਿਆਂ ਵਿਚ ਇਨ੍ਹਾਂ ਨਹਿਰਾਂ ਦਾ ਉਪਯੋਗ ਹੋਣਾ ਸੀ ਜਦੋਂ ਗੰਗਾ ਅਤੇ ਯਮੁਨਾ

ਦਾ ਪਾਣੀ ਵਿੱਤੀ ਸਹਾਇਤਾ ਅਤੇ ਭਾਰਤ ਸਰਕਾਰ ਦੇ ਹੋਰ ਵੱਡੇ ਸ੍ਰੋਤਾਂ ਨਾਲ ਇਨ੍ਹਾ ਨਹਿਰਾਂ ਉੱਤੇ ਬੰਨ ਜਾਂ ਕੁੰਡ ਬਣਾ ਕੇ ਉਨ੍ਹਾਂ ਰਾਜਾਂ ਨੂੰ ਉਪਲੱਬਧ ਕਰਾਏ ਜਾਂਦੇ। ਪੰਜਾਬ ਖ਼ੇਤਰ ਵਿਚਲੀਆਂ ਨਹਿਰਾਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਵਰਤੋਂ ਲਈ ਹੈ ਜਿਸ ਲਈ ਹੁਣ, ਇਹ ਖ਼ੇਤਰ ਹੁਣ ਵਾਂਝੇ ਹੋਏ ਪਏ ਹਨ। ਇਨ੍ਹਾਂ ਨਹਿਰਾਂ ਦੀ ਉਸਾਰੀ, ਇਨ੍ਹਾਂ ਉੱਤੇ ਹੋਏ ਖਰਚੇ, ਗ਼ੈਰ ਕਾਨੂੰਨੀ ਢੰਗ ਨਾਲ ਅਤੇ ਬਿਨਾਂ ਕਾਨੂੰਨੀ ਅਧਿਕਾਰ ਦੇ ਇਨ੍ਹਾਂ ਰਾਜਾਂ ਵੱਲ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਦੇਣ ਦਾ ਲੰਬਾਂ ਸਮਾਂ ਬੇਜੋੜ ਹੈ ਅਤੇ ਇਨ੍ਹਾਂ ਗ਼ੈਰ ਕਾਨੂੰਨੀ ਕਿਰਿਆਵਾਂ ਨੂੰ ਅੱਗੇ ਨਹੀਂ ਵੱਧਾ ਸਕਦਾ। ਪੰਜਾਬ ਨੂੰ ਇਨ੍ਹਾਂ ਦਰਿਆਈ ਪਾਣੀਆਂ ਤੇ ਅਧਿਕਾਰ ਤੋਂ ਗ਼ੈਰ ਕਾਨੂੰਨੀ ਢੰਗ ਨਾਲ ਵਾਂਝਾ ਰੱਖਿਆ ਜਾਣਾ, ਸਮੇਂ ਦੇ ਵੱਧਣ ਨਾਲ ਜਾਂ ਨਕਲੀ ਸਮਝੌਤੇ ਅਤੇ ਸੰਗਠਨ ਦੇ ਦਖਲ ਨਾਲ ਕਦੇ ਵੀ ਸਹੀ ਨਹੀਂ ਹੋ ਸਕਦਾ। ਆਖਿਰਕਾਰ ਜਿੱਤ ਕਾਨੂੰਨ, ਨਿਆਂ ਅਤੇ ਸਮਾਨਤਾ ਦੀ ਹੀ ਹੋਵੇਗੀ।

ਹਰਿਆਣਾ ਲਈ ਦਰਿਆਈ ਪਾਣੀ, ਯਮੁਨਾ ਜਾਂ ਘੱਗਰ ਤੇ ਬੰਨ ਜਾਂ ਇਕੱਠਾ ਕਰਨ ਲਈ ਵੱਡੇ ਕੁੰਡ ਬਣਾ ਕੇ ਖਾਸ ਕਰਕੇ ਮੀਂਹ ਵਾਲੇ ਮੌਸਮ ਦੇ ਜੋ ਨਹੀਂ ਤਾਂ ਬਰਬਾਦ ਜਾਂਦੇ ਹਨ ਤੋਂ ਸਪਲਾਈ ਕੀਤਾ ਜਾ ਸਕਦਾ ਹੈ। ਘੱਗਰ ਦਰਿਆ ਜੋ ਸਿਰਫ ਹਰਿਆਣਾ ਦੇ ਇਲਾਕੇ ਦੇ ਨਾਲ ਲੱਗਦਾ ਹੈ ਅਤੇ ਇਸ ਤੋਂ ਹੋ ਕੇ ਲੰਘਦਾ ਹੈ, ਸੌ ਮੀਲ ਤੋਂ ਵੱਧ ਆਪ ਨਾਲ ਜੁੜਦੇ ਇਲਾਕਿਆਂ ਵਿਚ, ਜਿਸ ਵਿਚ ਪੰਜਾਬ ਦੇ ਪਟਿਆਲਾ ਅਤੇ ਸੰਗਰੂਰ ਜਿਲ੍ਹੇ ਵੀ ਸ਼ਾਮਲ ਹਨ, ਬੁਰੀ ਤਰ੍ਹਾਂ ਹਜ਼ਾਰਾਂ ਪੇਂਡੂਆਂ ਨੂੰ ਅਤੇ ਉਨ੍ਹਾਂ ਦੀ ਫ਼ਸਲਾਂ ਨੂੰ ਪ੍ਰਭਾਵਿਤ ਕਰਦਾ ਹੋਇਆ, ਅਤੇ ਜੀ.ਟੀ. ਰੋਡ ਅੰਬਾਲਾ ਚੰਡੀਗੜ੍ਹ ਹਾਈਵੇ ਤੇ ਅਤੇ ਰੇਲ ਯਾਤਾਯਾਤ ਨੂੰ ਕਈ ਦਿਨਾਂ ਲਈ ਰੋਕਦਾ ਹੋਇਆ, ਬਹੁਤ ਭਾਰੀ ਤਬਾਹੀ ਮਚਾਉਂਦਾ ਹੈ। ਛੋਟੇ ਪਹਾੜੀ ਇਲਾਕਿਆਂ ਨਾਲ ਲਗਦੇ ਵੱਡੇ ਜਲ ਕੁੰਡਾਂ ਨਾਲ ਇਸਦਾ ਵਰਗੀਕਰਨ ਕੀਤਾ ਜਾ ਸਕਦਾ ਹੈ ਅਤੇ ਬਿਜਲੀ ਪੈਦਾ ਕਰਨ ਲਈ ਬੰਨ ਬਣਾਏ ਜਾ ਸਕਦੇ ਹਨ। ਇਹੋ ਜਿਹੀ ਮੰਗਾਂ ਲਗਾਤਾਰ ਪੰਜਾਬ ਸਰਕਾਰ ਵਲੋਂ ਵੀ ਇਸਦੇ ਪੁਨਰਗਠਨ ਤੋਂ ਪਹਿਲਾਂ ਅਤੇ ਬਾਅਦ ਤੋਂ ਕੀਤੀਆਂ ਜਾ ਰਹੀਆਂ, ਹਰਿਆਣਾ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ ਕਾਨੂੰਨੀ ਅਤੇ ਨਾਜਾਇਜ਼ ਵੰਡ ਦੀ ਬਜਾਏ, ਜਿਨ੍ਹਾਂ ਨੂੰ ਪੂਰਾ ਕਰਨ ਦੀ ਲੋੜ ਹੈ।



## ਕੇਂਦਰੀ ਸਰਕਾਰ ਗ਼ੈਰਕਾਨੂੰਨੀ ਕੰਮਾਂ ਲਈ ਨਹੀਂ:

ਕੋਈ ਸ਼ਕ ਨਹੀਂ ਕਿ ਇਨ੍ਹਾਂ ਰਾਜਾਂ ਨੂੰ ਆਪਣੀ ਜਮੀਨਾਂ ਦੀ ਸਿੰਚਾਈ ਲਈ ਪਾਣੀ ਦੀ ਲੋੜ ਪੈ ਸਕਦੀ ਸੀ, ਪਰ ਉਨ੍ਹਾਂ ਨੂੰ ਆਪਣੇ ਰਾਜਾਂ ਦੇ ਅੰਦਰ ਹੀ ਇਸ ਉੱਦੇਸ਼ ਨੂੰ ਆਜ਼ਾਦੀ ਨਾਲ ਪ੍ਰਾਪਤ ਕਰਨ ਦੀਆਂ ਯੋਜਨਾਵਾਂ ਅਤੇ ਤਕਨੀਕਾਂ ਬਾਰੇ ਸੋਚਣਾ ਚਾਹੀਦਾ ਸੀ। ਪੰਜਾਬ ਰਾਜ ਨੂੰ ਇਸਦੇ ਆਪਣੇ ਦਰਿਆਈ ਪਾਣੀਆਂ ਤੋਂ ਵਾਂਝਾ ਕਰਨ ਦਾ, ਜੋ ਇਸ ਰਾਜ ਦੀ ਜ਼ਮੀਨਾਂ ਲਈ ਵੀ ਭਰਪੂਰ ਨਹੀਂ ਸੀ ਅਤੇ ਉਨ੍ਹਾਂ ਦਰਿਆਈ ਪਾਣੀਆਂ ਨੂੰ ਸੈਂਕੜੇ ਮੀਲ ਦੂਰ ਹੋਰ ਰਾਜਾਂ ਨੂੰ ਦੇਣ ਲਈ, ਨਹਿਰ ਬਨਾਉਣ ਲਈ ਪੰਜਾਬ ਦੀਆਂ ਜ਼ਮੀਨਾਂ ਵਿਚ ਖੁਦਾਈ ਕਰਕੇ ਅਤੇ ਇਸ ਤਰ੍ਹਾਂ ਪੰਜਾਬ ਦੀ ਉਪਜਾਊ ਜ਼ਮੀਨ ਦੇ ਵੱਡੇ ਹਿੱਸੇ ਨੂੰ ਬਰਬਾਦ ਕਰਕੇ ਅਤੇ ਹੋਰ ਕਾਫੀ ਸਾਰੀ ਪੰਜਾਬ ਦੀਆਂ ਜਮੀਨਾਂ ਨੂੰ ਬੰਜਰ ਅਤੇ ਖੇਤੀ ਲਈ ਅਯੋਗ ਬਣਾਉਂਦੇ ਹੋਏ, ਖ਼ਾਸਕਰ ਜਦੋਂ ਖੇਤੀ ਪੰਜਾਬ ਰਾਜ ਦੀ ਬਹੁਤੀ ਜਨਤਾ ਦਾ ਮੁੱਖ ਕੰਮ ਧੰਦਾ ਹੈ, ਕੋਈ ਮੰਤਵ ਨਹੀਂ ਹੋ ਸਕਦਾ। ਇਹੋ ਜਿਹੇ ਅਨੁਚਿਤ ਅਤੇ ਗ਼ੈਰਕਾਨੂੰਨੀ ਸਮਝੌਤੇ ਲਈ ਕੇਂਦਰੀ ਸਰਕਾਰ ਨੂੰ ਕਦੇ ਵੀ ਪਾਰਟੀ ਨਹੀਂ ਬਨਣਾ ਚਾਹੀਦਾ ਹਰ ਰਾਜ ਦੀ ਭਲਾਈ ਜਿਸਦਾ ਫ਼ਰਜ਼ ਹੈ। ਇਸ ਤੋਂ ਇਲਾਵਾ ਜਦੋਂ ਇਕ ਰਾਜ ਦੇ ਦਰਿਆਈ ਪਾਣੀਆਂ ਦੀ ਹੋਰ ਕਿਸੇ ਰਾਜ ਨੂੰ ਵੰਡ ਗ਼ੈਰਕਾਨੂੰਨੀ ਹੈ ਅਤੇ ਇਸਦਾ ਦਖ਼ਲ ਭਾਰਤੀ ਸੰਵਿਧਾਨ ਦੀ ਉਲੰਘਣਾ ਕਰਦਾ ਹੈ ਅਤੇ ਸੰਵਿਧਾਨ ਦੇ ਅਧੀਨ ਰਾਜ ਦੇ ਦਰਿਆਈ ਪਾਣੀ ਇਸਦੇ ਨਿਵੇਕਲੇ ਅਧਿਕਾਰ ਖੇਤਰ ਵਿਚ ਆਉਂਦੇ ਹਨ।

## ਕਿਸੇ ਵੀ ਨਵੀਂ ਅਦਾਲਤ ਨੂੰ ਹਵਾਲਾ ਕਾਨੂੰਨੀ ਨਹੀਂ:

ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਨੂੰ ਇਕ ਨਵੀਂ ਅਦਾਲਤ ਨੂੰ ਸੌਂਪਣ ਦੇ ਸੁਝਾਵ ਨੂੰ ਲੈ ਕੇ ਸੁਭਾਵਿਕ ਗ਼ਲਤ ਧਾਰਨਾ ਹੈ। ਪੰਜਾਬ ਰਾਜ ਦੇ ਨਵੇਕਲੇ ਅਧਿਕਾਰ ਅਤੇ ਅਧਿਕਾਰ-ਖੇਤਰ ਅਤੇ ਪੰਜਾਬ ਵਿਚ ਦਰਿਆਈ

ਪਾਣੀਆਂ, ਜਿਸ ਦੀ ਵਰਤੋਂ ਸਿਰਫ ਪੰਜਾਬ ਦੀ ਜਮੀਨਾਂ ਲਈ ਹੋਣੀ ਹੈ, ਦੇ ਵਿਧਾਨ ਮੰਡਲ ਨੂੰ ਲੈ ਕੇ ਕੋਈ ਕਾਨੂੰਨੀ ਝਗੜਾ ਨਹੀਂ ਹੈ, ਅੰਤਰਰਾਜੀ ਦਰਿਆਂ ਨਾ ਹੁੰਦੇ ਹੋਏ ਅਤੇ ਕੋਈ ਹੋਰ ਰਾਜ ਰੀਪੇਰੀਅਨ ਨਾ ਹੁੰਦੇ ਹੋਏ, ਕਿਸੇ ਹੋਰ ਰਾਜ ਦਾ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਕੋਈ ਹੱਕ ਨਹੀਂ ਹੈ। ਇਸ ਲਈ ਕਾਨੂੰਨ ਦੀਆਂ ਅੱਖਾਂ ਵਿਚ ਪੰਜਾਬ ਰਾਜ ਅਤੇ ਕਿਸੇ ਹੋਰ ਰਾਜ ਵਿਚਕਾਰ ਕੋਈ ਝਗੜਾ ਨਹੀਂ ਹੈ। ਇਸ ਲਈ ਪੰਜਾਬ ਦੇ ਦਰਿਆਈ ਪਾਣੀ ਨੂੰ ਕਿਸੇ ਨਵੀਂ ਅਦਾਲਤ ਨੂੰ ਸੌਂਪਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਭਾਰਤ ਸਰਕਾਰ ਸਿਰਫ "ਅੰਤਰਰਾਜੀ ਦਰਿਆਈ ਪਾਣੀਆਂ ਦੇ ਝਗੜੇ ਦੇ ਐਕਟ 1956" ਦੇ ਅਧੀਨ ਅੰਤਰਰਾਜੀ ਦਰਿਆਈ ਪਾਣੀਆਂ ਦੇ ਕਿਸੇ ਝਗੜੇ ਤੇ ਹੀ ਅਦਾਲਤ ਦਾ ਗਠਨ ਕਰ ਸਕਦੀ ਹੈ, ਜੇ ਰਾਜਾਂ ਵਿਚ ਹੋ ਕੇ ਵੱਗਦੇ ਦਰਿਆਈ ਪਾਣੀਆਂ ਨੂੰ ਲੈ ਕੇ ਉਨ੍ਹਾਂ ਰਾਜਾਂ ਵਿਚਕਾਰ ਕੋਈ ਇਹੋ ਜਿਹਾ ਝਗੜਾ ਹੋਵੇ। ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ, ਪੰਜਾਬ ਦੇ ਦਰਿਆ ਸਿਰਫ ਪੰਜਾਬ ਵਿਚ ਹੀ ਵਹਿੰਦੇ ਹਨ ਅਤੇ ਕਿਸੇ ਹੋਰ ਰਾਜ ਵਿਚ ਨਹੀਂ। ਇਸ ਲਈ ਕਾਨੂੰਨੀ ਕਿਸੇ ਵੀ ਅਦਾਲਤ ਦਾ ਗਠਨ ਨਹੀਂ ਕੀਤਾ ਜਾ ਸਕਦਾ ਅਤੇ ਭਾਰਤ ਸਰਕਾਰ ਵਲੋਂ ਕਿਸੇ ਵੀ ਅਦਾਲਤ ਨੂੰ ਕੋਈ ਹਵਾਲਾ ਨਹੀਂ ਦਿੱਤਾ ਜਾ ਸਕਦਾ, ਜਿਵੇਂ ਕਿ ਪੰਜਾਬ ਦੇ ਦਰਿਆਈ ਪਾਣੀ ਪੰਜਾਬ ਦੇ ਨਿਵੇਕਲੇ ਅਧਿਕਾਰ ਖੇਤਰ ਵਿਚ ਹੀ ਹਨ।

## ਪੰਜਾਬ ਦੇ ਦਰਿਆਈ ਪਾਣੀਆਂ ਨੂੰ ਵੰਡਣ ਲਈ ਰਾਸ਼ਟਰੀ ਹਿੱਤ ਨਹੀਂ:

(vii) ਕਿਸ ਸਫ਼ਾਈ, ਨੈਤਿਕਤਾ ਅਤੇ ਉਚਿਤਤਾ ਦੇ ਅਧੀਨ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਸਭ ਤੋਂ ਪਹਿਲਾਂ ਪੰਜਾਬ ਦੇ ਦਰਿਆਵਾਂ ਦੇ ਨੇੜੇ ਅਤੇ ਨਾਲ ਲਗਦੀਆਂ ਜਮੀਨਾਂ ਵਿਚ ਨਹੀਂ ਵਰਤਿਆ ਗਿਆ ਅਤੇ ਪੰਜਾਬ ਦੇ ਦਰਿਆਵਾਂ ਦੇ ਨੇੜੇ ਦੀਆਂ ਜਮੀਨਾਂ ਨੂੰ ਬੰਜਰ ਅਤੇ ਖੇਤੀ ਲਈ ਅਯੋਗ ਬਣਾਉਂਦੇ ਹੋਏ ਅਤੇ ਨਹਿਰਾਂ ਬਨਾਉਣ ਲਈ ਇਨ੍ਹਾਂ ਵਿਚੋਂ ਕਾਫੀ ਸਾਰੀਆਂ ਜਮੀਨਾਂ ਨੂੰ ਬਰਬਾਦ ਕਰਦੇ ਹੋਏ, ਹਰਿਆਣਾ ਅਤੇ ਰਾਜਸਥਾਨ ਵਿਚ ਦੂਰ ਥਾਵਾਂ ਨੂੰ ਭੇਜਿਆ ਗਿਆ, ਜੋ ਰੀਪੇਰੀਅਨ ਰਾਜ ਨਹੀਂ ਹਨ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਲਈ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਕਿਨ੍ਹਾਂ ਰਾਸ਼ਟਰੀ ਹਿੱਤਾਂ ਅਧੀਨ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਪੰਜਾਬ ਦੀਆਂ ਜਮੀਨਾਂ ਦੀ ਸਿੰਚਾਈ ਲਈ ਨਹੀਂ ਵਰਤਿਆ ਗਿਆ ਅਤੇ ਉਨ੍ਹਾਂ ਜਮੀਨਾਂ ਨੂੰ ਬੇਕਾਰ ਅਤੇ ਖੇਤੀ ਲਈ ਅਯੋਗ ਬਣਾ ਦਿੱਤਾ ਗਿਆ ਅਤੇ ਬਲਕਿ ਉਨ੍ਹਾਂ ਦਰਿਆਈ ਪਾਣੀਆਂ ਨੂੰ ਪੰਜਾਬ ਦੀਆਂ ਜਮੀਨਾਂ ਨੂੰ ਪਾਰ ਕਰਦੇ ਹੋਏ ਦੂਜੇ ਰਾਜਾਂ ਨੂੰ ਭੇਜ ਦਿੱਤਾ ਗਿਆ ਜਿਨ੍ਹਾਂ ਦਾ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਕੋਈ ਹੱਕ ਨਹੀਂ ਸੀ। ਇਹ ਇਕ ਅਲੱਗ ਮਸਲਾ ਹੋਇਆ ਹੋਵੇਗਾ ਜੇ ਪੰਜਾਬ ਦੀਆਂ ਜਮੀਨਾਂ ਦੀ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਪੰਜਾਬ ਕੋਲ ਦੂਜੇ ਰਾਜਾਂ ਨੂੰ ਦੇਣ ਲਈ ਵਾਧੂ ਪਾਣੀ ਸੀ ਪਰ ਉਹ ਵੀ ਬਿਨਾਂ ਵਿਚਾਰ ਵਟਾਂਦਰੇ ਅਤੇ ਉਚਿਤ ਆਮਦਨ ਦੇ। ਪਰ ਉੱਥੇ ਦੇਣ ਲਈ ਵਾਧੂ ਪਾਣੀ ਨਹੀਂ ਹੈ।



## ਸਿੱਖਾਂ ਦੀ ਤਬਾਹ ਹੁੰਦੀ ਅਰਥ-ਵਿਵੱਸਥਾ-ਸੰਪਰਦਾਇ ਦੀ ਝਲਕ ਇਕ ਗੰਭੀਰ ਮਸਲਾ ਰਾਸ਼ਟਰੀ ਹਿੱਤ ਵਿਚ ਨਹੀਂ:

ਇਸ ਮਸਲੇ ਨੂੰ ਸੰਪ੍ਰਦਾਇਕ ਝਲਕ ਦਿੱਤੀ ਗਈ ਸੀ, ਸਿੱਖਾਂ ਵਿਚ ਇਕ ਭਾਵਨਾ ਪੈਦਾ ਕਰਦੇ ਹੋਏ ਕਿ ਸ਼ਾਇਦ ਪੰਜਾਬ ਦੇ ਦਰਿਆਈ ਪਾਣੀਆਂ ਦੀ ਹੋਰ ਰਾਜਾਂ ਨੂੰ ਵੰਡ ਸਿੱਖਾਂ ਦੀ ਅਰਥ-ਵਿਵੱਸਥਾ ਨੂੰ ਤਬਾਹ ਕਰਨ ਲਈ ਕੀਤੀ ਗਈ ਹੈ ਜਿਵੇਂ ਕਿ ਪੰਜਾਬ ਵਿਚ ਬਹੁਤ ਸਾਰੇ ਸਿੱਖ ਜਮੀਨਾਂ ਦੇ ਮਾਲਕ ਹਨ ਅਤੇ ਮੁੱਖ ਤੌਰ ਤੇ ਖੇਤੀ ਉੱਤੇ ਨਿਰਭਰ ਹਨ; ਖਾਸਕਰ ਜਦੋਂ ਪੂਰੇ ਭਾਰਤ ਵਿਚ ਕਿਥੇ ਵੀ ਕਿਸੇ ਰਾਜ ਦੇ ਦਰਿਆਈ ਪਾਣੀ ਦੀ ਇਹੋ ਜਿਹੀ ਵੰਡ ਨਹੀਂ ਕੀਤੀ ਗਈ ਸੀ ਅਤੇ ਕਿਸੇ ਵੀ ਰਾਜ ਨੂੰ ਇਸਦੇ ਮੁਢਲੇ ਸਥਾਈ ਧਨ ਤੋਂ ਵਾਂਝਾ ਨਹੀਂ ਕੀਤਾ ਗਿਆ ਸੀ ਅਤੇ ਨਾਂ ਹੀ ਕਿਸੇ ਵੀ ਹੋਰ ਰਾਜ ਦੇ ਭਾਸ਼ਾਈ ਆਧਾਰ ਤੇ ਪੁਨਰਗਠਨ ਦਾ ਖੰਡਨ ਕੀਤਾ ਗਿਆ ਸੀ। ਸਿੱਖਾਂ ਵਿਚ ਇਹੋ ਜਿਹੀ ਭਾਵਨਾ, ਇਹੋ ਜਿਹੀ ਸਮਕਾਲੀ ਅਵਸਥਾ ਦੇ ਅਧੀਨ ਇਕ ਗੰਭੀਰ ਮਸਲਾ ਹੈ ਅਤੇ ਕਦੇ ਵੀ ਰਾਸ਼ਟਰ ਹਿੱਤ ਵਿਚ ਨਹੀਂ ਹੋ ਸਕਦਾ। ਭਾਰਤ ਦੇ ਸਾਰੇ ਦੂਜੇ ਰਾਜਾਂ ਦੇ ਨਾਲ ਪੰਜਾਬ ਦੇ ਪੁਨਰਗਠਨ ਦੇ ਖੰਡਨ ਨੇ ਸੰਪ੍ਰਦਾਇਵਾਦ ਦੇ ਨਿਸ਼ਾਨ ਵੀ ਛੱਡ ਦਿੱਤੇ ਹਨ, ਕਿ ਸਿੱਖ ਨਵੇਂ ਗਠਨ ਕੀਤੇ ਰਾਜ ਵਿਚ ਆਪਣਾ ਬਹੁ-ਮਤ

ਸਥਾਪਿਤ ਕਰ ਸਕਦੇ ਸਨ, ਜਿਸਨੂੰ ਸਿੱਖ ਰਾਜ ਦਾ ਗਠਨ ਅਤੇ ਭਾਰਤ ਦੀ ਵੰਡ ਦਾ ਨਾਮ ਵੀ ਦਿੱਤਾ ਗਿਆ ਸੀ ਹਾਲਾਂਕਿ ਪੰਜਾਬ, ਹੋਰ ਰਾਜਾਂ ਵਾਂਗ, ਆਪਣੇ ਪੁਨਰਗਠਨ ਤੋਂ ਬਾਅਦ, ਭਾਰਤ ਵਿਚਲਾ ਇਕ ਰਾਜ ਹੀ ਰਹਿਣਾ ਸੀ। ਪੰਜਾਬ ਵਿਚ ਸਿੱਖ ਮੁੱਖ ਰੂਪ ਨਾਲ ਅਕਾਲੀ ਦਲ ਦੇ ਨਾਲ ਸਨ ਜੋ ਕਾਂਗਰਸ, ਜਿਸਨੇ ਰਾਜਨੀਤੀ ਦੀ ਸੰਪ੍ਰਦਾਇਕਤਾ ਦੀ ਅਗਵਾਈ ਕੀਤੀ ਕਿਓਂ ਜੋ ਕਾਂਗਰਸ ਸੱਤਾ ਵਿਚ ਬਣੇ ਰਹਿਣ ਲਈ ਆਪਣੇ ਹਿੰਦੂ ਵੋਟਰਾਂ ਵਿਚ ਵਾਧਾ ਕਰਨਾ ਚਾਹੁੰਦੀ ਸੀ, ਦਾ ਮੁਕਾਬਲਾ ਕਰਨ ਵਾਲੀ ਇਕੋ ਇਕ ਪਾਰਟੀ ਸੀ। ਬਿਲਕੁਲ ਬ੍ਰਿਟਿਸ਼ ਦੀ 'ਫੁੱਟ ਪਾਓ ਤੇ ਰਾਜ ਕਰੋ' ਵਾਲੀ ਨੀਤੀ ਦੇ ਸਮਾਨ ਨੀਤੀ। ਇਸਨੇ ਕਾਂਗਰਸ ਲਈ ਇਹੋ ਜਿਹੀ ਸਥਿਤੀ ਪੈਦਾ ਕੀਤੀ ਕਿ ਪੰਜਾਬ ਨੂੰ ਪਾਉਣ ਲਈ ਹਿੰਦੂਆਂ ਨੂੰ ਝੁਕਾਉਣ ਦੀ ਮੰਗ ਸੀ। ਇਹ ਇੰਦਰਾ ਗਾਂਧੀ ਦੇ ਬ੍ਰਿਤਾਂਤ "ਮੇਰਾ ਸਚ" ਵਿਚ ਉਸ ਵਲੋਂ ਦਸੇ ਸ਼ਬਦਾਂ ਵਿਚ ਝਲਕਦਾ ਹੈ, ਜਿਵੇਂ ਕਿ ਖੁਸ਼ਵੰਤ ਸਿੰਘ, ਜੋ ਇਕ ਵੇਲੇ ਉਸਦਾ ਪ੍ਰਸ਼ੰਸਕ ਸੀ, ਵਲੋਂ ਅਧਾਰਿਤ ਕੀਤਾ ਗਿਆ ਹੈ:

"ਮੈਂ ਵਾਈ.ਬੀ. ਕੁਆਰਨ ਕੋਲ ਗਈ ਅਤੇ ਕਿਹਾ – ਮੈਂ ਸੁਣਿਆ ਸੀ ਕਿ ਸਰਦਾਰ ਹੁਕਮ ਸਿੰਘ (ਲੋਕ ਸਭਾ ਦਾ ਪ੍ਰਵਕਤਾ) ਪੰਜਾਬੀ ਸੂਬੇ ਦੇ ਪੱਖ ਵਿਚ ਇਕ ਰਿਪੋਰਟ ਦੇ ਰਿਹਾ ਸੀ ਅਤੇ ਉਸਨੂੰ ਰੋਕਿਆ ਜਾਣਾ ਚਾਹੀਦਾ ਸੀ। ਮੈਂ ਬਹੁਤ ਪਰੇਸ਼ਾਨ ਹੋ ਗਈ ਸੀ ਅਤੇ ਸਾਰਿਆਂ ਨੂੰ ਵੇਖਦੀ ਹੋਈ ਮੈਂ ਘੁੰਮਣ ਲਗੀ। ਅਕਾਲੀਆਂ ਨੂੰ ਸੂਬਾ ਦੇਣ ਦੀ ਮੰਗ ਦਾ ਮਤਲਬ ਹੋਵੇਗਾ ਇਕ ਅਹੁਦੇ ਨੂੰ ਛੱਡਣਾ ਜਿਸ ਲਈ ਇਹ (ਕਾਂਗਰਸ) ਪੂਰੀ ਤਰ੍ਹਾਂ ਬੱਧ ਸੀ ਅਤੇ ਆਪਣੇ ਹਿੰਦੂ ਸਮੱਰਥਕਾਂ ਨੂੰ ਯੋਜਨਾਬੱਧ ਪੰਜਾਬੀ ਸੂਬੇ ਵਿਚ ਝੁਕਾਉਣਾ ਸੀ, ਐਸਾ ਨਾ ਕਰਨ ਤੇ ਇਕ ਸਿੱਖ ਅੰਦੋਲਨ ਭੜਕਾ ਦੇਵੇਗਾ ਜੋ ਸ਼ਰਤੀਆ ਤੌਰ ਤੇ ਹਿੰਸਕ ਹੋਵੇਗਾ"

(ਸਿੱਖਾਂ ਦਾ ਇਤਿਹਾਸ, ਖੁਸ਼ਵੰਤ ਸਿੰਘ ਭਾਗ II ਸਫ਼ਾ 304-5)

ਅਤੇ

"ਪੰਜਾਬ, ਅਤੇ ਸਿੱਖਾਂ ਦੇ ਨਾਲ ਆਪਣੇ ਸਮਝੌਤਿਆਂ ਵਿਚ ਇੰਦਰਾ ਗਾਂਧੀ ਨੇ, ਇਕ ਦੂਰਦਰਸ਼ੀ ਰਾਜਨੇਤਾ ਨਾਲੋਂ ਜ਼ਿਆਦਾ ਇਕ ਛੋਟਾ ਨੇਤਾ ਬਨਣ ਦੀ, ਇਕ ਤਰ੍ਹਾਂ ਦੀ ਦੁਰੰਗੀ ਨੀਤੀ ਦਾ ਪ੍ਰਯੋਗ ਕੀਤਾ। ਸੂਬੇ ਨੂੰ ਦੇਣ ਲਈ ਪੇਸ਼ ਹੁੰਦੇ ਹੋਏ, ਉਸਨੇ ਪਹਿਲਾਂ ਇਸਨੂੰ ਇਸਦੀ ਰਾਜਧਾਨੀ ਚੰਡੀਗੜ੍ਹ ਤੋਂ ਵਾਂਝਾ ਕਰ ਦਿੱਤਾ ਅਤੇ ਫਿਰ ਪੰਜਾਬ ਤੇ, ਹਰਿਆਣਾ ਨੂੰ, ਆਪਣੇ ਪ੍ਰਮੁੱਖ ਪੰਜਾਬੀ ਸ਼ਹਿਰ ਫ਼ਾਜ਼ਿਲਕਾ ਅਤੇ ਅਬੋਹਰ, ਜੋ ਇਸ ਦੇ ਨਾਲ ਵੀ ਨਹੀਂ ਲਗਦੇ ਸਨ, ਨੂੰ ਦੇਣ ਦੀ ਸ਼ਰਤ ਉੱਤੇ ਪੰਜਾਬ ਨੂੰ ਇਸਦਾ ਤਬਾਦਲਾ ਕਰ ਦਿੱਤਾ"

**ਖੁਸ਼ਵੰਤ ਸਿੰਘ ਨੂੰ ਰਾਜ ਸਭਾ ਵਿਚ ਇੰਦਰਾ ਗਾਂਧੀ ਵਲੋਂ ਨਿਯੁਕਤ ਕੀਤਾ ਗਿਆ ਸੀ।**

ਲੋਕ ਸਭਾ ਦੇ ਪ੍ਰਵਕਤਾ ਹੁਕਮ ਸਿੰਘ ਨੇ ਪੰਜਾਬ ਦੇ ਪੁਨਰਗਠਨ ਲਈ ਕਾਂਗਰਸ ਸਰਕਾਰ ਅਤੇ ਇਸਦੇ ਨੇਤਾਵਾਂ ਦੇ ਆਖਿਰੀ ਸਮੇਂ ਤੱਕ ਪੱਕੇ ਵਿਰੋਧ ਦਾ ਖੁਲਾਸਾ ਕੀਤਾ, ਹਾਲਾਂਕਿ ਉਹ ਮਦਦਹੀਣ ਹੋ ਚੁੱਕੇ ਸਨ:

"ਕਈ ਸਾਲਾਂ ਤੱਕ ਮੂਲ ਭਾਸ਼ਾ ਸੰਬੰਧੀ ਅਧਿਕਾਰਾਂ ਦਾ ਖੰਡਨ ਕਰਨ ਤੋਂ ਬਾਅਦ, ਪ੍ਰਧਾਨ ਮੰਤਰੀ ਸ਼ਾਸਤਰੀ ਨੇ ਮੇਰੀ ਪ੍ਰਧਾਨਗੀ ਅਧੀਨ ਪੰਜਾਬੀ ਸੂਬੇ ਦੇ ਮਸਲੇ ਤੇ ਇਕ ਰਿਪੋਰਟ ਤਿਆਰ ਕਰਨ ਲਈ ਅਕਤੂਬਰ 1965 ਵਿਚ ਸੰਸਦ ਦੀ ਕਮੇਟੀ ਨਿਯੁਕਤ ਕੀਤੀ। ਇਹ ਸਤੰਬਰ 1965 ਵਿਚ ਪਾਕਿਸਤਾਨ ਨਾਲ ਹਈ ਲੜਾਈ ਵੇਲੇ ਸਿੱਖਾਂ ਨਾਲ ਕੀਤੇ ਨਵੇਂ ਵਾਅਦਿਆਂ ਮੁਤਾਬਕ ਕੀਤਾ ਗਿਆ ਸੀ। ਸਰਕਾਰ ਦੀ ਇੱਛਾ ਮੈਨੂੰ ਮੇਰੀ ਜਾਤੀ ਵਿਰੁੱਧ ਵਰਤਣ ਦੀ ਸੀ ਅਤੇ ਇੱਕ ਵਿਪਰੀਤ ਰਿਪੋਰਟ ਨੂੰ ਸੁਰੱਖਿਅਤ ਕਰਨ ਅਤੇ ਫਿਰ 19 ਸਾਲਾਂ ਤੋਂ ਜਾਣ-ਬੁੱਝ ਕੇ ਲਮਕਾਉਣ ਤੋਂ ਬਾਅਦ ਮੰਗਾਂ ਨੂੰ ਨਾਮੰਜੂਰ ਕਰ ਦਿੱਤਾ। ਜਦੋਂ ਰਿਪੋਰਟ ਕਰੀਬ-ਕਰੀਬ ਤਿਆਰ ਸੀ ਸ਼੍ਰੀਮਤੀ ਇੰਦਰਾ ਗਾਂਧੀ ਸ਼੍ਰੀ ਚਰਨ ਕੋਲ ਗਈ ਅਤੇ ਕਿਹਾ, "ਉਸਨੇ ਸੁਣਿਆ ਸੀ ਕਿ ਸਰਦਾਰ ਹੁਕਮ ਸਿੰਘ ਪੰਜਾਬੀ ਸੂਬੇ ਦੇ ਪੱਖ ਵਿਚ ਇਕ ਰਿਪੋਰਟ ਦੇਣ ਜਾ ਰਿਹਾ ਸੀ ਅਤੇ ਉਸਨੂੰ ਰੋਕਿਆ ਜਾਣਾ ਚਾਹੀਦਾ ਸੀ। ਲਾਲ ਬਹਾਦੁਰ ਸ਼ਾਸਤਰੀ ਨੇ ਜਵਾਹਰ ਲਾਲ ਨਹਿਰੂ ਦੀ ਨੀਤੀ ਜਾਰੀ ਰੱਖੀ ਅਤੇ ਨਹਿਰੂ ਵਾਂਗ ਹੀ ਪੰਜਾਬੀ ਸੂਬੇ ਦੀ ਮੰਗ ਨੂੰ ਲੈ ਕੇ ਕਿਰਿਆਹੀਣ ਸੀ। ਇਸ ਲਈ ਜਦੋਂ ਇੰਦਰਾ ਗਾਂਧੀ ਵਲੋਂ ਹੁਕਮ ਸਿੰਘ ਨੂੰ ਰੋਕਣ ਲਈ ਉਸਤੇ ਜ਼ੋਰ ਪਾਇਆ ਗਿਆ ਤੇ ਉਸ ਨੇ ਬਿਲਕੁਲ ਵੀ ਸਮਾਂ ਬਰਬਾਦ ਨਹੀਂ ਕੀਤਾ। ਸ਼ਾਸਤਰੀ ਨੇ ਗੁਲਜ਼ਾਰੀ ਲਾਲ ਨੰਦਾ, ਉਸ ਸਮੇਂ ਦੇ ਮੁੱਖ ਮੰਤਰੀ ਨੂੰ ਆਪਣੇ ਘਰ ਬੁਲਾਇਆ ਅਤੇ ਉਸ ਨੂੰ ਰਿਪੋਰਟ ਦੇ ਡਰ ਦੀ ਆਪਣੀ ਚਿੰਤਾ ਬਾਰੇ ਦਸਿਆ। ਮੈਨੂੰ ਰਿਪੋਰਟ ਬਨਾਉਣ ਤੋਂ ਰੋਕਣ ਲਈ ਇੰਦਰਾ ਗਾਂਧੀ, ਸ਼ਾਸਤਰੀ ਅਤੇ ਨੰਦਾ ਵਲੋਂ

ਸਾਰੇ ਯਤਨ ਕੀਤੇ ਗਏ ਸੀ। ਪਰ ਜਦੋਂ ਕੁੱਝ ਵੀ ਸਫਲ ਨਹੀਂ ਰਿਹਾ, ਤਾਂ ਕਾਂਗਰਸ ਨੇ ਪਹਿਲਾਂ ਹੀ 9 ਮਾਰਚ ਦੇ ਗੋਲਮੋਲ ਫ਼ੈਸਲੇ ਰਾਹੀਂ ਪੰਜਾਬ ਦੇ ਪੁਨਰਗਠਨ ਨੂੰ ਮੰਨਦੇ ਹੋਏ ਸੰਸਦ ਦੀ ਰਿਪੋਰਟ ਨੂੰ ਸਾਹਮਣੇ ਰੱਖ ਦਿੱਤਾ ਜੱਦਕਿ ਕਮੇਟੀ ਦੀ ਰਿਪੋਰਟ ਤੇ ਮਾਰਚ 15, 1966 ਨੂੰ, ਇੱਕ ਹਫ਼ਤੇ ਬਾਅਦ, ਦਸਤਖ਼ਤ ਕੀਤੇ ਗਏ ਸੀ। ਇਸ ਕਮੇਟੀ ਨੂੰ ਬਾਹਰਲਾ ਰਾਹ ਦਿਖਾਉਣ ਅਤੇ ਇਸਦੇ ਮਹੱਤਵ ਨੂੰ ਕਮਜ਼ੋਰ ਕਰਨ ਲਈ ਇਹ ਇੱਕ ਸੋਚ ਸਮਝ ਕੇ ਕੀਤਾ ਗਿਆ ਯਤਨ ਸੀ"। (ਸਿੱਖਾਂ ਨਾਲ ਹੋਇਆ ਧੋਖਾ, ਹੁਕਮ ਸਿੰਘ ਵਲੋਂ ਹਿੰਦੂ ਸਿੱਖ ਝਗੜੇ, ਕਾਰਣ ਅਤੇ ਉਪਚਾਰ ਵਿਚ ਉੱਧਰਿਤ, ਟਰਾਂਸਏਸ਼ਿਐਟਿਕ ਇੰਡੀਆ ਟਾਈਮਜ਼ ਲੰਡਨ 1983, ਸਫ਼ਾ 21-22)।

31

ਕੀ ਇਹ ਸਾਬਿਤ ਕਰਨ ਲਈ ਕਿਸੇ ਹੋਰ ਸਬੂਤ ਦੀ ਲੋੜ ਹੈ ਕਿ ਭਾਰਤ ਸਰਕਾਰ ਦੇ ਉੱਚ ਦਰਜੇ ਦੇ ਕਾਂਗਰਸੀ ਨੇਤਾਵਾਂ ਨੇ ਭਾਸ਼ਾਈ ਆਧਾਰ ਤੇ ਪੰਜਾਬ ਦੇ ਪੁਨਰਗਠਨ ਲਈ ਸਮਝੌਤਾ ਨਹੀਂ ਕੀਤਾ ਸੀ, ਜੋ ਵੀ ਆਧਾਰ ਹੋਣ, ਰਾਜਨੀਤਿ ਦੇ ਸਾਂਪ੍ਰਦਾਇਕਰਣ ਤੋਂ ਇਲਾਵਾ ਉੱਥੇ ਵਿਚਾਰ-ਵਟਾਂਦਰੇ ਲਾਇਕ ਕੋਈ ਜਾਇਜ਼ ਆਧਾਰ ਨਹੀਂ ਹੋ ਸਕਦਾ ਸੀ। ਰਾਜਨੀਤਿਕ ਅਸਥਾਈ ਦੂਰ ਵਰਤੀ ਪ੍ਰੇਰਣਾਵਾਂ ਨੇ ਸੰਪ੍ਰਦਾਇਵਾਦ ਦਾ ਇਕ ਬਹੁਤ ਹੀ ਗੰਭੀਰ ਮਸਲਾ ਪੈਦਾ ਕਰ ਦਿੱਤਾ ਹੈ ਅਤੇ ਸਿੱਖਾਂ ਦੇ ਵਿਰੁੱਧ ਪੱਖਪਾਤ ਦੀ ਭਾਵਨਾ ਦੀ ਛਾਪ ਛੱਡੀ ਹੈ। ਇੰਦਰਾ ਗਾਂਧੀ ਦੇ ਬ੍ਰਿਤਾਂਤ ਵਿਚ ਉਸਦੇ ਪ੍ਰਗਟੀਕਰਣ, ਕਿ ਅਕਾਲੀਆਂ ਨੂੰ ਸੁੱਬਾ ਦੇਣ ਦੀ ਮੰਗ (ਪੰਜਾਬ ਦੇ ਪੁਨਰਗਠਨ ਲਈ) ਦਾ ਮਤਲਬ ਹੋਵੇਗਾ ਇਕ ਅਹੁਦੇ ਨੂੰ ਛੱਡਣਾ ਜਿਸ ਲਈ ਇਹ (ਕਾਂਗਰਸ) ਪੂਰੀ ਤਰ੍ਹਾਂ ਬੱਧ ਸੀ, ਅਤੇ ਆਪਣੇ ਹਿੰਦੂ ਸਮੱਰਥਕਾਂ ਨੂੰ ਯੋਜਨਾ ਬੱਧ ਪੰਜਾਬੀ ਸੁੱਬੇ ਵਿਚ ਝੁਕਾਉਣਾ ਸੀ, ਆਪ ਹੀ ਰਾਜਨੀਤੀ ਦੇ ਸਾਂਪ੍ਰਦਾਇਕਰਣ ਨੂੰ ਸਾਬਿਤ ਕਰਦਾ ਹੈ ਕਿ ਕਿਉਂ ਪੰਜਾਬ ਦੇ ਭਾਸ਼ਾਈ ਆਧਾਰ ਤੇ ਪੁਨਰਗਠਨ ਤੇ, ਕਾਂਗਰਸ ਦੇ ਹਿੰਦੂ ਸਮੱਰਥਕਾਂ ਨੂੰ ਝੁਕਾਇਆ ਗਿਆ, ਕਿਉਂ ਜੋ ਪੁਨਰਗਠਨ ਦੇ ਲਾਭ ਅਤੇ ਮੁਨਾਫੇ ਹਿੰਦੂ ਅਤੇ ਸਿੱਖਾਂ ਲਈ ਸਮਾਨ ਹੋਣਗੇ, ਜੇਕਰ ਸੰਪ੍ਰਦਾਇ ਦੇ ਆਧਾਰ ਤੇ ਪਹਿਲਾਂ ਤੋਂ ਸ਼ੋਸ਼ਣ ਨਾ ਕੀਤਾ ਜਾਵੇ। ਕਿਉਂ ਕਾਂਗਰਸ ਪੰਜਾਬ ਦੇ ਪੁਨਰਗਠਨ ਦੇ ਖ਼ਿਲਾਫ਼ ਪੂਰੀ ਤਰ੍ਹਾਂ ਬੱਧ ਸੀ, ਜਿਵੇਂ ਆਪਣੀ ਥਾਂ ਨੂੰ ਨਾ ਛੱਡਣ ਲਈ ਬਹੁਤ ਜ਼ਿਆਦਾ ਚਿੰਤਿਤ ਮਹਿਸੂਸ ਕਰ ਰਹੀ ਸੀ। ਇਹੋ ਜਿਹੀ ਅਵਸਥਾ ਜਿਥੇ ਸਿੱਖ ਪ੍ਰਬਲ ਸਨ ਇਹ ਉਚਿਤ ਅਨੁਮਾਨ ਲਾਇਆ ਜਾਵੇਗਾ ਕਿ ਭਾਸ਼ਾਈ ਆਧਾਰ ਤੇ ਪੰਜਾਬ ਦੇ ਪੁਨਰਗਠਨ ਦਾ ਖੰਡਨ ਇਸ ਲਈ ਹੋਇਆ ਕਿਉਂ ਜੋ ਪੁਨਰਗਠਿਤ ਹੋਏ ਪੰਜਾਬ ਵਿਚ ਸਿੱਖਾਂ ਦਾ ਬਹੁ-ਮਤ ਸਥਾਪਿਤ ਹੋ ਗਿਆ ਸੀ, ਖ਼ਾਸ ਤੌਰ ਤੇ ਜਦੋਂ ਭਾਰਤ ਭਰ ਵਿਚ ਪੰਜਾਬ ਹੀ ਇਕ ਅੱਡ ਰਾਜ ਸੀ, ਨਤੀਜੇ ਵਜੋਂ ਇਸ ਛਾਪ ਵਿਚ ਕਿ ਭਾਰਤ ਸਰਕਾਰ ਸਿੱਖਾਂ ਦਾ ਭਰੋਸਾ ਨਹੀਂ ਕਰਦੀ।

ਰਾਜਨੀਤਿਕ ਮਜਬੂਰੀਆਂ ਦੇ ਅਧੀਨ 16 ਸਾਲਾਂ ਤੋਂ ਵੀ ਵੱਧ ਸਮੇਂ ਦੇ ਸੰਘਰਸ਼ (ਮੁੱਖ ਤੌਰ ਤੇ ਸਿੱਖਾਂ ਦੇ) ਤੋਂ ਬਾਅਦ ਜਦੋਂ ਪੰਜਾਬ ਦਾ ਪੁਨਰਗਠਨ ਹੋਇਆ, ਹਾਲਾਂਕਿ ਕਾਂਗਰਸ ਦੇ ਨੇਤਾ ਪੁਨਰਗਠਨ ਨੂੰ ਨਾਮੰਜ਼ੂਰ ਕਰਨ ਲਈ ਸੰਸਦ ਦੀ ਕਮੇਟੀ ਤੋਂ ਵਿਪਰੀਤ ਰਿਪੋਰਟ ਲੈਣ ਦੇ ਯਤਨ ਕਰ ਰਹੇ ਸਨ, ਪਰ ਸਫਲ ਨਹੀਂ ਹੋਏ, ਉਦੋਂ ਪੰਜਾਬ ਦੇ ਦਰਿਆਈ ਪਾਣੀਆਂ ਦੇ ਸ੍ਰੋਤਾਂ ਅਤੇ ਇਸਦੀ ਰਾਜਧਾਨੀ ਚੰਡੀਗੜ੍ਹ ਉੱਤੇ ਨਾਜਾਇਜ਼ ਅਧਿਕਾਰਕ ਕਬਜ਼ਾ ਕਰਕੇ, ਸਿੱਖਾਂ ਵਿਚ ਦੁਬਾਰਾ ਇਹ ਸਥਿਤੀ ਪੈਦਾ ਕਰ ਦਿੱਤੀ ਕਿ ਉਹ ਅਨੁਮਾਨ ਲਾਉਣ ਲਗੇ ਕਿ ਇਹ ਸਭ ਉਨ੍ਹਾਂ ਦੀ ਅਰਥ-ਵਿਵੱਸਥਾ ਨੂੰ ਤਬਾਹ ਕਰਨ ਲਈ ਕੀਤਾ ਗਿਆ ਸੀ। ਪੰਜਾਬ ਦੇ ਦਰਿਆਈ ਪਾਣੀਆ ਦੀ ਵੰਡ, ਦੂਜੇ ਰਾਜਾਂ ਨੂੰ, ਪੰਜਾਬ ਦੀਆਂ ਜ਼ਮੀਨਾਂ ਨੂੰ ਮੁਰਥਲ ਅਤੇ ਖੇਤੀ ਲਈ ਅਯੋਗ ਬਣਾ ਦੇਵੇਗੀ। ਪੰਜਾਬ ਵਿਚ ਸਿੱਖ ਜ਼ਿਆਦਾਤਰ ਜ਼ਮੀਨਾਂ ਦੇ ਮਾਲਕ ਹਨ ਅਤੇ ਮੁੱਖ ਰੂਪ ਨਾਲ ਖੇਤੀ ਤੇ ਨਿਰਭਰ ਹਨ। ਸ਼ਾਂਤੀਪੂਰਵਕ ਅੰਦੋਲਨ ਦੇ ਬਾਵਜੂਦ, ਦਰਿਆਈ ਪਾਣੀਆਂ ਦੀ ਵੰਡ ਨੂੰ ਇੱਕ ਪਾਸੇ ਨਹੀਂ ਰੱਖਿਆ ਗਿਆ ਅਤੇ ਨਾ ਹੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਦੇ ਸਪੁੱਰਦ ਕੀਤਾ ਗਿਆ। ਲਗਾਤਾਰ ਜਾਰੀ ਝਗੜਿਆਂ ਨੇ ਭਾਰਤ ਸਰਕਾਰ ਨਾਲ ਸਿੱਖਾਂ ਦੇ ਰਿਸ਼ਤੇ ਵਿਚ ਜ਼ਹਿਰ ਘੋਲ ਦਿੱਤਾ ਜਿਸ ਨਾਲ ਪੰਜਾਬ ਵਿਚ ਹਿੰਸਕ ਮਾਹੌਲ ਪੈਦਾ ਹੋ ਗਿਆ ਅਤੇ 1984 ਵਿਚ ਪ੍ਰਧਾਨ ਮੰਤਰੀ, ਇੰਦਰਾ ਗਾਂਧੀ ਦੀ ਉਸਦੇ ਦੋ ਸਿੱਖ ਅੰਗ ਰੱਖਿਅਕਾਂ ਵਲੋਂ ਹੱਤਿਆ ਦੇ ਬਾਅਦ ਸਿੱਖਾਂ ਅਤੇ ਸਿੱਖਾਂ ਦੀ ਪਵਿੱਤਰ ਥਾਵਾਂ ਤੇ ਫੌਜਾਂ ਵਲੋਂ ਹਮਲੇ ਕੀਤੇ ਜਾਣ ਲਗੇ ਅਤੇ ਪੂਰੇ ਭਾਰਤ ਵਿਚ ਯੋਜਨਾਬੱਧ ਢੰਗ ਨਾਲ ਸਿੱਖਾਂ ਦੀ ਹੱਤਿਆ ਆਮ ਹੋ ਗਈ ਸੀ, ਅਖੀਰ ਅਲੱਗ ਸਿੱਖ ਰਾਜ-ਖ਼ਾਲਿਸਤਾਨ ਦੇ ਨਾਅਰੇ ਲਾਏ ਜਾਣ ਲੱਗ ਪਏ। ਪੰਜਾਬ ਅਤੇ ਸਿੱਖਾਂ ਦੀ ਸਮੱਸਿਆਵਾਂ ਅਜੇ ਵੀ ਅਣਸੁਲਝੀਆਂ ਰਹੀਆਂ ਹਨ। ਇਸ ਪਿਛੋਕੜ ਵਿਚ ਦੂਰਦਰਸ਼ੀ ਰਾਜਨੇਤਾ ਵਲੋਂ ਹਲ ਲਭਿਆ ਜਾ ਰਿਹਾ ਹੈ।

ਦਰਅਸਲ ਸਿੱਖਾਂ ਨੇ ਲੰਮੇਂ ਸਮੇਂ ਤੋਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਦੂਜੇ ਰਾਜਾਂ ਨੂੰ ਗ਼ੈਰਕਾਨੂੰਨੀ ਵੰਡ ਦੇ ਵਿਰੋਧ ਵਿਚ, ਸ਼ੁਰੂ ਤੋਂ ਹੀ ਆਪਣੀ ਪ੍ਰਤਿਕ੍ਰਿਆ ਦਾ ਪ੍ਰਦਰਸ਼ਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ

ਪ੍ਰਤਿਨਿਧਿ ਪਾਰਟੀ ਨੇ, 1966 ਤੋਂ ਆਪ ਹੀ, ਪੰਜਾਬ ਦੇ ਪੁਨਰਗਠਨ ਤੋਂ ਬਾਅਦ, ਆਪਣੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲੇ ਜਾਣ ਵਾਲੇ ਇਲਾਕਿਆਂ ਨੂੰ ਛੱਡਣ, ਬੰਨ੍ਹਾਂ ਅਤੇ ਮੁੱਖ ਨਹਿਰਾਂ ਦੇ ਨਿਯੰਤਰਣ ਦੇਣ ਦੀ ਦੂਜੀ ਮੰਗਾਂ ਨੂੰ ਸ਼ਾਮਲ ਕਰਦੇ ਹੋਏ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਗਿਰਫ਼ਤਾਰਿਆਂ ਦਿੰਦੇ ਹੋਏ ਵਿਰੋਧੀ ਬੈਠਕਾਂ ਅਤੇ ਸ਼ਾਂਤੀਪੂਰਵਕ ਅੰਦੋਲਨ ਕੀਤੇ ਕਿ ਉਹ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਕਦੇ ਵੀ ਪੰਜਾਬ ਤੋਂ ਬਾਹਰ ਲੈ ਜਾਣ ਦੀ ਮੰਜ਼ੂਰੀ ਨਹੀਂ ਦੇਣਗੇ। 1973 ਵਿਚ ਅਕਾਲੀ ਦਲ ਵਲੋਂ ਕੇਂਦਰੀ ਸਰਕਾਰ ਦੇ ਢਾਂਚੇ ਅਤੇ ਪੰਜਾਬ ਦੇ ਦਰਿਆਈ ਪਾਣੀ ਸਿਰਫ਼ ਪੰਜਾਬ ਲਈ ਉੱਤੇ ਖ਼ਾਸ ਜ਼ੋਰ ਪਾਉਂਦੇ ਹੋਏ ਚੰਗੀ ਤਰ੍ਹਾਂ ਜਾਣੂ ਅਨੰਦਪੁਰ ਸਾਹਿਬ ਅੰਦੋਲਨ ਨੂੰ ਅਪਣਾਇਆ ਗਿਆ ਸੀ। 1982 ਵਿਚ, ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਟਿਆਲਾ ਵਿਚ ਕਪੂਰਾ ਪਿੰਡ ਵਿਖੇ ਐਸ. ਵਾਈ. ਐਲ ਨਹਿਰ ਦੀ ਉਸਾਰੀ ਦੇ ਉਦਘਾਟਨ ਦਾ ਪ੍ਰੋਗਰਾਮ ਬਣਾਇਆ ਅਕਾਲੀ ਦਲ ਵਲੋਂ ਇਸਦਾ ਵਿਰੋਧ ਕਰਨ ਲਈ ਵੱਡੇ ਪ੍ਰਦਰਸ਼ਨ ਕੀਤੇ ਗਏ। ਉਸਤੋਂ ਕੁੱਝ ਹੀ ਮਹੀਨਿਆਂ ਬਾਅਦ ਅਕਾਲੀ ਦਲ ਨੇ ਧਰਮਯੁੱਧ ਮੋਰਚੇ ਦੇ ਨਾਂ ਅਧੀਨ ਸ਼ਾਂਤੀਪੂਰਵਕ ਅੰਦੋਲਨ ਸ਼ੁਰੂ ਕਰ ਦਿੱਤਾ ਜੋ ਰੋਜ਼ਾਨਾ ਗਿਰਫ਼ਤਾਰੀਆਂ ਦਿੰਦੇ ਹੋਏ, ਮਈ 1984 ਤੱਕ ਜਾਰੀ ਰਿਹਾ, ਜੋ ਤਿੰਨ ਸੌ ਅਤੇ ਪੰਜ ਹਜ਼ਾਰ ਤੋਂ ਵੀ ਉੱਪਰ ਗਿਆ ਜੋ ਸਮੁੱਚੇ ਆਜ਼ਾਦੀ ਦੇ ਅੰਦੋਲਨ ਵੇਲੇ ਹੋਇਆਂ ਗਰਿਫ਼ਤਾਰੀਆਂ ਤੋਂ ਕਈ ਜ਼ਿਆਦਾ ਸੀ। ਇਸ ਸ਼ਾਂਤੀਪੂਰਵਕ ਅੰਦੋਲਨ ਨੂੰ ਰਿਸ਼ਤਿਆਂ ਵਿਚ ਜ਼ਹਿਰ ਘੋਲਦੇ ਹੋਏ ਸਿੱਖਾਂ ਅਤੇ ਸਿੱਖਾਂ ਦੀ ਪਵਿੱਤਰ ਥਾਵਾਂ ਉੱਤੇ ਫੌਜੀ ਹਮਲਿਆਂ ਨਾਲ ਭੰਗ ਕੀਤਾ ਗਿਆ ਸੀ।

1985 ਵਿਚ, ਜਦੋਂ ਭਾਰਤ ਸਰਕਾਰ ਵਲੋਂ ਅਚਾਨਕ ਹੀ ਰਾਜੀਵ-ਲੌਂਗੋਵਾਲ ਸਮਝੌਤੇ ਦਾ ਐਲਾਨ ਕੀਤਾ ਗਿਆ ਸੀ, ਐਸ. ਵਾਈ. ਐਲ ਨਹਿਰ ਦੀ ਉਸਾਰੀ ਦੇ ਇਕ ਖੰਡ ਨਾਲ, ਹਾਲਾਂਕਿ ਪੰਜਾਬ ਨੂੰ ਚੰਡੀਗੜ੍ਹ ਰਾਜਧਾਨੀ ਦੀ ਤਬਦੀਲੀ ਤੋਂ ਬਾਅਦ, ਅਤੇ ਦਰਿਆਈ ਪਾਣੀਆਂ ਨੂੰ ਪੰਜਾਬ ਲਈ ਹੀ ਪੱਕਾ ਕਰਦੇ ਹੋਏ, ਜਿਸਦਾ ਉਸ ਵੇਲੇ ਉਪਯੋਗ ਕੀਤਾ ਗਿਆ ਸੀ, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਇਹੋ ਜਿਹੇ ਖੰਡ ਵਾਲੇ ਸਮਝੌਤੇ ਅਤੇ ਇਸ ਸਮਝੋਤੇ ਵਿਚ ਪੈਣ ਦੇ ਇੱਕ ਮਹੀਨੇ ਦੇ ਅੰਦਰ ਹੀ ਹੱਤਿਆ ਕਰ ਦਿੱਤੀ ਗਈ ਸੀ। ਪੰਜਾਬ ਦੇ ਕਿਸੇ ਵੀ ਨੇਤਾ ਨੇ ਐਸ. ਵਾਈ. ਐਲ ਨੂੰ ਬਨਾਉਣ ਤੇ ਬਿਆਨ ਦੇਣ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਪਹਿਲਾਂ ਕੀਤੀ ਗਈ ਗ਼ੈਰਕਾਨੂੰਨੀ ਵੰਡ ਦੇ ਸਮਰਥਨ ਦੀ ਹਿੰਮਤ ਨਹੀਂ ਕੀਤੀ। ਐਸ.ਵਾਈ.ਐਲ ਲਈ ਨੌਕਰੀ ਤੇ ਰੱਖੇ ਦੋ ਵੱਡੇ ਰੁਤਬੇ ਦੇ ਇੰਜੀਨੀਅਰਾਂ ਅਤੇ ਕਈ ਮਜ਼ਦੂਰਾਂ ਨੂੰ ਮੌਤ ਦਾ ਸਾਹਮਣਾ ਕਰਨਾ ਪਿਆ ਸੀ। ਇੱਥੋਂ ਤੱਕ ਕਿ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਵੀ ਈਰਾਦੀ ਅਦਾਲ਼ਤ ਦਾ ਬਾਈਕਾਟ ਕੀਤਾ, ਜੋ ਸਮਝੌਤੇ ਦੀਆਂ ਗੁਪਤ ਸ਼ਰਤਾਂ ਅਧੀਨ ਮੁੱਖ ਮੰਤਰੀ ਬਣਿਆ ਸੀ। ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਦੇ ਲੋਕ, ਜ਼ਿਆਦਾਤਰ ਸਿੱਖ ਜੋ ਕਿ ਜਬਰਦਸਤ ਬਹੁ-ਮਤ ਨਾਲ ਪੰਜਾਬ ਦੀਆਂ ਜਮੀਨਾਂ ਦੇ ਮਾਲਕ ਹਨ ਅਤੇ ਖੇਤੀ ਉੱਤੇ ਨਿਰਭਰ ਹਨ, ਨੇ, ਹੁਣ ਤੱਕ ਐਸ. ਵਾਈ. ਐਲ ਦੀ ਉਸਾਰੀ ਰੋਕ ਰੱਖੀ ਹੈ। ਪੰਜਾਬ ਦੇ ਲੋਕਾਂ ਨੂੰ ਇਸਦੇ ਆਪਣੇ ਦਰਿਆਈ ਪਾਣੀਆਂ ਤੋਂ ਵਾਂਝਾ ਕਰ ਦੇਣਾ ਆਸਾਨ ਕੰਮ ਨਹੀਂ ਹੈ।ਉਨ੍ਹਾਂ ਦੀ ਅਰਥ-ਵਿਵੱਸਥਾ ਅਤੇ ਜਮੀਨਾਂ ਨੂੰ ਬਰਬਾਦ ਕਰ ਦੇਣਾ ਰਾਸ਼ਟਰੀ ਹਿੱਤ ਵਿਚ ਨਹੀਂ ਹੋ ਸਕਦਾ ਜਿਸਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਨੇਤਾ ਅਤੇ ਭਾਰਤ ਸਰਕਾਰ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਸਿੱਖਾਂ ਉੱਤੇ, ਹਕੀਕਤ ਦੇ ਵਿਰੁੱਧ, ਪੰਜਾਬ ਵਿਚ ਹਿੰਸਕ ਮਾਹੌਲ ਅਤੇ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰਾ ਪੈਦਾ ਕਰਨ ਦਾ ਦੋਸ਼ ਲਾ ਰਹੇ ਸਨ ਅਤੇ ਉਨ੍ਹਾਂ ਨੂੰ ਖਾੜਕੂ ਅਤੇ ਅੱਤਵਾਦੀ ਕਹਿ ਕੇ ਬਦਨਾਮ ਕਰ ਰਹੇ ਸੀ, ਜਿਸਨੇ 1984 ਵਿਚ ਸਿੱਖਾਂ ਅਤੇ ਉਨ੍ਹਾਂ ਦੀ ਪਵਿੱਤਰ ਥਾਵਾਂ ਉੱਤੇ ਹੋਏ ਫੌਜੀ ਹਮਲਿਆਂ ਕਾਰਨ, ਪੰਜਾਬ ਦੇ ਦਰਿਆਈ ਪਾਣੀਆਂ ਦੀ ਦੂਜੇ ਰਾਜਾਂ ਨੂੰ ਵੰਡ ਕਰਕੇ ਅਤੇ ਹੋਰ ਕਈ ਸ਼ਿਕਾਇਤਾਂ ਕਰਕੇ, ਭਾਸ਼ਾਈ ਆਧਾਰ ਤੇ ਪੰਜਾਬ ਦਾ ਪਹਿਲਾਂ ਅਤੇ ਬਾਅਦ ਵਿਚ ਪੁਨਰਗਠਨ ਹੋਣ ਕਰਕੇ ਉਨ੍ਹਾਂ ਵਿਚ ਅਸੁਰੱਖਿਆ ਦੀ ਭਾਵਨਾ ਭਰ ਦਿੱਤੀ ਅਤੇ ਉਹ ਖ਼ਾਲਿਸਤਾਨ ਲਈ ਇਕ ਅਲੱਗ ਖੰਡ ਦੀ ਮੰਗ ਕਰਨ ਲੱਗ ਪਏ। ਪੰਜਾਬ ਵਿਚ ਅਤੇ ਸਿੱਖੀ ਸਨਮਾਨ ਨੂੰ ਲੈ ਕੇ ਹੁਣ ਸਿੱਖਾਂ ਦੀ ਜਾਇਜ਼ ਸ਼ਿਕਾਇਤਾਂ ਦਾ ਉਨ੍ਹਾਂ ਦੀ ਸੰਤੁਸ਼ਟੀ ਮੁਤਾਬਕ ਨਿਪਟਾਰਾ ਕਰਨ ਵਾਲੀ ਬਦਲੀ ਸ਼ਾਸਨ ਪ੍ਰਣਾਲੀ ਕਾਰਣ ਹੁਣ ਕੁੱਝ ਸ਼ਾਂਤੀ ਦਾ ਮਾਹੌਲ ਹੈ। ਕੀ ਐਸ. ਵਾਈ. ਐਲ ਦੀ ਜਬਰਦਸਤੀ ਉਸਾਰੀ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਗ਼ੈਰਕਾਨੂੰਨੀ ਢੰਗ ਨਾਲ ਪੰਜਾਬ ਤੋਂ ਬਾਹਰ ਦੇਣਾ ਜਿਸਦੇ ਨਤੀਜੇ ਵਜੋਂ ਪੰਜਾਬ ਦੀਆਂ ਜ਼ਮੀਨਾਂ ਬੰਜਰ ਅਤੇ ਖੇਤੀ ਲਈ ਅਯੋਗ ਹੋ ਜਾਣਗੀਆਂ ਜਿਸ ਦਾ ਪਰਿਣਾਮ ਪੰਜਾਬ ਦੇ ਲੋਕਾਂ ਦੀ ਅਰਥ-ਵਿਵੱਸਥਾ ਦੀ ਤਬਾਹੀ ਹੈ, ਜਿਸ ਵਿਚ ਭਾਰੀ ਬਹੁ-ਮਤ ਸਿੱਖਾਂ ਦਾ ਹੈ, ਪਿਛਲੇ ਦੋ ਦਹਾਕਿਆਂ ਦੇ ਉਹੀ ਨਾਰਿਆਂ ਅਤੇ ਹਿੰਸਾ ਨੂੰ ਮੁੜ ਲਿਆ ਕੇ, ਉਨ੍ਹਾਂ ਦੋਸ਼ਾਂ ਦੀ ਨਕਲ ਕਰਦਾ ਹੋਇਆ ਜਿਵੇਂ ਕਿ ਭਾਰਤ ਗਣਤੰਤਰ ਦੀ ਏਕਤਾ ਅਤੇ ਅਖੰਡਤਾ ਨੂੰ ਭੰਗ ਕਰਣ ਦੇ, ਖੇਤਰ ਦੀ ਸ਼ਾਂਤੀ ਭੰਗ ਕਰਣ ਦਾ ਖ਼ਤਰਾ ਨਹੀਂ ਪੈਦਾ ਕਰੇਗਾ। ਜੇ ਲੋਕੀ ਮਹਿਸੂਸ ਕਰਦੇ ਹਨ

ਕਿ ਗ਼ੈਰਕਾਨੂੰਨੀ ਅਤੇ ਅਸੰਵਿਧਾਨਕ ਢੰਗਾਂ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਤੋਂ ਵਾਂਝਾ ਰਖਿਆ ਗਿਆ ਹੈ ਤੇ ਉਨ੍ਹਾਂ ਦਾ ਸ਼ੋਸਣ ਕਰਨਾ ਵੀ ਸੌਖਾ ਹੁੰਦਾ ਹੈ। ਇਹ ਰਾਸ਼ਟਰੀ ਹਿੱਤਾਂ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ ਗੰਭੀਰ ਮਸਲਾ ਹੈ।

32

ਸਿੱਖਾਂ ਦੇ ਰਾਸ਼ਟਰਵਾਦ ਦੀ ਉੱਚ ਭਾਵਨਾ, ਹਰ ਕਿਸੇ ਲਈ ਜਾਣੂ ਹੈ ਅਤੇ ਇਸਨੂੰ ਦੁਹਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਨੇ ਅੰਗਰੇਜਾਂ ਨਾਲ ਆਪਣੀ ਰਾਜਨੀਤਿਕ ਸੱਤਾ ਲੈਣ ਲਈ ਵੀ ਸੌਦੇਬਾਜੀ ਨਹੀਂ ਕੀਤੀ, ਜੋ ਭਾਰਤੀ ਸਵਤੰਤਰਾ ਐਕਟ ਵਿਚ ਇਹ ਸੁਨਿਸ਼ਚਿਤ ਕਰਨ ਨੂੰ ਬਹੁਤ ਉੱਤਸੁਕ ਸੀ ਕਿ ਇਸ ਵਿਚ ਸਿੱਖਾਂ ਵਲੋਂ ਕੰਮ ਕੀਤਾ ਜਾਵੇ। ਉਨ੍ਹਾਂ ਸੰਪ੍ਰਦਾਇ ਰੇਖਾ ਤੇ ਭਾਰਤ ਦੀ ਵੰਡ ਦੇ ਖ਼ਿਲਾਫ਼ ਆਖਿਰੀ ਸਮੇਂ ਤੱਕ ਨਾਰੇਬਾਜੀ ਕੀਤੀ। ਉਨ੍ਹਾਂ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਬੜੇ ਦੁਖ ਸਹੇ ਅਤੇ ਉਨ੍ਹਾਂ ਉਨ੍ਹਾਂ ਦੇ ਵਤਨ ਪੰਜਾਬ ਨੂੰ ਪਾਕਿਸਤਾਨ ਅਤੇ ਭਾਰਤ ਵਿਚਕਾਰ ਅੱਧਾ-ਅੱਧਾ ਵੰਡ ਦਿੱਤਾ ਗਿਆ ਸੀ। ਉਨ੍ਹਾਂ ਨੂੰ ਬਹੁਤ ਖ਼ੂਨ-ਖ਼ਰਾਬੇ ਵਿਚ, ਪੰਜਾਬੀ ਦਰਿਆਈ ਪਾਣੀਆਂ ਦੀ ਨਹਿਰਾਂ ਨਾਲ ਸਿੰਜਿਆਂ ਜਾਣ ਵਾਲੀ ਆਪਣੀ ਉਪਜਾਊ ਜ਼ਮੀਨਾਂ ਨੂੰ ਪਿੱਛੇ ਛੱਡ ਕੇ, ਭਾਰਤੀ ਪੰਜਾਬ ਵਿਚ ਪ੍ਰਵਾਸ ਕਰਨਾ ਪਿਆ ਸੀ। ਸਿਰਫ ਤਿੰਨ ਦਰਿਆ ਹੀ ਨਵੇਂ ਪੰਜਾਬ ਵਿਚ ਰਹਿ ਗਏ ਸਨ ਜੱਦਕਿ ਦੋ ਪਾਕਿਸਤਾਨ ਵਿਚ ਚਲੇ ਗਏ ਸਨ। ਜੇ ਉਨ੍ਹਾਂ ਨੂੰ ਪੰਜਾਬ ਦੀਆਂ ਜ਼ਮੀਨਾਂ ਲਈ ਇਨ੍ਹਾਂ ਤਿੰਨਾਂ ਦਰਿਆਵਾਂ ਦਾ ਪਾਣੀ ਉਪਯੋਗ ਕਰਨ ਦੀ ਅਨੁਮਤਿ ਨਹੀਂ ਦਿੱਤੀ ਜਾਂਦੀ ਅਤੇ ਉਹ ਇਸ ਉੱਤੇ ਆਪਣਾ ਕਾਨੂੰਨੀ ਅਧਿਕਾਰ ਜਤਾਉਂਦੇ ਹਨ ਇਸਨੂੰ ਰਾਸ਼ਟਰ ਦੇ ਖ਼ਿਲਾਫ਼ ਅਤੇ ਅਨੁਚਿਤ ਕਿਹਾ ਜਾ ਸਕਦਾ ਹੈ। ਜੇ ਉਨ੍ਹਾਂ ਵਿਰੁੱਧ, ਪੰਜਾਬ ਦੇ ਪੁਨਰਗਠਨ ਤੋਂ ਪਹਿਲਾਂ ਅਤੇ ਬਾਅਦ ਵਿਚ, ਭੇਦਭਾਵ ਕੀਤਾ ਜਾਂਦਾ ਹੈ ਅਤੇ ਭਾਰਤ ਸਰਕਾਰ ਦੇ ਨੇਤਾਵਾਂ ਵਲੋਂ ਆਪ ਰਾਜਨੀਤੀ ਨਾ ਸਾਂਪ੍ਰਦਾਇਕਰਣ ਕੀਤਾ ਜਾਵੇ, ਕੀ ਇਹ ਰਾਸ਼ਟਰ ਦੇ ਹਿੱਤਾਂ ਦੇ ਖ਼ਿਲਾਫ਼ ਨਹੀਂ ਹੋਵੇਗਾ। ਇਹ ਰਾਸ਼ਟਰੀ ਹਿੱਤ ਵਿਚ ਹੱਲ ਕੀਤਾ ਜਾਣ ਵਾਲਾ ਅਤੇ ਵਧਾ ਕੇ ਨਾ ਦੱਸਣ ਵਾਲਾ ਇੱਕ ਬਹੁਤ ਹੀ ਗੰਭੀਰ ਮਸਲਾ ਹੈ।

ਭਾਰਤ ਸਰਕਾਰ ਲਈ ਸਿੱਖਾਂ ਨੂੰ ਸੰਤੁਸ਼ਟ ਕਰਨ ਦਾ ਹੁਣ ਸਮਾਂ ਹੈ ਕਿ ਪੰਜਾਬ ਦੇ ਕੁਦਰਤੀ ਸ੍ਰੋਤਾਂ ਦੀ ਅਧਿਕਾਰਕ ਸਥਾਪਨਾ, ਜਿਸਨੇ ਉਨ੍ਹਾਂ ਨੂੰ ਸਭ ਤੋਂ ਵੱਧ ਉਲਟ ਪ੍ਰਭਾਵਿਤ ਕੀਤਾ ਸੀ ਜਿਵੇਂ ਕਿ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਨਿਵੇਕਲੇ ਤੌਰ ਤੇ ਪੰਜਾਬ ਦੀਆਂ ਜ਼ਮੀਨਾਂ ਲਈ ਓਪਯੋਗ ਕੀਤਾ ਜਾਵੇ; ਕਿਸੇ ਵੀ ਦੂਜੇ ਰਾਜ ਨੂੰ ਦੇਣ ਲਈ ਵਾਧੂ ਪਾਣੀ ਨਾ ਹੁੰਦੇ ਹੋਏ, ਗੁਪਤ ਕਾਰਣ ਜੋ ਵੀ ਸਨ, ਹੁਣ ਸਿਰਫ਼ ਨਿਆਂ, ਕਾਨੂੰਨੀ ਪ੍ਰਤੀਮਾਣ, ਰੀਪੇਰੀਅਨ ਕਾਨੂੰਨ ਅਤੇ ਸੰਵਿਧਾਨਕ ਨਿਯਮ ਪ੍ਰਬਲ ਹੋਣ। ਕਿ ਹੁਣ ਸਿੱਖਾਂ ਵਿਰੁੱਧ ਕਿਸੇ ਵੀ ਖੇਤਰ ਵਿਚ ਕੋਈ ਭੇਦਭਾਵ ਨਹੀਂ ਹੋਵੇ। ਕਿ ਹੁਣ ਪੰਜਾਬ ਦੀ ਭਲਾਈ ਅਤੇ ਇਸਦੇ ਲੋਕਾਂ ਦੀ ਸ਼ਾਂਤੀ ਲਈ ਸਮਾਨ ਮਾਪਦੰਡ ਹੀ ਲਾਗੂ ਹੋਵੇ ਜਿਵੇਂ ਕਿ ਭਾਰਤ ਵਿਚ ਹੋਰ ਰਾਜਾਂ ਲਈ ਹੈ। ਕਿ ਭਾਰਤ ਸਰਕਾਰ ਹੁਣ ਪੰਜਾਬ ਵਿਚ ਸਿੱਖਾਂ ਦੇ ਬਹੁ-ਮਤ ਨੂੰ ਲੈ ਕੇ ਚਿੰਤਿਤ ਨਹੀਂ ਹੈ। ਖਾੜਕੂ ਰੁਝਾਨ, ਅੱਡ ਹੋਣ ਦਾ ਵਿਚਾਰ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰੇ ਦਾ ਸਿਰਫ਼ ਨਿਆਂ ਅਤੇ ਦੇਸ਼ ਦੇ ਸਾਰੇ ਨਿਵਾਸੀਆਂ ਨੂੰ ਹਰ ਲਹਿਜੇ ਵਿਚ ਸਮਾਨਤਾ ਨਾਲ ਹੀ ਖੰਡਨ ਕੀਤਾ ਜਾ ਸਕਦਾ ਹੈ ਅਤੇ ਗੁਪਤ ਇੱਛਾਵਾਂ ਨਾਲ ਸਿਰਫ਼ ਨਾਰੇਬਾਜੀਆਂ ਨਾਲ ਨਹੀਂ। ਇਤਿਹਾਸ ਦਰਜ ਕਰੇਗਾ, ਸੰਪ੍ਰਦਾਇਵਾਦ ਅਤੇ ਗੁਪਤ ਇੱਛਾਵਾਂ ਤੋਂ ਪਰੇ ਜੇਕਰ ਹੁਣ ਇਨਸਾਫ ਪ੍ਰਬਲ ਹੁੰਦਾ ਹੈ, ਕਿ ਪਹਿਲੇ ਸ਼ਾਸਨਾਂ ਦੀਆਂ ਗ਼ੈਰ ਰਾਸ਼ਟਰੀ ਹਿੱਤ ਦੀਆਂ ਨੀਤਿਆਂ ਹੁਣ ਰਾਸ਼ਟਰੀ ਹਿੱਤ ਵਿਚ ਬਦਲ ਗਈਆਂ ਸਨ।

ਰਾਜ ਅਤੇ ਕੇਂਦਰੀ ਸੰਵਿਧਾਨ ਦੀਆਂ ਸ਼ਕਤੀਆਂ ਦੀ ਉਲੰਘਣਾ ਭਾਰਤੀ ਗਣਤੰਤਰ ਦੇ ਹਿੱਤ ਵਿਚ ਨਹੀਂ:

ਪੰਜਾਬ ਦੇ ਦਰਿਆਈ ਪਾਣੀਆਂ ਦੀ ਦੂਜੇ ਰਾਜਾਂ ਨੂੰ ਗ਼ੈਰਕਾਨੂੰਨੀ ਵੰਡ ਵਿਚ ਸ਼ਾਮਲ ਦੂਜਾ ਨਾਜ਼ੁਕ ਅਤੇ ਗੰਭੀਰ ਮਸਲਾ, ਰਾਜ ਅਤੇ ਕੇਂਦਰ ਵਿਚ ਵੰਡੀਆਂ ਗਈਆਂ ਸ਼ਕਤੀਆਂ ਦੀ ਉਲੰਘਣਾ ਹੈ, ਜਿਵੇਂ ਕਿ ਰਾਜ, ਕੇਂਦਰ ਅਤੇ ਸਮੇਂ ਵਰਤੀ ਸੂਚੀ ਵਿਚ 7ਵੀਂ ਅਨੁਸੂਚੀ ਵਿਚ ਭਾਰਤੀ ਸੰਵਿਧਾਨ ਵਿਚ ਇੱਕ ਇੱਕ ਕਰਕੇ ਦੱਸਿਆਂ ਗਈਆਂ ਹਨ। ਰਾਜਾਂ ਅਤੇ ਰਾਹ ਦੇ ਵਿਧਾਨ ਮੰਡਲ ਨੂੰ ਨਿਵੇਕਲੀ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ ਜਿਵੇਂ ਕਿ ਉਨ੍ਹਾਂ ਵਿਸ਼ਿਆਂ ਲਈ ਜੋ ਕਿ ਭਾਰਤੀ ਸੰਵਿਧਾਨ ਦੇ ਮਜ਼ਮੂਨ 246 ਅਧੀਨ ਰਾਜ ਸੂਚੀ ਵਿਚ ਲਏ ਗਏ ਹਨ, ਜਦਕਿ ਸੰਸਦ ਨੂੰ ਉਨ੍ਹਾਂ ਵਿਸ਼ਿਆਂ ਤੇ ਜੋ ਕੇਂਦਰੀ ਸੂਚੀ ਵਿਚ ਹਨ। ਦਰਿਆਈ ਪਾਣੀ ਰਾਜ ਸੂਚੀ ਦੀ 7ਵੀਂ ਅਨੁਸੂਚੀ ਦੇ ਅੰਦਰਾਜ 17 ਵਿਖੇ ਰਾਜ ਸੂਚੀ ਵਿਚ ਹੈ ਅਤੇ ਇਸ ਤਰ੍ਹਾਂ ਰਾਜ ਅਤੇ ਰਾਜ ਦੇ ਵਿਧਾਨ ਮੰਡਲ ਦੇ ਨਿਵੇਕਲੇ ਅਧਿਕਾਰ ਖੇਤਰ ਅਧੀਨ ਹੈ। ਕੇਂਦਰ ਸਰਕਾਰ ਅਤੇ ਸੰਸਦ ਨੂੰ ਕੇਂਦਰੀ ਸੂਚੀ ਦੇ ਅੰਦਰਾਜ 56 ਅਤੇ ਭਾਰਤੀ ਸੰਵਿਧਾਨ ਦੇ ਮਜ਼ਮੂਨ 262 ਅਧੀਨ ਅੰਤਰਰਾਜੀ ਦਰਿਆਵਾਂ ਦੇ ਝਗੜਿਆਂ ਵਿਚ ਦਖ਼ਲ ਦੇਣ ਦਾ

ਅਧਿਕਾਰ ਖੇਤਰ ਦਿੱਤਾ ਗਿਆ ਸੀ, ਪਰ ਰਾਜ ਦੇ ਦਰਿਆ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਹਨ, ਜੋ ਕਿ ਅੰਤਰਰਾਜੀ ਦਰਿਆ ਨਹੀਂ ਹਨ ਅਤੇ ਸਿਰਫ਼ ਇੱਕ ਰਾਜ ਵਿਚ ਵਹਿੰਦੇ ਹਨ। ਪੰਜਾਬ ਦੇ ਦਰਿਆ ਸਿਰਫ਼ ਪੰਜਾਬ ਰਾਜ ਦੇ ਖੇਤਰ ਵਿਚ ਹੀ ਵਹਿੰਦੇ ਹਨ ਅਤੇ ਰਾਜਸਥਾਨ, ਹਰਿਆਣਾ, ਜੰਮੂ ਅਤੇ ਕਸ਼ਮੀਰ ਅਤੇ ਦਿੱਲੀ ਦੇ ਇਲਾਕਿਆਂ ਵਿਚ ਨਹੀਂ। ਇਸ ਲਈ ਸੰਵਿਧਾਨ ਦੇ ਇਨ੍ਹਾਂ ਕਾਨੂੰਨਾਂ ਅਧੀਨ ਕੇਂਦਰੀ ਸਰਕਾਰ ਅਤੇ ਸੰਸਦ ਦਾ ਪੰਜਾਬ ਦੇ ਦਰਿਆਈ ਪਾਣੀਆਂ ਵਿਚ ਦਖ਼ਲ ਦੇਣ ਅਤੇ ਇਨ੍ਹਾਂ ਪਾਣੀਆਂ ਨੂੰ ਦੂਜੇ ਰਾਜਾਂ ਨੂੰ ਵੰਡਣ ਦਾ, ਜੋ ਕਿ ਰੀਪੇਰੀਅਨ ਰਾਜ ਨਹੀਂ ਸਨ ਅਤੇ ਜੋ ਇਨ੍ਹਾਂ ਪਾਣੀਆਂ ਦੇ ਦਾਵੇਦਾਰ ਨਹੀਂ ਸਨ , ਕੋਈ ਅਧਿਕਾਰ ਖੇਤਰ ਨਹੀਂ ਸੀ। ਇਨ੍ਹਾਂ ਰਾਜਾਂ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸਪਸ਼ਟ ਰੂਪ ਨਾਲ ਸੰਵਿਧਾਨਕ ਨਿਯਮਾਂ ਅਤੇ ਸੰਵਿਧਾਨ ਵਿਚ ਭਾਰਤ ਦੇ ਰਾਜਾਂ ਅਤੇ ਕੇਂਦਰ ਵਿਚਕਾਰ ਕੀਤੀ ਗਈ ਸ਼ਕਤੀਆਂ ਦੀ ਵੰਡ ਦੀ ਭਾਰੀ ਉਲੰਘਣਾ ਸੀ।

-33-

ਸ਼ੁਰੂਆਤ ਵਿਚ, ਭਾਰਤ ਦੇ ਸੰਵਿਧਾਨ ਦੇ ਮਜ਼ਮੂਨ 1 ਵਿਚ, ਇਹ ਦਿੱਤਾ ਗਿਆ ਹੈ ਕਿ "ਭਾਰਤ ਰਾਜਾਂ ਦਾ ਜੋੜ ਹੈ"। ਇਹ ਸੰਘ ਅਤੇ ਰਾਜ ਵਿਚਕਾਰ ਸਪਸ਼ਟ ਰੂਪ ਨਾਲ ਵੰਡੀਆਂ ਸ਼ਕਤੀਆਂ ਦਾ ਇੱਕ ਸੰਯੁਕਤ ਢਾਂਚਾ ਹੈ, ਹਾਲਾਂਕਿ ਰਾਜ ਇਸਦੇ ਸ਼ਾਂਤੀਪੂਰਵਕ ਕਿਰਆ ਲਈ ਵੱਧ ਅਧਿਕਾਰ ਹੋਣ ਦਾ ਦਾਵਾ ਕਰਦੇ ਹਨ। ਅਕਾਲੀ ਦਲ ਵਰਗੀ ਕੁਝ ਰਾਜਨੀਤਕ ਪਾਰਟੀਆਂ ਨੇ ਸੰਘ ਸਰਕਾਰ ਦੇ ਅਧਿਕਾਰ ਖੇਤਰ ਨੂੰ ਰੱਖਿਆ, ਵਿਦੇਸ਼ੀ ਮਸਲੇ, ਸੰਚਾਰ ਅਤੇ ਖ਼ਜਾਨੇ ਦੇ ਚਾਰ ਰਾਸ਼ਟਰੀ ਵਿਸ਼ਿਆਂ ਤੱਕ ਹੀ ਸੀਮਿਤ ਕਰਨ ਦੀ ਮੰਗ ਕੀਤੀ ਹੈ, ਜੱਦਕਿ ਅਸਲ ਸੁਰਤ ਵਿਚ ਸੰਯੁਕਤ ਢਾਂਚੇ ਲਈ ਬਾਕੀਆਂ ਨੂੰ ਰਾਜ ਦਾ ਵਿਸ਼ਾ ਬਣਾ ਦਿੱਤਾ ਜਾਵੇ। ਰਾਜ ਸੂਚੀ ਵਿਚ ਸੰਘ ਸਰਕਾਰ ਵਲੋਂ ਰਾਜ ਸੂਚੀ ਦੇ ਮੌਜੂਦਾ ਵਿਸ਼ਿਆਂ ਵਿਚ ਇਸ ਤਰ੍ਹਾਂ ਦੀ ਦਖ਼ਲਬਾਜੀ ਨਾਲ, ਸੰਘ ਅਤੇ ਰਾਜ ਵਿਚਕਾਰਲੇ ਸੰਬੰਧਾਂ ਵਿਚ ਗੜਬੜ ਹੋਣੀ ਨਿਸ਼ਚਿਤ ਹੈ। ਰਾਜ ਜੋ ਆਪਣੇ ਅਸਥਾਈ ਲਾਭ ਲਈ ਇਸਦਾ ਸਵਾਗਤ ਕਰਦੇ ਹਨ, ਬਾਅਦ ਵਿਚ ਪਛਤਾ ਸਕਦੇ ਹਨ। ਰਾਜਾਂ ਦਾ ਸੰਘ ਹੋਣ ਕਾਰਣ ਭਾਰਤੀ ਗਣਤੰਤਰ ਦੇ ਸ਼ਾਂਤ ਕੰਮ ਕਾਰ ਲਈ ਇਹ ਇੱਕ ਗੰਭੀਰ ਮਸਲਾ ਹੈ। ਇਸਦੀ ਅਸ਼ਾਂਤੀ ਰਾਸ਼ਟਰ ਹਿੱਤ ਵਿਚ ਨਹੀਂ ਹੋਵੇਗੀ।

## ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਉੱਤੇ ਗ਼ੈਰ-ਅਧਿਕਾਰਕ ਕਬਜ਼ਾ:

(vii) ਮੁਗ਼ਲ ਸ਼ਾਸਨ ਵਿਚ, ਸਿੱਖ ਸ਼ਾਸਨ ਵਿਚ ਅਤੇ ਬ੍ਰਿਟਿਸ਼ ਸ਼ਾਸਨ ਵਿਚ, ਸ਼ਤਾਬਦੀਆਂ ਤੋਂ ਲਾਹੌਰ ਪੰਜਾਬ ਦੀ ਰਾਜਧਾਨੀ ਸੀ। ਪਰ 1947 ਵਿਚ ਭਾਰਤ ਦੀ ਆਜ਼ਾਦੀ ਵੇਲੇ, ਭਾਰਤ ਤੋਂ ਬਾਹਰ, ਮੁਸਲਮ ਬਹੁ-ਮਤ ਵਾਲੇ ਇਲਾਕਿਆਂ ਵਿਚਲੀ ਮੁਸਲਮ ਲੀਗ ਦੇ ਸੰਬੰਧ ਵਿਚ ਇੱਕ ਵਖਰੇ ਮੁਸਲਮ ਦੇਸ਼, ਪਾਕਿਸਤਾਨ, ਦੀ ਸਥਾਪਨਾ ਕੀਤੀ ਗਈ ਸੀ। ਪੰਜਾਬ ਵੰਡ ਦਿੱਤਾ ਗਿਆ ਸੀ। ਪੱਛਮੀ ਪੰਜਾਬ ਦਾ ਅੱਧਾ ਹਿੱਸਾ ਪਾਕਿਸਤਾਨ ਵਿਚ ਸ਼ਾਮਲ ਕਰ ਦਿੱਤਾ ਗਿਆ ਸੀ, ਜੱਦਕਿ ਪੂਰਵੀ ਪੰਜਾਬ ਦਾ ਬਾਕੀ ਅੱਧਾ ਹਿੱਸਾ ਭਾਰਤ ਵਿਚ ਰਹਿ ਗਿਆ। ਪੰਜਾਬ ਵਿਚ ਭਾਰਤ ਅਤੇ ਪਾਕਿਸਤਾਨ ਦੀਆਂ ਸੀਮਾਵਾਂ ਲਾਹੌਰ ਅਤੇ ਅਮ੍ਰਿਤਸਰ ਵਿਚਕਾਰ ਸੀ। ਇਸ ਤਰ੍ਹਾਂ ਲਾਹੌਰ, ਪੰਜਾਬ ਦੀ ਰਾਜਧਾਨੀ ਪਾਕਿਸਤਾਨ ਵਿਚ ਚਲੀ ਗਈ ਜੋ ਕਿ ਉੱਤਰ ਭਾਰਤ ਦਾ ਚੰਗੀ ਤਰ੍ਹਾਂ ਵਿਕਸਿਤ ਅਤੇ ਜਾਣੂ ਸ਼ਹਿਰ ਸੀ। ਪੂਰਵੀ ਪੰਜਾਬ ਨੂੰ ਇਸਦੀ ਨਵੀਂ ਰਾਜਧਾਨੀ ਸਥਾਪਿਤ ਕਰਨੀ ਸੀ। ਇਸ ਲਈ ਚੰਡੀਗੜ੍ਹ ਨੂੰ ਚੁਣਿਆ ਗਿਆ ਸੀ ਅਤੇ ਇੱਕ ਨਵੇਂ ਯੋਜਨਾਬੱਧ ਸ਼ਹਿਰ ਜਿਸ ਲਈ ਇੱਕ ਮਸ਼ਹੂਰ ਫ੍ਰੈਂਚ ਆਰਕਿਟੈਕਟ ਦੀ ਸੇਵਾਵਾਂ ਲਈ ਗਈਆਂ ਸਨ, ਦਾ ਨਿਰਮਾਣ ਕੀਤਾ ਗਿਆ, ਜਿਸਨੂੰ ਸੁੰਦਰਤਾ ਦਾ ਸ਼ਹਿਰ ਬੁਲਾਇਆ ਗਿਆ। ਇਸ ਰਾਜਧਾਨੀ ਦਾ ਇਲਾਕਾ ਰੋਪੜ ਜਿਲੇ ਵਿਚ ਖਰੜ ਤਹਿਸੀਲ ਦਾ ਹਿੱਸਾ ਸੀ ਜਿਸਨੂੰ ਪੰਜਾਬੀ ਬੋਲੀ ਬਾਲੇ ਖੇਤਰ ਵਿਚ ਸ਼ਾਮਲ ਕੀਤਾ ਗਿਆ ਸੀ।

-34-

ਪੰਜਾਬੀ ਬੋਲੀ ਵਾਲੇ ਖੇਤਰ ਅਤੇ ਹਿੰਦੀ ਬੋਲੀ ਵਾਲੇ ਖੇਤਰ ਦੀ ਸੀਮਾ ਪੰਜਾਬ ਸਰਕਾਰ ਵਲੋਂ 1949 ਵਿਚ ਨਿਰਧਾਰਿਤ ਕਰ ਦਿੱਤੀ ਗਈ ਸੀ। ਇਸਨੂੰ ਪੰਜਾਬੀ ਬੋਲੀ ਵਾਲੇ ਰਾਜ ਦੀ ਮੰਗ ਦੇ ਸਮਝੌਤੇ ਵਜੋਂ ਖੇਤਰੀ ਨਿਯਮਾਂ ਦੇ ਅਧੀਨ 1957 ਵਿਚ ਸੰਵਿਧਾਨਕ ਸ਼ਕਤੀਆਂ ਦਿੱਤੀਆਂ ਗਈਆਂ ਸਨ ਕਿਓਂ ਜੋ ਕੇਂਦਰੀ ਸਰਕਾਰ

ਅਜੇ ਵੀ ਭਾਸ਼ਾਈ ਆਧਾਰ ਤੇ ਪੰਜਾਬ ਦੇ ਪੁਨਰ ਗਠਨ ਲਈ ਤਿਆਰ ਨਹੀਂ ਸੀ। ਇਸ ਰਾਜਧਾਨੀ ਦੇ ਨਿਰਮਾਣ ਲਈ ਦਰਜਨਾਂ ਪਿੰਡ ਤਬਾਹ ਕਰ ਦਿੱਤੇ ਗਏ ਸਨ, ਹਜ਼ਾਰਾਂ ਲੋਕਾਂ ਦੀਆਂ ਜ਼ਮੀਨਾਂ ਜ਼ਬਤ ਕਰ ਲਈਆਂ ਗਈਆਂ ਸਨ, ਜੋ ਕਿ ਪੰਜਾਬੀ ਬੋਲੀ ਵਾਲੇ ਖੇਤਰ ਤੋਂ ਸਨ। 1966 ਵਿਚ ਭਾਸ਼ਾਈ ਆਧਾਰ ਤੇ ਪੰਜਾਬ ਦੇ ਪੁਨਰ ਗਠਨ ਦੇ ਸਮੇਂ ਪੰਜਾਬ ਰਾਜ ਨੂੰ ਉਸਦੀ ਰਾਜਧਾਨੀ ਚੰਡੀਗੜ੍ਹ ਤੋਂ ਵਾਂਝਾ ਕਰ ਦੇਣ ਲਈ ਕੋਈ ਵੀ ਆਧਾਰ ਨਹੀਂ ਹੋ ਸਕਦਾ ਸੀ। ਇਹ ਪੰਜਾਬੀ ਬੋਲੀ ਵਾਲੇ ਖੇਤਰ ਵਿਚ ਸੀ। ਇਹ ਪਹਿਲਾਂ ਤੋਂ ਹੀ ਪੰਜਾਬ ਰਾਜ ਦੀ ਰਾਜਧਾਨੀ ਸੀ। ਸਾਰੇ ਕਾਨੂੰਨੀ ਆਦਰਸ਼ਾਂ, ਨਿਸ਼ਾਂ ਅਤੇ ਸਮਾਨਤਾ ਦੇ ਅਨੁਰੂਪ ਇਸਨੂੰ ਪੰਜਾਬ ਦੀ ਰਾਜਧਾਨੀ ਦੇ ਰੂਪ ਵਿਚ ਪੰਜਾਬ ਵਿਚ ਹੀ ਰਖਿਆ ਜਾਣਾ ਚਾਹੀਦਾ ਸੀ। ਭਾਸ਼ਾਈ ਆਧਾਰ ਤੇ ਪੁਨਰ ਗਠਨ ਦੇ ਸਮੇਂ ਕਿਸੇ ਵੀ ਰਾਜ ਨੂੰ ਉਸਦੀ ਰਾਜਧਾਨੀ ਤੋਂ ਵਾਂਝਾ ਨਹੀਂ ਕੀਤਾ ਗਿਆ ਸੀ।
ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਪ੍ਰਸਤੀ ਹੇਠ ਭਾਰਤ ਸਰਕਾਰ ਨੇ ਪੰਜਾਬ ਅਤੇ ਇਸਦੇ ਲੋਕਾਂ ਵਿਰੁੱਧ ਗੰਦੀ ਖੇਡ ਖੇਡੀ। ਇਸ ਐਲਾਨ ਦੇ ਬਾਵਜੂਦ ਕਿ ਪੰਜਾਬ ਪੰਜਾਬੀ ਬੋਲੀ ਵਾਲੇ ਖੇਤਰਾਂ ਦਾ ਬਣੇਗਾ ਜਿਵੇਂ ਕਿ 1949 ਵਿਚ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਕੀਤਾ ਗਿਆ ਸੀ ਅਤੇ 1957 ਵਿਚ ਪੰਜਾਬੀ ਬੋਲੀ ਵਾਲੇ ਖੇਤਰ ਅਤੇ ਹਿੰਦੀ ਬੋਲੀ ਵਾਲੇ ਖੇਤਰ ਉਤੇ ਇਸੇ ਤਰ੍ਹਾਂ ਖੇਤਰੀ ਕੌਂਸਲ ਦੀ ਸੰਵਿਧਾਨਕ ਸ਼ਕਤੀਆਂ ਪ੍ਰਦਾਨ ਕਰਨ ਲਈ ਸੰਸਦ ਅਤੇ ਸੰਘ ਸਰਕਾਰ ਵਲੋਂ ਸਵੀਕਾਰ ਕੀਤਾ ਗਿਆ ਸੀ, ਦੀ ਬਜਾਏ ਪੰਜਾਬ ਵਿਚ ਪੰਜਾਬੀ ਬੋਲੀ ਅਤੇ ਹਿੰਦੀ ਬੋਲੀ ਵਾਲੇ ਖੇਤਰਾਂ ਦੀ ਸੀਮਾ ਨਿਰਧਾਰਿਤ ਕਰਨ ਲਈ ਜਸਟਿਸ ਸ਼ਾਹ ਵਲੋਂ ਸੰਚਾਲਿਤ ਇੱਕ ਕਮੀਸ਼ਨ ਨਿਯੁਕਤ ਕੀਤਾ ਗਿਆ ਸੀ। ਇਹ ਗ਼ੈਰ ਕਾਨੂੰਨੀ, ਨਿਆਂਹੀਣ ਅਤੇ ਅਨੁਚਿਤ ਸੀ, ਕਿਓਂ ਜੋ ਬਿਨਾਂ ਕਿਸੇ ਇਤਰਾਜ਼ ਦੇ ਪੰਜਾਬ ਵਿਚ ਪੰਜਾਬੀ ਬੋਲੀ ਅਤੇ ਹਿੰਦੀ ਬੋਲੀ ਵਾਲੇ ਖੇਤਰ ਪਹਿਲਾਂ ਤੋਂ ਹੀ ਨਿਰਧਾਰਿਤ ਸਨ। ਕਮੀਸ਼ਨ ਨੂੰ 1961 ਦੇ ਜਨ-ਗਣਨਾ ਉੱਤੇ ਨਿਰਭਰ ਹੋਣ ਦਾ ਨਿਰਦੇਸ਼ ਦਿੱਤਾ ਗਿਆ ਸੀ ਜੋ ਕਿ ਸੰਪ੍ਰਦਾਈ ਆਧਾਰ ਤੇ ਕਾਂਗਰੇਸ ਵਲੋਂ ਹਿੰਦੂਆਂ ਦਾ ਆਪਣੀ ਭਾਸ਼ਾ ਹਿੰਦੀ ਦਰਜ ਕਰਨ ਵਜੋਂ ਉਪਯੋਗ ਕਰਕੇ ਅਤੇ ਰਾਜਨੀਤੀ ਵਿਚ ਸੰਪ੍ਰਦਾਈ ਰੰਗ ਭਰਣ ਲਈ ਹੋਰ ਸਾਂਪ੍ਰਦਾਇਕ ਤੱਤਾਂ ਨਾਲ ਕੀਤੀ ਗਈ ਸੀ। ਇਸ ਤੋਂ ਇਲਾਵਾ ਸੰਸਦੀ ਕਮੇਟੀ ਦੇ ਸੁਝਾਵਾਂ ਨੂੰ ਬੇਧਿਆਨਾ ਕਰ ਦਿੱਤਾ ਗਿਆ ਜਿਸ ਦੀ ਨਿਯੁਕਤੀ 1965 ਵਿਚ ਪੰਜਾਬ ਦੇ ਪੁਨਰਗਠਨ ਉੱਤੇ ਰਿਪੋਰਟ ਕਰਨ ਲਈ ਕੀਤੀ ਗਈ ਸੀ।

ਹੁਕਮ ਸਿੰਘ, ਲੋਕ ਸਭਾ ਦੇ ਵਕਤਾ ਅਤੇ ਇਸ ਸੰਸਦੀ ਕਮੇਟੀ ਦੇ ਚੇਅਰਮੈਨ ਨੇ ਮੁਕੱਰਰ ਕੀਤਾ ਕਿ:

"ਸੰਸਦ ਦੀ ਕਮੇਟੀ ਇਨ੍ਹਾਂ ਨਤੀਜੀਆਂ ਤੇ ਪਹੁੰਚੀ ਹੈ":

(i) ਮੌਜੂਦਾ ਪੰਜਾਬ ਰਾਜ ਦਾ ਭਾਸ਼ਾਈ ਆਧਾਰ ਤੇ ਪੁਨਰਗਠਨ ਕੀਤਾ ਜਾਵੇ।
(ii) ਪੰਜਾਬ ਖੇਤਰੀ ਕਮੇਟੀ 1957 ਦੇ ਆਦੇਸ਼ ਲਈ ਪਹਿਲੀ ਅਨੁਸੂਚੀ ਵਿਚ ਖ਼ਾਸ ਤੌਰ ਤੇ ਬਿਆਨ ਕੀਤੇ ਪੰਜਾਬੀ ਖੇਤਰ ਨੂੰ ਇੱਕੋ ਭਾਸ਼ਾ ਬੋਲਣ ਜਾਂ ਉਸਦਾ ਉਪਣੋਗ ਕਰਨ ਵਾਲਾ ਰਾਜ ਬਨਾਉਣਾ ਚਾਹੀਦਾ ਹੈ।



ਸ਼ਰਕਾਰ ਨੇ ਕਮੇਟੀ ਨੂੰ ਬਾਈਪਾਸ ਕਰ ਦਿੱਤਾ ਅਤੇ ਉਸਨੂੰ ਰੋਕ ਕੇ ਆਪਣੀ ਰਿਪੋਰਟ ਪੇਸ਼ ਕਰ ਦਿੱਤੀ। 1961 ਦੀ ਜਨ-ਗਣਨਾ ਨੂੰ ਆਧਾਰ ਅਤੇ ਪਿੰਡ ਦੀ ਥਾਂ ਤਹਿਸੀਲ ਬਣਾਉਂਦੇ ਹੋਏ ਸ਼ਾਹ ਕਮੀਸ਼ਨ ਨੂੰ ਬਾਅਦ ਦਾ ਸੰਦਰਭ ਪੰਜਾਬ ਦੇ ਵਿਰੁੱਧ ਪੂਰੀ ਤਰ੍ਹਾਂ ਭਰਿਆ ਹੋਇਆ ਸੀ, ਕਿਓਂ ਜੋ ਯੁਨਿਟ ਸਿੱਖਾਂ ਨੂੰ ਸਜਾ ਦੇਣ ਲਈ ਇਰਾਦਤਨ ਬਣਾਇਆ ਗਿਆ ਸੀ। 1961 ਦੀ ਜਨ-ਗਣਨਾ ਵਿਚ ਭਾਸ਼ਾ ਦੀ ਵਾਪਸੀ ਸਾਂਪ੍ਰਦਾਇਕ ਹੋਂਦ ਤੇ ਸੀ ਜਦੋਂ ਪੰਜਾਬੀ ਬੋਲਣ ਵਾਲੇ ਹਿੰਦੂਆਂ ਨੇ ਹਿੰਦੀ ਨੂੰ ਆਪਣੀ ਭਾਸ਼ਾ ਹੋਣ ਦਾ ਝੂਠਾ ਐਲਾਨ ਕਰ ਦਿੱਤਾ। ਇਸ ਲਈ ਨਿਰਧਾਰਣ ਭਾਸ਼ਾਈ ਆਧਾਰ ਦੀ ਥਾਂ ਸੰਪ੍ਰਦਾਈ ਤੇ ਹੋਣਾ ਸੀ। ਫਲਸਰੂਪ ਯੋਗਤਾ ਨੂੰ ਦੁਬਾਰਾ ਬੇਧਿਆਨਾ ਕਰ ਦਿੱਤਾ ਗਿਆ ਅਤੇ ਨਿਆਂ ਦਾ ਖੰਡਨ ਕਰ ਦਿੱਤਾ ਗਿਆ। (ਟਰਾਂਸਏਸ਼ਿਐਟਿੱਕ ਇੰਡੀਆ ਟਾਈਮਜ਼ ਲੰਡਨ, 1983, ਸਫਾ 21 ਵਿਚ ਉੱਧਰਿਤ ਹੁਕਮ ਸਿੰਘ ਵਲੋਂ ਲਿਖੀ "ਸਿੱਖਾਂ ਨਾਲ ਧੋਖਾ")।
ਸੰਸਦ ਦੀ ਕਮੇਟੀ ਦੀ ਰਿਪੋਰਟ ਨੂੰ ਬੇਧਿਆਨਾ ਕਰਨ ਦਾ ਕੋਈ ਕਾਰਣ ਨਹੀਂ ਹੋ ਸਕਦਾ ਸੀ, ਬਲਕਿ ਸੰਸਦ ਦੇ ਪ੍ਰਤਿਨਿਧੀਆਂ ਦੀ ਰਿਪੋਰਟ ਹੁੰਦੇ ਹੋਏ ਇਸਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਪਹਿਲਾਂ ਤੋਂ ਹੀ

ਨਿਰਧਾਰਿਤ ਕੀਤੇ ਗਏ ਪੰਜਾਬੀ ਬੋਲੀ ਵਾਲੇ ਇਲਾਕਿਆਂ ਨੂੰ ਪੰਜਾਬ ਦਾ ਨਵਾਂ ਰਾਜ ਐਲਾਨਣ ਦੀ ਹੋਰ ਵੱਧ ਸਫਾਈ ਨਹੀਂ ਹੋ ਸਕਦੀ, ਜੋ ਬਹੁਤ ਹੀ ਸਾਫ ਮਸਲਾ ਹੈ, ਬਹੁਤ ਹੀ ਨਿਆਂਪੂਰਨ ਨਿਰਣੈ ਹੈ। ਪਰ ਸਪਸ਼ਟ ਰੂਪ ਵਿਚ ਪੰਜਾਬ ਨੂੰ ਇਸਦੀ ਰਾਜਧਾਨੀ ਚੰਡੀਗੜ੍ਹ ਅਤੇ ਕੁਝ ਪੰਜਾਬੀ ਬੋਲੀ ਵਾਲੇ ਇਲਾਕਿਆਂ ਤੋਂ ਵਾਂਝਾ ਕਰਨ ਲਈ, ਉਲਝਨਾਂ ਪੈਦਾ ਕਰਨੀਆਂ ਪੈਣੀਆਂ ਸਨ, ਜਟਿਲਤਾ ਬਨਾਉਣੀ ਪੈਣੀ ਸੀ ਜੋ ਕਿ ਸੰਸਦ ਦੀ ਰਿਪੋਰਟ ਨੂੰ ਸਵਿਕਾਰ ਕਰਕੇ ਅਤੇ ਹਿੰਦੀ ਅਤੇ ਪੰਜਾਬੀ ਬੋਲੀ ਵਾਲੇ ਖੇਤਰਾਂ ਦੀ ਨਿਰਧਾਰਿਤ ਸੀਮਾ, ਜੋ ਕਿ ਪਹਿਲਾਂ ਹੀ 1949 ਤੋਂ ਕਿਰਿਆਸ਼ੀਲ ਸੀ ਅਤੇ 1957 ਵਿਚ ਭਾਰਤ ਸਰਕਾਰ ਵਲੋਂ ਖੇਤਰੀ ਕੌਂਸਲਾਂ ਦੇ ਨਿਰਮਾਣ ਲਈ ਅਪਨਾਈ ਗਈ ਸੀ, ਨੂੰ ਸਵੀਕਾਰ ਕਰਕੇ ਨਹੀਂ ਕੀਤਾ ਜਾ ਸਕਦਾ ਸੀ। ਇਹ ਅਸਲ ਵਿਚ ਉਦੋਂ ਹੋਇਆ ਜਦੋਂ ਸ਼ਾਹ ਕਮੀਸ਼ਨ ਨੇ ਆਪਣੀ ਰਿਪੋਰਟ ਵਿਚ ਖਰੜ ਤਹਿਸੀਲ ਦੇ ਨਾਲ ਰਾਜਧਾਨੀ ਚੰਡੀਗੜ੍ਹ, ਜੋ ਕਿ ਸਰਕਾਰ ਵਲੋਂ ਜ਼ਬਤ ਕੀਤੇ ਗਏ ਖਰੜ ਤਹਿਸੀਲ ਦੇ ਇਲਾਕਿਆਂ ਵਿਚ ਸੀ ਅਤੇ ਜੋ ਪੰਜਾਬੀ ਬੋਲੀ ਵਾਲੇ ਇਲਾਕਿਆਂ ਦਾ ਹਿੱਸਾ ਸੀ, ਨੂੰ ਹਰਿਆਣਾ ਲਈ ਨਿਰਧਾਰਿਤ ਕਰ ਦਿੱਤਾ। ਇਸਦੀ ਕੋਈ ਵਿਆਖਿਆ ਨਹੀਂ ਹੈ ਕਿ ਕਿਉਂ ਸ਼ਾਹ ਕਮੀਸ਼ਨ ਨੇ 1999 ਵਿਚ ਪੰਜਾਬ ਸਰਕਾਰ ਵਲੋਂ ਪਹਿਲਾਂ ਹੀ ਨਿਰਧਾਰਿਤ ਕੀਤੀ ਗਈ ਸੀਮਾ ਨੂੰ ਬੇਧਿਆਨਾ ਕਰ ਦਿੱਤਾ, ਜਿੱਥੇ ਕਿ ਖਰੜ ਤਹਿਸੀਲ ਵੀ ਪੰਜਾਬੀ ਬੋਲੀ ਵਾਲੇ ਖੇਤਰ ਵਿਚ ਸੀ ਅਤੇ 1957 ਵਿਚ ਵੀ ਸੀ, ਭਾਰਤ ਸਰਕਾਰ ਵਲੋਂ ਖੇਤਰੀ ਕੌਂਸਲ ਸਥਾਪਿਤ ਕੀਤੇ ਗਏ ਅਤੇ ਪਿਛਲੇ ਦੋ ਦਹਾਕਿਆਂ ਤੋਂ ਭਾਸ਼ਾ ਅਤੇ ਹੋਰ ਉਦੇਸ਼ਾਂ ਲਈ, ਬਿਨਾਂ ਕਿਸੇ ਇਤਰਾਜ਼ ਦੇ ਇਸੇ ਤਰ੍ਹਾਂ ਕੰਮ ਕਰ ਰਹੇ ਹਨ।

ਭਾਰਤ ਸਰਕਾਰ ਕਦੇ ਵੀ ਪੰਜਾਬੀ ਬੋਲੀ ਵਾਲੀ ਖਰੜ ਤਹਿਸੀਲ ਨੂੰ ਹਰਿਆਣਾ ਨੂੰ ਦੇਣ ਦੀ ਸ਼ਾਹ ਕਮੀਸ਼ਨ ਦੀ ਇਹੋ ਜਿਹੀ ਰਿਪੋਰਟ ਨੂੰ ਸਵੀਕਾਰ ਨਹੀਂ ਕਰ ਸਕਦੀ ਸੀ। ਇਸਲਈ ਇਸਨੇ ਇਸ ਸੰਦਰਭ ਵਿਚ ਰਿਪੋਰਟ ਨੂੰ ਖਾਰਿਜ ਕਰ ਦਿੱਤਾ ਅਤੇ ਖਰੜ ਤਹਿਸੀਲ ਨੂੰ ਪੰਜਾਬੀ ਬੋਲੀ ਵਾਲਾ ਖੇਤਰ ਹੋਣ ਕਰਕੇ ਪੰਜਾਬ ਵਿਚ ਸ਼ਾਮਲ ਕਰ ਦਿੱਤਾ। ਪਰ ਭਾਰਤ ਸਰਕਾਰ ਨੇ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਨਹੀਂ ਸੌਂਪੀ ਹਾਲਾਂਕਿ ਇਹ ਖਰੜ ਤਹਿਸੀਲ ਦੇ ਇਲਾਕੇ ਵਿਚ ਸੀ ਅਤੇ ਬਲਕਿ ਇਸਨੂੰ ਸੰਘ ਕੇਂਦਰ ਸ਼ਾਸਿਤ ਬਣਾ ਦਿੱਤਾ ਜੋ ਕਿ ਸਿੱਧੇ ਤੌਰ ਤੇ ਸੰਘ ਸਰਕਾਰ ਦੇ ਅਧੀਨ ਸੀ। ਪੰਜਾਬ ਅਤੇ ਹਰਿਆਣਾ ਨੂੰ ਰਾਜਧਾਨੀ ਦੇ ਸਚਿਵਾਲਾ ਭਵਨ ਵਿਚ ਆਪਣੇ ਸਚਿਵਾਲਯ ਜਾਰੀ ਰੱਖਣ ਦੀ ਮੰਜੂਰੀ ਦੇ ਦਿੱਤੀ ਗਈ ਸੀ। ਹਾਈ ਕੋਰਟ ਨੂੰ ਵੀ ਪੰਜਾਬ ਅਤੇ ਹਰਿਆਣਾ ਲਈ ਸਾਂਝਾ ਰੱਖਿਆ ਗਿਆ ਸੀ। ਮੈਡੀਕਲ ਅਤੇ ਰਿਸਰਚ ਸੰਸਥਾਨ ਅਤੇ ਪੰਜਾਬ ਯੁਨੀਵਰਸਿਟੀ ਨੂੰ ਵੀ ਭਾਰਤ ਦੀ ਕੇਂਦਰੀ ਸਰਕਾਰ ਦੇ ਸਿੱਧੇ ਨਿਯੰਤਰਣ ਹੇਠ ਲੈ ਲਿਆ ਗਿਆ ਸੀ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਅਤੇ ਪੰਜਾਬ ਦੇ ਉੱਚ ਪੱਧਰ ਦੇ ਮੈਡੀਕਲ ਅਤੇ ਸਿਖਿਅਕ ਸੰਸਥਾਨਾਂ ਅਤੇ ਕੁਝ ਹੋਰ ਪੰਜਾਬੀ ਬੋਲੀ ਵਾਲੇ ਖੇਤਰ ਜੋ ਪੰਜਾਬ ਵਿਚ ਸ਼ਾਮਲ ਨਹੀਂ ਸਨ, ਦੇ ਉੱਤੇ ਇਹ ਅਧਿਕਾਰਕ ਕਬਜ਼ਾ, ਪੰਜਾਬ ਅਤੇ ਇਸਦੇ ਲੋਕਾਂ ਲਈ ਸਵੀਕਾਰਯੋਗ ਨਹੀਂ ਸੀ। ਅਕਾਲੀ ਨੇਤਾਵਾਂ ਨੇ ਅਖਬਾਰਾਂ ਵਿਚ ਬਿਆਨ ਦਿੱਤੇ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਛੱਡੇ ਗਏ ਪੰਜਾਬੀ ਬੋਲੀ ਵਾਲੇ ਹੋਰ ਖੇਤਰ ਪੰਜਾਬ ਨੂੰ ਸੌਂਪੇ ਜਾਣੇ ਚਾਹੀਦੇ ਹਨ।

-36-

ਸੰਤ ਫਤਹਿ ਸਿੰਘ, ਅਕਾਲੀ ਦਲ ਦੇ ਪ੍ਰਧਾਨ ਨੇ ਸ਼ਾਂਤੀਪੂਰਵਕ ਅੰਦੋਲਨ ਅਤੇ ਹਜ਼ਾਰਾਂ ਪੰਜਾਬੀਆਂ ਅਤੇ ਖ਼ਾਸਕਰ ਕੇ ਸਿੱਖਾਂ ਦੀ ਸਵੈਇੱਛਤ ਗਿਰਫਤਾਰੀਆਂ ਤੋਂ ਇਲਾਵਾ, ਮੌਤ ਦੇ ਆਧਾਰ ਤੱਕ ਵਰਤ ਰੱਖੇ ਅਤੇ ਦੋ ਬਾਰ ਆਤਮਦਾਹ ਦੀ ਯੋਜਨਾ ਬਣਾਈ, ਪਰ ਉਸਦੇ ਆਖਿਰੀ ਪਲਾਂ ਵਿਚ ਪੰਜਾਬ ਨੂੰ ਉਸਦੀ ਰਾਜਧਾਨੀ ਸੌਂਪ ਦਿੱਤੀ ਜਾਣ ਦੇ ਪ੍ਰਧਾਨ ਮੰਤਰੀ ਦੇ ਵਲੋਂ ਯਕੀਨ ਦਵਾਏ ਜਾਣ ਤੇ ਉਸਦੀ ਜਾਨ ਬਚਾਈ ਗਈ। ਉਸਨੇ ਬਾਅਦ ਵਿਚ ਇਹ ਸ਼ਰਤ ਰੱਖੀ ਕਿ ਪੰਜਾਬ ਨੂੰ ਅਬੋਹਰ ਅਤੇ ਫਾਜ਼ਿਲਕਾ, ਸਭ ਤੋਂ ਵਧਿਆ ਕਪਾਹ ਵਾਲੇ ਖੇਤਰ, ਦੇ 114 ਪਿੰਡ ਹਰਿਆਣਾ ਨੂੰ ਦੇਣੇ ਪੈਣਗੇ, ਜਿਸਦਾ ਸਪਸ਼ਟ ਰੂਪ ਵਿਚ ਕੋਈ ਮਤਲਬ ਨਹੀਂ ਸੀ। ਪੰਜਾਬ ਨੇ ਇਸ ਸ਼ਰਤ ਨੂੰ ਪੂਰੀ ਤਰ੍ਹਾਂ ਨਾਮੰਜ਼ੂਰ ਕਰ ਦਿੱਤਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਇਹ ਪੰਜਾਬ ਨੂੰ ਬਿਨਾਂ ਕਿਸੇ ਸ਼ਰਤ ਦੇ ਸੌਂਪਿਆ ਜਾਣਾ ਚਾਹੀਦਾ ਹੈ। ਅਕਾਲੀ ਦਲ ਮਤਾ ਪਾਸ ਕਰਦੇ ਹੋਏ ਅਤੇ ਸ਼ਾਂਤੀਪੂਰਵਕ ਅੰਦੋਲਨ ਦੇ ਚਲਦੇ ਪੰਜਾਬ ਦੇ ਹਜ਼ਾਰਾਂ ਲੋਕਾਂ ਦੀ ਗਿਰਫਤਾਰੀਆਂ ਨਾਲ ਭਾਰਤ ਸਰਕਾਰ ਨਾਲ ਲਗਾਤਾਰ ਵਿਵਾਦਾਂ ਵਿਚ ਰਿਹਾ ਪਰ ਜਿਸਦਾ ਕੋਈ ਅਸਰ ਨਹੀਂ ਸੀ। 1985 ਵਿਚ ਰਾਜੀਵ-ਲੌਂਗੋਵਾਲ ਸਮਝੌਤਾ, ਜਿਸਨੂੰ ਪੰਜਾਬ ਦਾ ਸਮਝੌਤਾ ਕਿਹਾ ਗਿਆ ਵਿਚ ਖੰਡ ਪਾਇਆ ਗਿਆ ਸੀ ਕਿ ਚੰਡੀਗੜ੍ਹ 26 ਜਨਵਰੀ 1984 ਤੱਕ ਪੰਜਾਬ ਨੂੰ ਸੌਂਪ ਦਿੱਤਾ ਜਾਵੇਗਾ ਪਰ ਇਹ ਲਾਗੂ ਨਹੀਂ ਕੀਤਾ ਗਿਆ। ਕੋਈ ਇਲਾਜ ਨਹੀਂ ਸੀ ਕਿਉਂ ਜੋ ਸਮਝੌਤੇ ਦੀ ਕੋਈ ਕਾਨੂੰਨੀ ਵੈਧਤਾ ਨਹੀਂ ਸੀ। ਗ਼ੈਰ-ਕਾਨੂੰਨੀ ਅਤੇ ਅਨੁਚਿਤ ਢੰਗ ਨਾਲ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਗ਼ੈਰ ਅਧਿਕਾਰਕ ਕਬਜ਼ਾ ਅਜੇ ਵੀ ਜਾਰੀ ਹੈ।

ਚੰਡੀਗੜ੍ਹ ਨੂੰ ਰਾਜਧਾਨੀ ਬਨਾਉਣ ਦੀ ਏਵਜ਼ ਵਿਚ ਹਰਿਆਣਾ ਨੂੰ ਦਿੱਤੇ ਜਾਣ ਵਾਲੇ ਇਸਦੇ ਨੇੜਲੇ ਇਲਾਕਿਆਂ ਦੀ ਸੀਮਾ ਨਿਰਧਾਰਿਤ ਕਰਨ ਲਈ ਕਮੀਸ਼ਨਰ ਦੀ ਨਿਯੁਕਤਿ ਵਿਚ ਕੇਂਦਰ ਸਰਕਾਰ ਵਲੋਂ ਪੰਜਾਬ ਅਤੇ ਇਸਦੇ ਲੋਕਾਂ ਉੱਤੇ ਰਾਜਨੀਤਕ ਮਜਾਕ ਕੀਤਾ ਗਿਆ ਸੀ ਪਰ ਕਿਸੀ ਨੇ ਇਹ ਨਹੀਂ ਕੀਤਾ, ਹਾਲਾਂਕਿ ਇਨ੍ਹਾਂ ਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਜੱਜਾਂ ਦੀ ਕਾਬਲੀਅਤ ਵਾਲੇ ਲੋਕ ਕਰ ਰਹੇ ਸਨ ਅਤੇ ਕੰਮ ਬਹੁਤ ਛੋਟਾ ਸੀ। ਅਕਤੂਬਰ 1985 ਵਿਚ ਜਸਟਿਸ......... ਦੀ ਸਰਪ੍ਰਸਤੀ ਹੇਠ ਕਮੀਸ਼ਨ ਨਿਯੁਕਤ ਕੀਤੀ ਗਈ। ਉਸਨੇ ਅਬੋਹਰ ਅਤੇ ਫਾਜ਼ਿਲਕਾ ਦੇ ਇਲਾਕੇ ਨੂੰ ਹਰਿਆਣਾ ਨਾਲ ਮਿਲਾਉਣ ਲਈ ਖੰਡੂ ਖੇਰਾ ਪਿੰਡ, ਪੰਜਾਬੀ ਬੋਲੀ ਵਾਲਾ ਇਲਾਕਾ, ਨੂੰ ਹਿੰਦੀ ਬੋਲੀ ਵਿਚ ਬਦਲਣ ਲਈ, ਇਸਦੀ ਗਣਨਾ ਕਰਵਾਈ। ਉਸ ਇਲਾਕੇ ਦੇ ਲੋਕਾਂ ਨੇ ਦੁਬਾਰਾ ਆਪਣੇ ਪੰਜਾਬੀ ਬੋਲੀ ਦੇ ਹੋਣ ਦਾ ਦਾਵਾ ਕੀਤਾ। ਜਨਵਰੀ 26 1986 ਤੋਂ ਪੰਜਾਬ ਨੂੰ ਚੰਡੀਗੜ੍ਹ ਦੇਣ ਵਿਚ ਅੜਿੱਕਾ ਪਾਉਂਦਿਆਂ, ਕਮੀਸ਼ਨ ਨੇ ਕੋਈ ਵੀ ਠੋਸ ਫ਼ੈਸਲਾ ਦੇਣ ਤੋਂ ਆਪਣੇ ਹੱਥ ਚੁੱਕ ਲਏ। ਅਪ੍ਰੈਲ 12, 1986 ਨੂੰ ਜਸਟਿਸ ਵੈਂਕਟਾ ਰੱਮਇਆ੍ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਦੀ ਏਵਜ਼ ਵਿਚ ਹਰਿਆਣਾ ਲਈ ਹਿੰਦੀ ਬੋਲੀ ਵਾਲੇ ਇਲਾਕਿਆਂ ਦੇ ਸੀਮਾ ਨਿਰਧਾਰਣ ਲਈ ਦੂਜਾ ਕਮੀਸ਼ਨ ਨਿਯੁਕਤ ਕੀਤਾ ਗਿਆ। ਇਸ ਕਮੀਸ਼ਂ ਨੇ ਕਿਹਾ ਕਿ ਪੰਜਾਬ ਵਲੋਂ ਹਰਿਆਣਾ ਨੂੰ 70,000 ਏਕੜ ਜਮੀਨ ਦਿੱਤੀ ਜਾਣੀ ਚਾਹੀਦੀ ਹੈ। ਉਸ ਨੇ ਮਨੀ ਮਾਜਰਾ ਦੇ ਇਰਦ ਗਿਰਦ ਪੰਜਾਬ ਦੀ 45,000 ਏਕੜ ਜਮੀਨ ਨੂੰ ਨਿਰਧਾਰਿਤ ਕੀਤਾ ਅਤੇ 25,000 ਏਕੜ ਜਮੀਨ ਦਾ ਨਿਰਧਾਰਣ ਕਰਨ ਲਈ ਇੱਕ ਹੋਰ ਕਮੀਸ਼ਨ ਨਿਯੁਕਤ ਕਰਨ ਦਾ ਸੁਝਾਅ ਦਿੱਤਾ। ਉਹ ਆਪ ਕਿਉਂ ਨਹੀਂ ਕਰ ਸਕਦਾ ਸੀ। ਕੋਈ ਸਫ਼ਾਈ ਨਹੀਂ। ਪਹਿਲੀ ਕਮੀਸ਼ਨ ਵਲੋਂ ਅਧੂਰੇ ਛੱਡੇ ਗਏ ਕੰਮ ਨੂੰ ਪੂਰਾ ਕਰਨ ਲਈ ਜੂਨ 20, 1986 ਨੂੰ ਤੀਸਰੀ ਕਮੀਸ਼ਨ ਨਿਯੁਕਤ ਕੀਤੀ ਗਈ ਸੀ। ਪੰਜਾਬ ਸਰਕਾਰ ਨੇ ਇਸਦਾ ਬਾਈਕਾਟ ਕਰਨ ਦਾ ਫ਼ੈਸਲਾ ਲਿਆ ਕਿਉਂ ਜੋ ਇਸਦੇ ਸੰਦਰਭ ਦੇ ਨਿਯਮ ਅਸਪਸ਼ਟ ਸਨ। ਇਸਲਈ ਇਹ ਨਤੀਜਾ ਵੀ ਇਸਦੇ ਪੂਰਵਜਾਂ ਵੱਲ ਹੀ ਗਿਆ। ਇਸ ਤਰ੍ਹਾਂ ਤਿੰਨ ਕਮੀਸਨਾਂ ਦੀ ਪ੍ਰਧਾਨਗੀ ਕਰ ਰਹੇ ਸੁਪਰੀਮ ਕੋਰਟ ਦੇ ਅਹੁਦੇ ਵਾਲੇ ਜੱਜ ਅਜਿਹੇ ਛੋਟੇ ਮਸਲੇ ਤੇ ਪੱਕੇ ਤੌਰ ਤੇ ਕੋਈ ਫ਼ੈਸਲਾ ਨਹੀਂ ਸੁਣਾ ਸਕੇ।

ਲੋਕਾਂ ਦਾ ਇਹ ਕੁਦਰਤੀ ਸਿੱਟਾ ਕਿ ਕੇਂਦਰ ਸਰਕਾਰ ਚੰਡੀਗੜ ਉਨ੍ਹਾਂ ਨੂੰ ਸੌਂਪੇ ਜਾਣ ਲਈ ਇਮਾਨਦਾਰ ਨਹੀਂ ਹੈ ਅਤੇ ਇਸ ਨੂੰ ਇਨ੍ਹਾਂ ਕਮੀਸ਼ਨਾਂ ਦੀ ਆਪਣੀ ਨੀਤੀ ਤਹਿਤ ਲਟਕਾਉਣਾ ਚਾਹੁੰਦੀ ਹੈ, ਬਿਨਾਂ ਇਸ ਗੱਲ ਦੀ ਪਰਵਾਹ ਕੀਤਿਆਂ ਕਿ ਇਹ ਨਾ ਸਿਰਫ ਇਸਦੀ ਵਿਸ਼ਵਾਸਯੋਗਤਾ ਨੂੰ ਘਟਾਉਂਦਾ ਹੈ ਪਰ ਸੁਪਰੀਮ ਕੋਰਟ ਦੇ ਜੱਜਾਂ ਦੀ ਅਗੁਵਾਈ ਹੇਠ ਬਣਾਏ ਜਾਂਦੇ ਇਨ੍ਹਾਂ ਕਮੀਸ਼ਨਾਂ ਨੂੰ ਇਕ ਵੱਡਾ ਮਜ਼ਾਕ ਬਣਾਉਂਦਾ ਹੈ, ਜੋ ਕਿ ਲੋਕਾਂ ਦਰਮਿਆਨ ਉਨ੍ਹਾਂ ਵਿਚਲੇ ਵਿਸ਼ਵਾਸ ਨੂੰ ਹਿਲਾਉਂਦਾ ਹੈ। ਕੇਂਦਰ ਸਰਕਾਰ ਵਲੋਂ ਕੋਈ ਹੋਰ ਕਦਮ ਚੰਡੀਗੜ ਰਾਜਧਾਨੀ ਨੂੰ ਪੰਜਾਬ ਨੂੰ ਦਿੱਤੇ ਜਾਣ ਲਈ ਕੋਈ ਹੋਰ ਕਦਮ ਨਹੀਂ ਉਠਾਇਆ ਗਿਆ।

-37-

ਪਿਛਲੇ ਚਾਰ ਦਹਾਕਿਆਂ ਵਿਚ ਕੇਂਦਰ ਸਰਕਾਰ ਵਲੋਂ ਪੰਜਾਬ ਨੂੰ ਇਸਦੀ ਰਾਜਧਾਨੀ, ਚੰਡੀਗੜ੍ਹ ਸੌਂਪਣ ਲਈ ਕਈ ਐਲਾਨ ਕੀਤੇ ਗਏ ਸਨ, ਜੋ ਆਪ ਹੀ ਦਰਸ਼ਾਂਦਾ ਹੈ ਕਿ ਪੰਜਾਬ ਦੇ ਕਾਨੂੰਨੀ ਦਾਵੇ ਦੇ ਯੋਗ ਹੋਣ ਕਰਕੇ ਕੇਂਦਰ ਸਰਕਾਰ ਪੂਰੀ ਤਰ੍ਹਾਂ ਇਸ ਤੋਂ ਨਾਂਹ ਨਹੀਂ ਕਰ ਸਕਦੀ, ਪਰ ਗੁਪਤ ਈਰਾਦਿਆਂ ਦੇ ਚਲਦੇ ਇਸਦੇ ਤਬਾਦਲੇ ਵਿਚ ਦੇਰੀ ਲਈ, ਗ਼ੈਰ ਕਾਨੂੰਨੀ ਅਤੇ ਅਨੁਚਿਤ ਸ਼ਰਤਾਂ ਰੱਖੀਆਂ ਗਈਆਂ ਸਨ, ਜੋ ਹਾਲਾਤ ਦੇ ਮੁਤਾਬਕ ਭਿੰਨ ਸਨ, ਅਬੋਹਰ ਅਤੇ ਫਾਜ਼ਿਲਕਾ ਦੇ 114 ਪਿੰਡਾਂ ਦੇ ਤਬਾਦਲੇ ਤੋਂ ਲੈ ਕੇ, ਚੰਡੀਗੜ੍ਹ ਦੇ ਨਾਲ ਲੱਗਦੇ ਇਲਾਕਿਆਂ ਤੱਕ।

ਭਾਰਤ ਸਰਕਾਰ ਨੂੰ ਇਸ ਮਸਲੇ ਨੂੰ ਹੋਰ ਲੰਬਾ ਨਹੀਂ ਖਿੱਚਣਾ ਚਾਹੀਦਾ ਅਤੇ ਬਿਨਾਂ ਕਿਸੇ ਸ਼ਰਤ ਦੇ ਚੰਡੀਗੜ੍ਹ, ਪੰਜਾਬ ਨੂੰ ਸੌਂਪ ਦੇਣਾ ਚਾਹੀਦਾ ਹੈ। ਕਿਸੇ ਵੀ ਪਾਸੇ ਤੋਂ ਨਿਰੀਖਣ ਕਰਦਿਆਂ, ਪੰਜਾਬ ਨੂੰ ਇਸਦੀ ਰਾਜਧਾਨੀ, ਚੰਡੀਗੜ੍ਹ ਤੋਂ ਵਾਂਝਾ ਕਰ ਦੇਣ ਦਾ ਬਿਲਕੁਲ ਵੀ ਕੋਈ ਜਾਇਜ਼ ਕਾਰਣ ਨਹੀਂ ਸੀ। ਹਰਿਆਣਾ ਦਾ ਇਸ ਉੱਪਰ ਕੋਈ ਅਧਿਕਾਰ ਨਹੀਂ ਹੋ ਸਕਦਾ। ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਹਰਿਆਣਾ ਨੂੰ ਸਾਹਮਣੇ ਲੈ ਕੇ ਆਈ, ਜਦੋਂ ਉਸਨੇ ਪੰਜਾਬ ਦੇ 114 ਪਿੰਡਾਂ ਨੂੰ ਪੰਜਾਬ ਦੀ ਥਾਂ ਹਰਿਆਣਾ ਨੂੰ ਦਿੱਤੇ ਜਾਣ ਦੀ ਸ਼ਰਤ ਰੱਖੀ। ਰਾਜਧਾਨੀ ਚੰਡੀਗੜ੍ਹ ਪੰਜਾਬੀ ਬੋਲੀ ਵਾਲੇ ਇਲਾਕਿਆਂ ਵੱਲ ਦੀ ਸੀ, ਜਿਸ ਨੂੰ ਪੰਜਾਬ ਰਾਜ ਨੇ ਹਜ਼ਾਰਾਂ ਜਮੀਨਾਂ ਦੇ ਮਾਲਕਾਂ, ਜੋ ਪੰਜਾਬੀ ਬੋਲੀ ਵਾਲੇ ਇਲਾਕਿਆਂ ਵਿਚ ਰਹਿੰਦੇ ਸਨ, ਕੋਲੋਂ ਲਿਆ ਸੀ। ਸਮੁੱਚੇ ਭਾਰਤ ਵਿਚ ਪੂਨਰਗਠਿਤ ਰਾਜਾਂ ਦੀ ਰਾਜਧਾਨੀ ਉਨ੍ਹਾਂ ਰਾਜਾਂ ਵਿਚ ਹੀ ਰਹੀ ਹੈ। ਸਿਰਫ ਸ਼ਾਹ ਕਮੀਸ਼ਨ ਦੀ ਰਿਪੋਰਟ ਹਰਿਆਣਾ ਵਿਚ ਕੋਈ ਅਧਿਕਾਰ ਪ੍ਰਦਾਨ ਨਹੀਂ ਕਰਦੀ ਸੀ, ਜਿਸ ਨੂੰ ਪੂਰੀ ਤਰ੍ਹਾਂ ਗ਼ਲਤ ਮੰਨਦੇ ਹੋਏ ਭਾਰਤ ਸਰਕਾਰ ਨੇ

ਨਾਮੰਜ਼ੂਰ ਕਰ ਦਿੱਤਾ ਸੀ, ਜਿੱਥੇ ਤੱਕ ਕਿ ਤਹਿਸੀਲ ਖਰੜ ਦਾ ਸੰਬੰਧ ਹੈ ਅਤੇ ਜਿਨ੍ਹਾਂ ਇਲਾਕਿਆਂ ਵਿਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਬਣਾਇਆ ਗਿਆ ਸੀ। ਜੋ ਗੁਪਤ ਈਰਾਦੇ ਪੰਜਾਬ ਦੇ ਪੁਨਰਗਠਨ ਵੇਲੇ ਸਨ ਉਹ ਅਜੇ ਵੀ ਮੌਜੂਦ ਹਨ। ਇਹ ਨਿਆਂ ਕਰਨ ਅਤੇ ਗ਼ਲਤ ਨੂੰ ਖ਼ਤਮ ਕਰਨ ਦਾ ਸਮਾਂ ਹੈ।

## ਹੱਲ:

(vii) ਇਸ ਪੇਚੀਦੇ ਮਸਲੇ ਨੂੰ, ਆਖਿਰਕਾਰ ਭਾਰਤ ਸਰਕਾਰ ਵਲੋਂ ਹੀ ਹੱਲ ਕੀਤਾ ਜਾਣਾ ਹੈ ਜਿਸਨੇ ਪ੍ਰਭਾਵਿਤ ਹੋਏ ਲੋਕਾਂ ਦੇ ਸਹਿਯੋਗ ਨਾਲ ਅਤੇ ਉਨ੍ਹਾਂ ਦੀ ਤਸੱਲੀ ਲਈ ਇਸਨੂੰ ਬਣਾਇਆ ਸੀ। ਹਰ ਕੋਈ ਸਿਰਫ ਉਦੋਂ ਹੀ ਸੰਤੋਸ਼ ਮਹਿਸੂਸ ਕਰ ਸਕਦਾ ਹੈ ਜੇ ਉਦੇਸ਼ ਦੀ ਈਮਾਨਦਾਰੀ ਦੇ ਨਾਲ ਕਾਨੂੰਨ ਅਤੇ ਸੰਵਿਧਾਨ ਦੇ ਨਿਯਮਾਂ ਅਤੇ ਸਮਾਨਤਾ, ਨਿਆਂ ਅਤੇ ਸਦਾਚਾਰ ਦੇ ਸਿਧਾਂਤਾਂ ਨੂੰ ਲਾਗੂ ਕੀਤਾ ਜਾਵੇ। ਉਹ ਸਾਰੇ ਕਾਨੂੰਨ ਅਤੇ ਸਿਧਾਂਤ ਪੰਜਾਬ ਅਤੇ ਇਸਦੇ ਲੋਕਾਂ ਦੇ ਹੱਕ ਵਿਚ ਹੋਣ। ਪੰਜਾਬ ਦੇ ਦਰਿਆਈ ਪਾਣੀ ਪਹਿਲਾਂ ਸਿਰਫ ਇਸਦੀ ਆਪ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਹੋਣੇ ਚਾਹੀਦੇ ਹਨ। ਇਹ ਪੰਜਾਬ ਦੇ ਨਿਵੇਕਲੇ ਅਧਿਕਾਰ ਖੇਤਰ ਦੇ ਅਧੀਨ ਹਨ, ਜਿਵੇਂ ਕਿ ਰਾਜ ਸੂਚੀ ਅਤੇ ਭਾਰਤੀ ਸੰਵਿਧਾਨ ਵਿਚ ਦੱਸਿਆ ਗਿਆ ਹੈ। ਰੀਪੇਰੀਅਨ ਕਾਨੂੰਨ, ਪੰਜਾਬ ਦੇ ਦਰਿਆਈ ਪਾਣੀਆਂ ਨੂੰ, ਬਿਨਾਂ ਕਿਸੇ ਹੋਰ ਰਾਜ ਦੇ ਜਾਇਜ਼ ਅਧਿਕਾਰ ਦੇ, ਸਿਰਫ ਪੰਜਾਬ ਲਈ ਹੀ ਨਿਰਧਾਰਿਤ ਕਰਦਾ ਹੈ। ਸਰਕਾਰਾਂ ਅਤੇ ਲੋਕਾਂ, ਜਿਨ੍ਹਾਂ ਨੂੰ, ਇੰਨਾਂ ਦਰਿਆਈ ਪਾਣੀਆਂ ਦੀ ਗ਼ੈਰ ਕਾਨੂੰਨੀ ਵੰਡ ਕੀਤੀ ਗਈ ਸੀ, ਨੂੰ ਇਨ੍ਹਾਂ ਪਹਿਲੂਆਂ ਤੇ ਰਾਜ਼ੀ ਕਰਨਾ ਚਾਹੀਦਾ ਹੈ ਅਤੇ ਜ਼ਿਆਦਾ ਇਸ ਲਈ ਕਿ ਜੇਕਰ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਪੂਰੀ ਤਰ੍ਹਾਂ ਪੰਜਾਬ ਦੀਆਂ ਜਮੀਨਾਂ ਲਈ ਨਾ ਵਰਤਿਆ ਗਿਆ ਤਾਂ ਪੰਜਾਬ ਦੀਆਂ ਇਹ ਜਮੀਨਾਂ ਮੁਰਥਲ ਅਤੇ ਖੇਤੀ ਲਈ ਅਯੋਗ ਬਣ ਜਾਣਗੀਆਂ...... ਕਿਉਂ ਜੋ ਨੇੜਲੇ ਭਵਿੱਖ ਵਿਚ ਟਿਊਬਵੈੱਲ ਤੋਂ ਪਾਣੀ ਉਪਲੱਬਧ ਕਰਨਾ ਨਾਮੁਮਕਿਨ ਹੋ ਜਾਵੇਗਾ।

-38-

ਹੁਕਮ ਸਿੰਘ, ਲੋਕ ਸਭਾ ਸਪੀਕਰ, ਜੋ ਕਾਂਗਰਸ ਦਾ ਉਮੀਦਵਾਰ ਸੀ, ਉਸਦੇ ਪਹਿਲਾਂ ਲਿਖੇ ਗਏ ਲੇਖ ਵਿਚ ਕੀਤੀ ਗਈ ਜਾਂਚ ਲਈ ਭੇਜਿਆ ਜਾ ਸਕਦਾ ਹੈ:

"ਜੇ ਪੰਜਾਬੀ ਸੂਬਾ ਆਰਾਮ ਨਾਲ ਭਾਸ਼ਾਈ ਆਧਾਰ ਤੇ ਨਿਰਧਾਰਿਤ ਕਤਿਾ ਜਾਂਦਾ ਅਤੇ 1961 ਦੇ ਝੂਠੇ ਰਿਟਰਨਾਂ ਤੇ ਨਹੀਂ ਤਾਂ ਉੱਥੇ ਕੋਈ ਉੱਗਰਪੰਥੀ ਅੰਦੋਲਨ ਨਹੀਂ ਹੋਣਾ ਸੀ। ਹਿੰਦੂ ਅਤੇ ਸਿੱਖਾਂ ਵਿਚ ਤਨਾਅ ਉਦੋਂ ਤੱਕ ਜਾਰੀ ਰਹੇਗਾ ਜੱਦ ਤੱਕ ਕਿ ਹਿੰਦੂਆਂ ਦਾ ਸਾਂਪ੍ਰਦਾਇਕ ਖੰਡ ਬੁੱਧੀਮਤਾ ਨਾਲ ਨਹੀਂ ਦੇਖਦਾ ਅਤੇ ਪੰਜਾਬੀ ਭਾਸ਼ਾ ਨੂੰ ਆਪਣੀ ਮਾਤ੍ਰ ਭਾਸ਼ਾ ਸਵੀਕਾਰ ਕਰੇ ਆਪਣੇ ਕਦਮ ਵਾਪਿਸ ਨਹੀਂ ਖਿੱਚਦਾ"।

ਹਿੰਦੂ ਹੁਣ ਪੰਜਾਬੀ ਨੂੰ ਆਪਣੀ ਮਾਤ੍ਰ ਭਾਸ਼ਾ ਸਵੀਕਾਰਦੇ ਹਨ। ਪੰਜਾਬ ਵਿਚ ਪੈਦਾ ਕਿਤੇ ਗਏ ਸੰਪ੍ਰਦਾਇਵਾਦ ਦੇ ਨਤੀਜੇ ਬਹੁਤ ਹੀ ਬੁਰੇ ਸਨ। ਜਿਵੇਂ ਕਿ ਇਹ ਰਾਜ ਵਲੋਂ ਵੀ ਪ੍ਰਯੋਜਿਤ ਸਨ, ਅਹਿੰਸਾ ਅਤੇ ਅਲਗ ਕਰਨ ਦੀ ਪ੍ਰਵ੍ਰਿਤੀਆਂ ਦੀ ਅਗਵਾਈ ਕਰਦਿਆਂ ਇਹ ਲੰਬੇ ਸਮੇਂ ਤੱਕ ਰਿਹਾ। ਪਰ ਹਾਲਾਤ ਹੁਣ ਬਦਲ ਗਏ ਹਨ, ਜੋ ਪੰਜਾਬ ਸਮਝੌਤਿਆਂ ਦੇ ਖਾਤਮੇ ਦੇ ਐਕਟ 2004 ਨੂੰ ਸਰਵਸੰਮਤੀ ਨਾਲ ਸਵੀਕਾਰ ਕਰਨ ਤੇ ਝਲਕਦਾ ਹੈ। ਕਿਸੇ ਵੀ ਧਰਮ ਜਾਂ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਸੰਬੰਧਤ ਵਿਧਾਨ ਮੰਡਲ ਨੇ ਆਪਣੀ ਏਕਤਾ ਨੂੰ ਪੇਸ਼ ਕੀਤਾ ਹੈ ਕਿ ਪੰਜਾਬ ਦੇ ਦਰਿਆਈ ਪਾਣੀ ਸਿਰਫ ਪੰਜਾਬ ਲਈ ਹਨ। ਇਸੇ ਤਰ੍ਹਾਂ ਉਹ ਇਸ ਗੱਲ ਉੱਤੇ ਅਟਲ ਹਨ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸਿਰਫ ਪੰਜਾਬ ਦੀ ਹੈ। ਭਾਰਤ ਸਰਕਾਰ ਨੂੰ ਪੰਜਾਬ ਦੀ ਇੰਨ੍ਹਾਂ ਵੈਧ ਮੰਗਾਂ ਨੂੰ ਸਵੀਕਾਰ ਕਰਨ ਲਈ ਇਸ ਏਕਤਾ ਦਾ ਲਾਭ ਉਠਾਉਣਾ ਚਾਹੀਦਾ ਹੈ ਤਾਂ ਕਿ ਸਾਂਪ੍ਰਦਾਇਕ ਬਿਰਤੀਆਂ ਦਾ ਦੁਬਾਰਾ ਉਪਯੋਗ ਨਾ ਕੀਤਾ ਜਾ ਸਕੇ, ਜਿਸਨੂੰ ਸਿਰਫ ਨਿਆਂ ਨਹੀਂ ਰੋਕ ਸਕਦਾ।

ਇਹ ਭਾਰਤ ਸਰਕਾਰ ਅਤੇ ਇਸਦੇ ਨੇਤਾਵਾਂ ਵਲੋਂ, ਭਾਸ਼ਾਈ ਆਧਾਰ ਤੇ ਪੰਜਾਬ ਦਾ ਪੁਨਰਗਠਨ, ਜੋ ਰਾਜਨੀਤਕ ਮਜਬੂਰੀਆਂ ਦੇ ਅਧੀਨ ਕੀਤਾ ਜਾਣਾ ਸੀ, ਹਾਲਾਂਕਿ ਬੁੱਝੇ ਮਨ ਨਾਲ ਹੀ, ਦਾ ਗ਼ੈਰ ਸਮਝੌਤੇ ਵਾਲਾ ਰਵਈਆ ਸੀ ਜਿਸਨੇ ਨਤੀਜੇ ਵਜੋਂ ਮੌਜੂਦਾ ਪੰਜਾਬ ਦੇ ਸ਼ਾਂਤ ਕੰਮ ਕਾਰ ਵਿਚ ਜਿੱਥੇ ਤੱਕ ਸੰਭਵ ਸੀ ਮੁਸ਼ਕਲਾਂ ਪੈਦਾ ਕੀਤੀਆਂ; ਪੰਜਾਬ ਅਤੇ ਇਸਦੇ ਲੋਕਾਂ ਦੇ ਅਧਿਕਾਰਾਂ ਉੱਤੇ ਗ਼ੈਰ ਕਾਨੂੰਨੀ ਢੰਗ ਨਾਲ ਕਬਜ਼ਾ ਕਰਕੇ ਜਿਵੇਂ ਕਿ ਪੰਜਾਬ ਦੇ ਦਰਿਆਈ ਪਾਣੀਆਂ, ਬੰਨ੍ਹਾਂ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਬਿਜਲੀ ਘਰਾਂ ਅਤੇ ਬੱਚ ਗਏ ਪੰਜਾਬੀ ਬੋਲੀ ਵਾਲੇ ਕੁਝ ਹਿੱਸਿਆਂ ਦੇ ਪ੍ਰਮੁੱਖ ਚਿਕਿਤਸਕ ਅਤੇ ਸਿਖਿਅਕ ਸੰਸਥਾਨਾਂ ਦੇ ਰੂਪ ਵਿਚ, ਇਸ ਤੋਂ ਇਲਾਵਾ ਕੁਝ ਮਹੱਤਵਪੂਰਣ ਅਤੇ ਸੰਵੇਦਨਸ਼ੀਲ ਹੋਰ ਮਸਲਿਆਂ ਨੂੰ ਪੈਦਾ ਕਰਦਿਆਂ ਅਤੇ ਉਨ੍ਹਾਂ ਨੂੰ

ਉਲਝਾਉਂਦੇ ਹੋਏ, ਬਿਨਾਂ ਪਰਵਾਹ ਕੀਤੇ ਕਿ ਇਹ ਰਾਸ਼ਟਰ ਹਿੱਤ ਵਿਚ ਨਹੀਂ ਸਨ ਅਤੇ ਕਿ ਇਹ ਸ਼ਾਂਤੀ, ਏਕਤਾ ਅਤੇ ਭਾਰਤੀ ਗਣਤੰਤਰ ਦੀ ਅਖੰਡਤਾ ਨੂੰ ਖ਼ਤਰੇ ਵਿਚ ਪਾ ਸਕਦੇ ਸਨ ਅਤੇ ਬਲਕਿ ਭਾਰਤੀ ਸੰਵਿਧਾਨ ਦੇ ਨਿਯਮਾਂ ਦੀ ਉਲੰਘਣਾ ਕਰਦੇ ਸਨ। ਹੁਣ ਉੱਥੇ ਨਵੀਂ ਸਰਕਾਰ ਹੈ ਜਿਸ ਲਈ ਅਜਿਹੇ ਗੁਪਤ ਕਾਰਣ ਢੁਕਵੇਂ ਨਾ ਹੋ ਸਕਣ। ਇਸਨੂੰ ਨਿਆਂ ਭਾਵ ਨਾਲ ਪਹਿਲਾਂ ਹੋਈਆਂ ਗਲਤੀਆਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ, ਇਹ ਪੱਕਾ ਕਰਨ ਲਈ ਕਿ ਆਖਿਰਕਾਰ ਕਾਨੂੰਨੀ ਢੰਗ ਦੀ ਜਿੱਤ ਹੁੰਦੀ ਹੈ ਅਤੇ ਗ਼ੈਰ ਕਾਨੂੰਨੀ ਢੰਗ ਦੀ ਨਹੀਂ। ਸਿਰਫ ਈਮਾਨਦਾਰੀ ਅਤੇ ਹੌਂਸਲੇ ਦੀ ਲੋੜ ਹੈ।

----ਚੱਲਦਾ----

-39-

ਭਾਰਤ ਸਰਕਾਰ, ਪੰਜਾਬ ਦੇ ਦਰਿਆਈ ਪਾਣੀਆਂ ਦੀ ਹੋਰ ਰਾਜਾਂ ਨੂੰ ਗ਼ੈਰ ਕਾਨੂੰਨੀ ਵੰਡ ਕਰਕੇ ਇਸ ਸਮੱਸਿਆ ਨੂੰ ਖੜਾ ਕਰਨ ਅਤੇ ਉਲਝਾਉਣ ਦੀ ਜਿੰਮੇਵਾਰ, ਹੁਣ ਉਨ੍ਹਾਂ ਨੂੰ ਕਾਰਣ ਦੱਸਣ ਅਤੇ ਮਨਾਉਣ ਲਈ ਆਪਣੇ ਫ਼ਰਜ਼ ਨਾਲ ਬੱਧ ਹੈ, ਕਿ ਪੰਜਾਬ ਹੁਣ ਉਨ੍ਹਾਂ ਨੂੰ ਹੋਰ ਜ਼ਿਆਦਾ ਚਿਰ ਪੰਜਾਬ ਦੇ ਦਰਿਆਈ ਪਾਣੀ ਨਹੀਂ ਦੇ ਸਕਦਾ ਅਤੇ ਇਸ ਉੱਤੇ ਉਨ੍ਹਾਂ ਦਾ ਕੋਈ ਅਧਿਕਾਰ ਨਹੀਂ ਬਣਦਾ ਜੋ ਇਸ ਤਰ੍ਹਾਂ ਦੀ ਨਾਜਾਇਜ਼ ਵੰਡ ਨਾਲ ਬਣਾਇਆ ਗਿਆ ਸੀ, ਜਿਸ ਤੋਂ ਪਹਿਲਾਂ ਉਨ੍ਹਾਂ ਨੰ ਇਹ ਪਾਣੀ ਕਦੇ ਵੀ ਬਿਨਾਂ ਵਿਚਾਰ-ਵਟਾਂਦਰੇ ਦੇ ਨਹੀਂ ਦਿੱਤਾ ਗਿਆ ਸੀ। ਇਸ ਜਟਿਲ ਮਸਲੇ ਨੂੰ, ਰਾਜਨੀਤਿਕ ਅਤੇ ਚੋਣਾਂ ਦੇ ਪ੍ਰਚਾਰ ਤੋਂ ਉੱਪਰ ਰੱਖਿਆ ਜਾਣਾ ਚਾਹੀਦਾ ਹੈ ਅਤੇ ਸਾਰੇ ਨੇਤਾਵਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਅਸਥਾਈ ਰਾਜਨੀਤਿਕ ਲਾਭ ਲਈ ਇਸ ਨਾਜ਼ੁਕ ਮਸਲੇ ਨੂੰ ਭੜਕਾ ਕੇ ਇੱਕ ਦੂਜੇ ਦੀ ਵਿਰੋਧੀ ਦੌੜ ਵਿਚ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ। ਇਨ੍ਹਾਂ ਰਾਜਾਂ ਨੂੰ ਹੋਣ ਵਾਲੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਘਾਟੇ ਨੂੰ ਭਾਰਤ ਸਰਕਾਰ ਵਲੋਂ ਹੋਰ ਜਲਕੁੰਡ ਯੋਜਨਾਵਾਂ ਅਤੇ ਘੱਗਰ, ਯਮੁਨਾ ਵਰਗੀ ਨਦੀਆਂ ਤੇ ਡੈਮ ਬਣਾ ਕੇ ਅਤੇ ਹੋਰ ਸ੍ਰੋਤਾਂ ਰਾਹੀਂ ਪੂਰਾ ਕੀਤਾ ਜਾਣਾ ਚਾਹੀਦਾ ਹੈ। ਪਰਿਵਰਤਨ ਕਾਲ ਵਿਚ, ਸਿਰਫ ਇੰਡਸ ਪਾਣੀ ਸਮਝੌਤਾ 1960 ਦੀਆਂ ਰੇਖਾਵਾਂ ਉੱਤੇ, ਭਾਰਤ ਅਤੇ ਪਾਕਿਸਤਾਨ ਵਿਚਕਾਰ ਦਰਿਆਵਾਂ ਦੇ ਵਿਵਾਦ ਦਾ ਨਿਪਟਾਰਾ ਕਰਨ ਲਈ, ਪੰਜਾਬ ਦੇ ਦਰਿਆਈ ਪਾਣੀ ਜਿਵੇਂ ਹੁਣ ਇਨ੍ਹਾਂ ਰਾਜਾਂ ਵਿਚ ਵਹਿੰਦੇ ਹਨ, ਕੁਝ ਸਾਲਾਂ ਲਈ, ਜਾਰੀ ਰੱਖੇ ਜਾ ਸਕਦੇ ਹਨ। ਇਸ ਸੰਦਰਭ ਵਿਚ, ਜੇ ਲੋੜ ਹੋਵੇ, ਤਾਂ ਫੰਡਾਂ ਲਈ ਵਿਸ਼ਵ ਬੈਂਕ ਦੀ ਮਦਦ ਵੀ ਲਈ ਜਾ ਸਕਦੀ ਹੈ। ਰਾਸ਼ਟਰ ਹਿੱਤ ਬਿਨਾਂ ਨਿਰਦੋਸ਼ ਜਨਤਾ ਦੇ ਸ਼ੋਸ਼ਣ ਦੇ ਸਹੀ ਦਿਸ਼ਾ ਵਿਚ ਅਜਿਹੇ ਕਦਮ ਦੀ ਮੰਗ ਕਰਦਾ ਹੈ।

ਇਹ ਸਪੱਸ਼ਟ ਰੂਪ ਵਿਚ ਰਾਸ਼ਟਰ ਹਿੱਤ ਦੇ ਅਰਥ ਦਾ ਸ਼ੋਸ਼ਣ ਹੋਵੇਗਾ ਜੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਰਾਜਸਥਾਨ ਅਤੇ ਹਰਿਆਣਾ ਨੂੰ ਦੇਣ ਦੀ ਕੋਸ਼ਿਸ਼ ਕੀਤੀ ਜਾਵੇ ਕਿ ਰਾਸ਼ਟਰ ਹਿੱਤ ਵਿਚ ਇਨ੍ਹਾਂ ਰਾਜਾਂ ਦੀ ਜਮੀਨਾਂ ਦੀ ਸਿੰਚਾਈ ਲਈ ਨਹਿਰ ਦੇ ਪਾਣੀ ਦੀ ਲੋੜ ਹੈ ਜਦੋਂ ਕਿ ਇਹ ਦਰਿਆਈ ਪਾਣੀ ਪੰਜਾਬ ਦੀਆਂ ਜਮੀਨਾਂ ਲਈ ਵੀ ਭਰਪੂਰ ਮਾਤਰਾ ਵਿਚ ਨਹੀਂ ਹਨ। ਦੂਜੇ ਰਾਜਾਂ ਨੂੰ ਪੰਜਾਬ ਦਾ ਦਰਿਆਈ ਪਾਣੀ ਦੇ ਕੇ ਇਸਦੀ ਆਪ ਦੀਆਂ ਜਮੀਨਾਂ ਨੂੰ ਬੰਜਰ ਅਤੇ ਖੇਤੀ ਲਈ ਬੇਕਾਰ ਬਣਾ ਦੇਣਾ ਕਦੇ ਵੀ ਰਾਸ਼ਟਰ ਹਿੱਤ ਵਿਚ ਨਹੀਂ ਹੋ ਸਕਦਾ, ਜਿਨ੍ਹਾਂ ਦਾ ਕਿ ਇਸ ਉੱਤੇ ਕੋਈ ਕਾਨੂੰਨੀ ਜਾਂ ਜਾਇਜ਼ ਅਧਿਕਾਰ ਵੀ ਨਹੀਂ ਹੈ। ਜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਪੰਜਾਬ ਦੀ ਜਮੀਨਾਂ ਦੀ ਲੋੜਾਂ ਦੇ ਲਈ ਵਾਧੂ ਹੈ, ਤਾਂ ਪੰਜਾਬ ਦੇ ਦਰਿਆਵਾਂ ਦਾ ਪਾਣੀ, ਜੋ ਪੰਜਾਬ ਦੀਆਂ ਜਮੀਨਾਂ ਲਈ ਜ਼ਰੂਰੀ ਨਹੀਂ ਹੈ, ਦੂਜੇ ਰਾਜਾਂ ਨੂੰ ਦੇ ਦੇਣਾ ਜ਼ਰੂਰ ਰਾਸ਼ਟਰ ਹਿੱਤ ਵਿਚ ਹੋਵੇਗਾ। ਇਸ ਤਰ੍ਹਾਂ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਵਿਚ ਰਾਸ਼ਟਰ ਹਿੱਤ ਦਾ ਸਿਧਾਂਤ ਸਿਰਫ ਇਸ ਨਾਲ ਜੁੜਿਆ ਹੈ ਕਿ ਜੇ ਪੰਜਾਬ ਦਾ ਦਰਿਆਈ ਪਾਣੀ ਪਹਿਲਾਂ ਸਿਰਫ ਪੰਜਾਬ ਲਈ ਹੀ ਰੱਖਿਆ ਜਾਵੇ ਅਤੇ ਕਿਸੇ ਦੂਜੇ ਰਾਜ ਨੂੰ ਤਾਂ ਹੀ ਦਿੱਤਾ ਜਾਵੇ ਜੇ ਪੰਜਾਬ ਕੋਲ ਇਹ ਵਾਧੂ ਮਾਤਰਾ ਵਿਚ ਹੈ, ਜੋ ਕਿ ਵਾਧੂ ਨਹੀਂ ਹੈ ਅਤੇ ਬਲਕਿ ਘੱਟ ਹੀ ਹੈ। ਇਸ ਤਰ੍ਹਾਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਕਰਨ ਦੇ ਸੰਦਰਭ ਵਿਚ ਰਾਸ਼ਟਰ ਹਿੱਤ ਦਾ ਨਾਰਾ ਬਿਲਕੁਲ ਗ਼ਲਤ ਹੈ।

ਭਾਰਤ ਅਤੇ ਪਾਕਿਸਤਾਨ ਵਿਚਕਾਰ ਪੰਜਾਬ ਦੇ ਦਰਿਆਈ ਪਾਣੀਆਂ ਦੇ ਵਿਵਾਦ ਦੇ ਨਿਪਟਾਰੇ ਵਿਚ, ਵਿਸ਼ਵ ਬੈਂਕ ਵਿਚ, ਸੰਧੀ ਵਾਰਤਾ ਦੀ ਪ੍ਰਕ੍ਰਿਆ ਤੋਂ ਮਾਰਗ ਦਰਸ਼ਨ ਲੈਣ ਦੀ ਲੋੜ ਹੈ। ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖ਼ਾਨ ਨੇ ਪੱਖ ਲਿਆ ਕਿ ਪਾਕਿਸਤਾਨ ਦੇ ਲੋਕਾਂ ਨੇ ਉਸਨੂੰ ਦੱਸਿਆ ਕਿ ਉਹ ਭੁੱਖ ਵਿਚ ਮਰਨ ਦੀ

ਬਜਾਏ ਲੜਾਈ ਵਿਚ ਮਰਨਾ ਪਸੰਦ ਕਰਣਗੇ ਜੇ ਉਨ੍ਹਾਂ ਨੂੰ ਦਰਿਆਵਾਂ ਦਾ ਪਾਣੀ ਨਹੀਂ ਦਿੱਤਾ ਗਿਆ। ਉਸਨੂੰ ਇਹ ਸਮਝਾਇਆ ਗਿਆ ਕਿ ਸਵਾਲ ਇਹ ਨਹੀਂ ਸੀ ਕਿ ਕੌਣ ਭੁੱਖ ਨਾਲ ਮਰਦਾ ਹੈ ਅਤੇ ਕਿਹਦੀ ਜਮੀਨਾਂ ਪਾਣੀ ਦੀ ਉੱਪਲੱਬਧਤਾ ਨਾ ਹੋਣ ਕਰਕੇ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ ਅਤੇ ਬਲਕਿ ਸਵਾਲ ਇਹ ਹੈ ਕਿ ਇਨ੍ਹਾਂ ਪਾਣੀਆਂ ਉੱਤੇ ਕਾਨੂੰਨੀ ਅਧਿਕਾਰ ਕਿਹਦਾ ਹੈ। ਜਿਵੇਂ ਕਿ ਤਿੰਨ ਦਰਿਆ ਸਤਲੁਜ, ਬਿਆਸ ਅਤੇ ਰਾਵੀ ਭਾਰਤੀ (ਪੰਜਾਬ) ਵਿਚ ਵਹਿੰਦੇ ਹਨ, ਇਸਲਈ ਇਸਦਾ ਇਨ੍ਹਾਂ ਦਰਿਆਵਾਂ ਦੇ ਪਾਣੀ 'ਤੇ ਕਾਨੰਨੀ ਅਧਿਕਾਰ ਹੈ, ਜੱਦਕਿ ਝੇਲਮ, ਚਨਾਬ ਅਤੇ ਸਿੰਧੂ ਦਰਿਆ ਪਾਕਿਸਤਾਨ ਵਿਚ ਵਹਿੰਦੇ ਹਨ, ਇਸਦਾ ਇਨ੍ਹਾਂ ਦਰਿਆਵਾਂ ਦੇ ਪਾਣੀ 'ਤੇ ਕਾਨੂੰਨੀ ਅਧਿਕਾਰ ਹੈ। ਪਾਕਿਸਤਾਨ ਨੂੰ ਆਪਣੇ ਪ੍ਰੋਜੈਕਟ ਅਤੇ ਬਿਜਲੀਘਰ ਅਤੇ ਨਹਿਰਾਂ ਦੇ ਜਾਲ ਬਨਾਉਣੇ ਚਾਹੀਦੇ ਹਨ ਜੱਦਕਿ ਪਰਿਵਰਤਨ ਕਾਲ ਲਈ ਇੱਕ ਦਹਾਕੇ ਲਈ ਭਾਰਤ ਮੌਜੂਦਾ ਸਥਿਤੀ ਨੂੰ ਮਨਜ਼ੂਰੀ ਦੇਵੇਗਾ। ਵਿਸ਼ਵ ਬੈਂਕ ਵਿੱਤੀ ਸਹਾਇਤਾ ਦੇਵੇਗਾ ਅਤੇ ਉਸ ਸਮੇਂ ਵਿਚ ਪੰਜਾਬ ਆਪਣੀ ਨਦੀ ਪ੍ਰਣਾਲੀ ਆਜ਼ਾਦੀ ਨਾਲ ਆਪ ਸਥਾਪਿਤ ਕਰੇ। ਭਾਰਤੀ ਸੰਘ ਸਰਕਾਰ ਨੂੰ ਹੋਰ ਰਾਜਾਂ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਦਾ ਕਾਨੂੰਨੀ ਅਧਿਕਾਰ ਸਿਰਫ ਪੰਜਾਬ ਕੋਲ ਹੀ ਹੈ। ਇਨ੍ਹਾਂ ਰਾਜਾਂ ਦੇ ਰਾਜਨੀਤਿਕ ਨੇਤਾਵਾਂ ਨੂੰ ਆਪਣੇ ਰਾਜ ਦੇ ਲੋਕਾਂ ਨੂੰ ਇਸਦੇ ਲਈ ਸਮਝਾਉਣਾ ਚਾਹੀਦਾ ਹੈ, ਅਤੇ ਪੰਜਾਬ ਦਾ ਵਿਰੋਧ ਕਰਨ ਲਈ ਨਹੀਂ।

-40-

ਇਹ ਪੱਕਾ ਕਰਨਾ ਚਾਹੀਦਾ ਹੈ ਕਿ ਦਰਿਆਈ ਪਾਣੀ ਦੋ ਰਾਜਾਂ ਵਿਚਕਾਰ ਵੰਡ ਕਰਨ ਵਾਲੀ ਪ੍ਰਵ੍ਰਿਤੀਆਂ ਅਤੇ ਝਗੜਿਆਂ ਨੂੰ ਨਾ ਪੈਦਾ ਕਰੇ ਜੋ ਰਾਸ਼ਟਰ ਹਿੱਤ ਦਾ ਖੰਡਨ ਕਰਦੇ ਹਨ। ਰਾਜ ਦੀਆਂ ਨੀਤਿਆਂ ਅਤੇ ਰਾਜਨੀਤਿਕ ਉਦੇਸ਼ ਜੋ ਅਜਿਹੀ ਪ੍ਰਵ੍ਰਿਤੀਆਂ ਅਤੇ ਝਗੜਿਆਂ ਨੂੰ ਜਨਮ ਦਿੰਦੇ ਹਨ ਆਖਿਰਕਾਰ ਰਾਸ਼ਟਰ ਵਿਰੋਧੀ ਸਿੱਧ ਹੁੰਦੇ ਹਨ। ਅਜਿਹੇ ਮਸਲਿਆਂ ਜਿਵੇਂ ਕਿ ਦਰਿਆਈ ਪਾਣੀਆਂ ਦੇ ਵਿਚ ਹੱਲ ਜੇ ਅੰਤਰਰਾਸ਼ਟਰੀ ਪੱਧਰ ਤੇ ਸਵੀਕਾਰ ਕੀਤੇ ਗਏ ਰੀਪੇਰੀਅਨ ਕਾਨੂੰਨ, ਸਮਾਨਤਾ ਅਤੇ ਨਿਆਂ ਨੂੰ ਵਿਚਾਰ-ਵਟਾਂਦਰੇ ਚ ਰੱਖਦੇ ਹੋਏ ਸਹੀ ਅਤੇ ਕਾਨੂੰਨੀ ਅਧਿਕਾਰਾਂ ਉੱਤੇ ਆਧਾਰਿਤ ਹੋਵੇ, ਇਹ ਕਿਸੇ ਵੀ ਬੁਰੇ ਪ੍ਰਭਾਵ ਦਾ ਖੰਡਨ ਕਰੇਗਾ ਅਤੇ ਆਖਿਰਕਾਰ ਹਰ ਕਿਸੇ ਦੀ ਸੰਤੁਸ਼ਟੀ ਲਈ ਹੋਵੇਗਾ। ਦੂਜੇ ਰਾਜਾਂ ਵਿਚ ਰਹਿ ਰਹੇ ਲੋਕ ਇਹ ਕਿਓਂ ਨਹੀਂ ਮੰਨਦੇ ਕਿ ਪੰਜਾਬ ਦੇ ਪਾਣੀ ਨੂੰ ਪਹਿਲਾਂ ਪੰਜਾਬ ਦੀ ਜਮੀਨਾਂ ਲਈ ਵਰਤਿਆਂ ਜਾਣਾ ਹੈ ਜਿਵੇਂ ਕਿ ਨਹੀਂ ਤਾਂ ਉਹ ਜਮੀਨਾਂ ਬੰਜਰ ਅਤੇ ਖੇਤੀ ਲਈ ਬੇਕਾਰ ਹੋ ਜਾਣਗੀਆਂ, ਖ਼ਾਸ ਕਰਕੇ ਜੱਦ ਪੰਜਾਬ ਵਿਚ ਜਮੀਨ ਦੇ ਹੇਠਲੇ ਪਾਣੀ ਦੀ ਉੱਪਲੱਬਧਤਾ ਨਾਮੁਮਕਿਨ ਹੁੰਦੀ ਜਾ ਰਹੀ ਹੈ ਅਤੇ ਹੋਰ ਜ਼ਿਆਦਾ ਜਦੋਂ ਸਾਰੇ ਕਾਨੂੰਨੀ ਸੰਵਿਧਾਨਕ ਅਤੇ ਰੀਪੇਰੀਅਨ ਸਿਧਾਂਤ ਪੰਜਾਬ ਲਈ ਅਨੁਕੂਲ ਹਨ। ਇਹ ਸਿਰਫ ਰਾਜਨੀਤਿਕ ਅਸਥਾਈ ਗੁਪਤ ਈਰਾਦੇ ਹਨ ਜੋ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ ਜਿਸਨੂੰ ਰਾਸ਼ਟਰ ਹਿੱਤ ਵਿਚ ਰੋਕਿਆ ਜਾਣਾ ਚਾਹੀਦਾ ਹੈ। ਆਖਿਰਕਾਰ ਉਨ੍ਹਾਂ ਰਾਜਾਂ ਦੇ ਲੋਕ ਦੇਸ਼ਭਗਤ, ਵਿਚਾਰਸ਼ੀਲ ਹਨ ਅਤੇ ਪੰਜਾਬ ਵਿਰੋਧੀ ਭਾਵਨਾਵਾਂ ਤੋਂ ਬਿਨਾਂ ਹਨ। ਦੂਜੇ ਪਾਸੇ, ਪੰਜਾਬ ਦੇ ਲੋਕਾਂ ਨੂੰ ਕਿਸੇ ਵੀ ਤਰਕ ਨਾਲ, ਭਾਵੇਂ ਜੋ ਵੀ ਹੋਵੇ, ਦੂਜੇ ਰਾਜਾਂ ਨੂੰ ਆਪਣੇ ਦਰਿਆਵਾਂ ਦਾ ਪਾਣੀ ਦੇਣ ਲਈ ਮਨਾਇਆ ਨਹੀਂ ਜਾ ਸਕਦਾ, ਜੋ ਉਨ੍ਹਾਂ ਦੀ ਆਪਣੀ ਜਮੀਨਾਂ ਲਈ ਵੀ ਪੂਰਾ ਨਹੀਂ ਹੈ ਅਤੇ ਉਨ੍ਹਾਂ ਦੀ ਜਮੀਨਾਂ ਨੂੰ ਬੰਜਰ ਅਤੇ ਖੇਤੀ ਲਈ ਅਯੋਗ ਬਣਾ ਦੇਣਗੇ ਖ਼ਾਸਤੌਰ ਤੇ ਜਦੋਂ ਉਹ ਮੁੱਖ ਰੂਪ ਵਿਚ ਖੇਤੀ 'ਤੇ ਨਿਰਭਰ ਹਨ ਅਤੇ ਹੋਰ ਤੇ ਹੋਰ ਜਦੋਂ ਉਨ੍ਹਾਂ ਦਾ ਇਨ੍ਹਾਂ ਦਰਿਆਈ ਪਾਣੀਆਂ 'ਤੇ ਕਾਨੂੰਨੀ ਅਧਿਕਾਰ ਹੈ ਜੱਦਕਿ ਦੂਜੇ ਰਾਜਾਂ ਦਾ ਇਨ੍ਹਾਂ ਪਾਣੀਆਂ 'ਤੇ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਹਾਲਾਂਕਿ ਜੇ ਪੰਜਾਬ ਦੇ ਦਰਿਆਈ ਪਾਣੀ ਪੰਜਾਬ ਦੀਆਂ ਜਮੀਨਾਂ ਦੀ ਲੋੜਾਂ ਤੋਂ ਵੱਧ ਹੋਣ, ਤਾਂ ਰਾਸ਼ਟਰ ਹਿੱਤ ਵਿਚ ਇਹ ਵਾਧੂ ਪਾਣੀ, ਜਿਸਦੀ ਪੰਜਾਬ ਦੀਆਂ ਜਮੀਨਾਂ ਲਈ ਲੋੜ ਨਹੀਂ ਹੈ, ਨਾਲ ਲੱਗਦੇ ਰਾਜਾਂ ਦੀ ਜਰੂਰਤਮੰਦ ਜਮੀਨਾਂ ਲਈ ਦਿੱਤਾ ਜਾਣਾ ਚਾਹੀਦਾ ਹੈ ਅਤੇ ਪੰਜਾਬ ਦੇ ਲੋਕ ਹਮਦਰਦੀ ਅਤੇ ਰਾਸ਼ਟਰੀ ਪਹਿਲੂ ਤੇ ਇਸ ਨੂੰ ਬਿਨਾਂ ਕਿਸੇ ਰਕਮ ਦੇ ਦੇਣ ਵਿਚ ਖੁਸ਼ ਹੋਣਗੇ। ਜੇ ਪੰਜਾਬ ਦਾ ਦਰਿਆਈ ਪਾਣੀ ਪੰਜਾਬ ਦੀਆਂ ਜਮੀਨਾਂ ਲਈ ਹੀ ਪੂਰਾ ਨਹੀਂ ਹੈ, ਤਾਂ ਦੂਜੇ ਰਾਜਾਂ ਲਈ ਸਿੰਚਾਈ ਲਈ ਦੂਜੇ ਦਰਿਆਵਾਂ ਤੇ ਹੋਰ ਪ੍ਰੋਜੈਕਟ ਜਾਂ ਹੋਰ ਸ੍ਰੋਤ ਲਾਏ ਜਾਣ। ਭਾਰਤ ਸਰਕਾਰ ਕੋਲ ਉਸ ਉੱਦੇਸ਼ ਲਈ ਦੂਜੇ ਰਾਜਾਂ ਦੀ ਲੋੜਾਂ ਨੂੰ ਪੂਰਾ ਕਰਨ ਲਈ ਵੱਡੇ ਸ੍ਰੋਤ ਅਤੇ ਫੰਡ ਹਨ।

-41-

ਪੰਜਾਬ ਦੇ ਦਰਿਆਈ ਪਾਣੀਆ ਨੂੰ ਨਾਲ ਲੱਗਦੀਆਂ ਜਮੀਨਾਂ ਲਈ ਕਾਨੂੰਨੀ ਬਨਾਉਣਾ ਇੱਕ ਹੋਰ ਹੱਲ ਹੋ ਸਕਦਾ ਹੈ, ਹੁਣ ਪੰਜਾਬ ਰਾਜ ਵਿਚ ਰਾਜਸਥਾਨ ਅਤੇ ਹਰਿਆਣਾ ਦੇ ਹਿੱਸੇ ਦੇ ਉਹ ਇਲਾਕੇ ਸ਼ਾਮਲ ਕਰ ਦਿੱਤੇ ਜਾਣੇ ਚਾਹੀਦੇ ਹਨ, ਜਿਨ੍ਹਾਂ ਦੀ ਸਿੰਚਾਈ ਲਈ ਮੌਜੂਦਾ ਸਮੇਂ ਵਿਚ ਪੰਜਾਬ ਦੇ ਦਰਿਆਈ ਪਾਣੀਆਂ ਦੀ ਵਰਤੋਂ

ਕੀਤੀ ਜਾਂਦੀ ਹੈ। ਬਿਲਕੁਲ ਜਿਵੇਂ ਕਿ ਰਾਜਸਥਾਨ ਦਾ ਗੰਗਾਨਗਰ ਜ਼ਿਲਾ ਅਤੇ ਇਸਦੇ ਨਾਲ ਲੱਗਦੇ ਇਲਾਕੇ, ਪੰਜਾਬ ਨੂੰ ਲੱਗਦੇ ਅੰਬਾਲਾ, ਕਰਨਾਲ ਅਤੇ ਹਿਸਾਰ ਜ਼ਿਲੇ ਦੇ ਇਲਾਕੇ। ਇਹ ਪ੍ਰਦੇਸ਼ ਪੰਜਾਬ ਦੇ ਦਰਿਆਈ ਪਾਣੀਆਂ ਲਈ ਰੀਪੇਰੀ ਹੋ ਜਾਣਗੇ, ਜਿਨ੍ਹਾਂ ਦਾ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਅਧਿਕਾਰ ਹੋਵੇਗਾ। ਪੰਜਾਬ ਰਾਜ ਨੇ ਇਨ੍ਹਾਂ ਇਲਾਕਿਆਂ ਉੱਤੇ ਪੰਜਾਬੀ ਬੋਲੀ ਵਾਲੇ ਇਲਾਕੇ ਹੋਣ ਅਤੇ ਪੰਜਾਬ ਵਿਚ ਸ਼ਾਮਲ ਕਰਨ ਦਾ ਦਾਵਾ ਵੀ ਕੀਤਾ ਹੈ। ਰਾਜਸਥਾਨ ਅਤੇ ਹਰਿਆਣਾ ਦੀ ਸਰਕਾਰਾਂ ਇਸ ’ਤੇ ਇਤਰਾਜ਼ ਵੀ ਕਰ ਸਕਦੀਆਂ ਹਨ ਪਰ ਇਨ੍ਹਾਂ ਇਲਾਕਿਆਂ ਦੇ ਲੋਕ ਨਹੀਂ। ਇਨ੍ਹਾਂ ਲੋਕਾਂ ਦੀ ਇੱਛਾ ਦਾ ਲੋਕਤੰਤ੍ਰੀ ਆਧਾਰ ਤੇ ਪਤਾ ਲਗਾਇਆ ਜਾ ਸਕਦਾ ਹੈ ਜਿਸਨੂੰ ਇੱਕ ਲੋਕਤੰਤ੍ਰੀ ਵਿਵਸਥਾ ਵਿਚ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਜੇ ਇਹ ਰਾਜ ਅਤੇ ਇਨ੍ਹਾਂ ਦੇ ਲੋਕ ਕੋਈ ਬਦਲਾਅ ਨਹੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਪੰਜਾਬ ਦੀ ਮਜਬੂਰੀ ਨੂੰ ਸਮਝਣਾ ਚਾਹੀਦਾ ਹੈ ਅਤੇ ਕਾਨੂੰਨੀ ਅਤੇ ਸੰਵਿਧਾਨਕ ਨਿਯਮਾਂ ਨੂੰ ਵੀ, ਤਾਂ ਜੋ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਲੈ ਕੇ ਉਹ ਪੰਜਾਬ ਅਤੇ ਇਸਦੇ ਲੋਕਾਂ ਲਈ ਕੋਈ ਬੁਰੀ ਭਾਵਨਾ ਨਾ ਰੱਖਣ। ਪੰਜਾਬ ਦੇ ਲੋਕ ਹੁਣ ਸੱਚ ਵਿਚ ਇਹ ਮਹਿਸੂਸ ਕਰਦੇ ਹਨ ਅਤੇ ਸਹੀ ਹਨ ਕਿ ਪੰਜਾਬ ਦੇ ਦਰਿਆਈ ਪਾਣੀਆਂ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਉੱਤੇ ਉਨ੍ਹਾਂ ਦਾ ਕਾਨੂੰਨੀ ਅਧਿਕਾਰ ਹੈ ਜਿਨ੍ਹਾਂ ਉੱਤੇ ਗੁਪਤ ਕਾਰਣਾਂ ਦੇ ਅਧੀਨ ਗ਼ੈਰ ਕਾਨੂੰਨੀ ਢੰਗਾਂ ਨਾਲ ਗ਼ੈਰ ਅਧਿਕਾਰਕ ਕਬਜਾ ਕਰ ਲਿਆ ਗਿਆ ਸੀ। ਉਨ੍ਹਾਂ ਦਾ ਪੱਖ ਕਾਨੂੰਨ, ਨਿਆਂ ਅਤੇ ਸਮਾਨਤਾ ਦੇ ਆਧਾਰ ਤੇ ਸਹੀ ਅਤੇ ਜਾਇਜ਼ ਹੈ। ਉਨ੍ਹਾਂ ਨੂੰ ਗ਼ਲਤ ਸਿੱਧ ਕਰਨ ਲਈ ਕੋਈ ਦਲੀਲ ਨਹੀਂ ਹੈ। ਉਨ੍ਹਾਂ ਨੂੰ ਕਿਸੇ ਵੀ ਆਧਾਰ ਤੇ ਜਾਂ ਕਾਰਣ ਦੇ ਆਪਣੇ ਪਾਣੀ ਨੂੰ ਵੰਡਣ ਅਤੇ ਕਿਸੇ ਹੋਰ ਰਾਜ ਨੂੰ ਦੇਣ ਲਈ ਮਨਾਇਆ ਨਹੀਂ ਜਾ ਸਕਦਾ, ਜਿਸਦੇ ਨਤੀਜੇ ਵਜੋਂ ਉਨ੍ਹਾਂ ਦੀਆਂ ਜਮੀਨਾਂ ਬੰਜਰ ਅਤੇ ਖੇਤੀ ਲਈ ਅਯੋਗ ਹੋ ਜਾਣਗੀਆਂ ਅਤੇ ਆਉਣ ਵਾਲੇ ਭਵਿੱਖ ਵਿਚ ਪੀਣ ਵਾਲੇ ਪਾਣੀ ਨੂੰ ਜ਼ਮੀਨ ਵਿਚੋਂ ਕੱਢਣਾ ਨਾਮੁਮਕਿਨ ਹੋਵੇਗਾ ਕਿਓਂ ਜੋ ਇਸਦਾ ਪੱਧਰ ਕਾਫੀ ਨੀਵਾਂ ਚਲਾ ਗਿਆ ਹੈ, ਅਤੇ ਉਸ ਨੀਵੇਂ ਪੱਧਰ ਤੇ ਪਾਣੀ ਪੀਣ ਲਈ ਅਤੇ ਖੇਤੀ ਲਈ ਠੀਕ ਨਹੀਂ ਹੈ, ਜਿਵੇਂ ਕਿ ਮਾਹਿਰਾਂ ਨੇ ਪਤਾ ਲਗਾਇਆ ਹੈ। ਦੂਜੇ ਪਾਸੇ, ਹੋਰ ਰਾਜਾਂ ਦੇ ਲੋਕਾਂ ਨੂੰ ਮੰਨਣ ਲਈ ਮਜਬੂਰ ਕੀਤਾ ਜਾ ਸਕਦਾ ਹੈ ਕਿ ਗੁਪਤ ਕਾਰਣਾਂ ਦੇ ਅਧੀਨ ਉਨ੍ਹਾਂ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਉਨ੍ਹਾਂ ਵਿਚ ਕੋਈ ਕਾਨੂੰਨੀ ਅਧਿਕਾਰ ਨਹੀਂ ਪੈਦਾ ਕਰ ਸਕਦੀ ਅਤੇ ਇਸ ਤਰ੍ਹਾਂ ਹੋਰ ਜ਼ਿਆਦਾ ਚਿਰ ਨਹੀਂ ਚਲ ਸਕਦਾ, ਖ਼ਾਸ ਕਰਕੇ ਜਦੋਂ ਪੰਜਾਬ ਆਪਣੇ ਪਾਣੀਆ ਨੂੰ ਉਨ੍ਹਾਂ ਦੀਆਂ ਮੰਗਾਂ ਲਈ ਨਹੀਂ ਉਪਲੱਬਧ ਕਰ ਸਕਦਾ ਅਤੇ ਕੁਝ ਹੋਰ ਸ੍ਰੋਤ ਲਾ ਲਏ ਜਾਣਗੇ। ਭਾਰਤ ਸਰਕਾਰ ਇਸ ਸੰਦਰਭ ਵਿਚ ਰਾਸ਼ਟਰ ਹਿੱਤ ਵਿਚ ਦੂਜੇ ਰਾਜਾਂ ਅਤੇ ਉਨ੍ਹਾਂ ਦੇ ਲੋਕਾਂ ਨੂੰ ਮਨਾ ਸਕਦੀ ਹੈ।



## ਭਾਰਤੀ ਨੇਤਾ ਈਮਾਨਦਾਰ ਦ੍ਰਿਸ਼ਟੀਕੋਣ ਵਿਖਾਉਣ:

ਭਾਰਤ ਸਰਕਾਰ ਅਤੇ ਰਾਸ਼ਟਰ ਦੀ ਸਾਰੀ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਲਈ ਹੁਣ ਗੁਪਤ ਕਾਰਣਾਂ ਦੇ ਅਧੀਨ ਗੁੰਝਲਦਾਰ ਬਣਾ ਦਿੱਤੇ ਗਏ ਇਨ੍ਹਾਂ ਮਸਲਿਆਂ ਤੇ ਈਮਾਨਦਾਰ ਦ੍ਰਿਸ਼ਟੀਕੋਣ ਲਈ ਬਹਾਦਰੀ ਵਿਖਾਉਣ ਦਾ ਸਮਾਂ ਹੈ ਅਤੇ ਇਹ ਐਲਾਨਣ ਦਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਦੀ ਹੈ ਅਤੇ ਇਸਨੂੰ ਪੰਜਾਬ ਨੂੰ ਸੌਂਪ ਦੇਣਾ ਚਾਹੀਦਾ ਹੈ। ਪੰਜਾਬ ਦੇ ਦਰਿਆਵਾਂ ਦਾ ਪਾਣੀ ਸਿਰਫ ਪੰਜਾਬ ਲਈ ਹੈ ਅਤੇ ਭਾਰਤੀ ਸੰਵਿਧਾਨ ਦੇ ਨਿਯਮਾਂ ਅਤੇ ਅੰਤਰਰਾਸ਼ਟਰੀ ਰੀਪੇਰੀਅਨ ਕਾਨੂੰਨ ਦੇ ਸਿਧਾਂਤਾਂ ਦਾ ਉਲੰਘਣ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਪੰਜਾਬ ਦੇ ਨਵੇਂ ਵਿਧਾਨ ਮੰਡਲ ਨੂੰ ਇਸਦੇ ਪੱਤਰ ਅਤੇ ਆਤਮਾ ਵਿਚ, ਕਾਨੂੰਨੀ ਅਤੇ ਸੰਵਿਧਾਨਕ ਹੁੰਦੇ ਹੋਏ, ਸਨਮਾਨਿਆ ਜਾਣਾ ਚਾਹੀਦਾ ਹੈ, ਇਸ ਗੱਲ ਤੇ ਜ਼ੋਰ ਦਿੰਦੇ ਹੋਏ ਕਿ ਪੰਜਾਬ ਅਤੇ ਇਸ ਦੇ ਲੋਕਾਂ ਦੀ ਅਰਥ-ਵਿਵਸਥਾ ਨੂੰ ਤਬਾਹ ਕਰਨ ਲਈ ਪੰਜਾਬ ਦੀ ਜ਼ਮੀਨਾਂ ਨੂੰ ਬੰਜਰ ਅਤੇ ਖੇਤੀ ਲਈ ਅਯੋਗ ਬਨਾਉਣਾ ਰਾਸ਼ਟਰ ਹਿੱਤ ਵਿਚ ਨਹੀਂ ਹੈ। ਉਨ੍ਹਾਂ ਨੂੰ ਉਨ੍ਹਾਂ ਰਾਜਾਂ, ਜਿਨ੍ਹਾਂ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ ਕਾਨੂੰਨੀ ਵੰਡ ਕੀਤੀ ਗਈ ਹੈ, ਵਿਚ ਆਪਣੀ ਪਾਰਟੀ ਦੇ ਨੇਤਾਵਾਂ ’ਤੇ ਇਹ ਜੋਰ ਪਾਉਣਾ ਚਾਹੀਦਾ ਹੈ ਕਿ ਉਹ ਅਸਥਾਈ ਰਾਜਨੀਤਿਕ ਅਤੇ ਚੋਣ ਮੁਨਾਫਿਆਂ ਲਈ ਇੱਕ ਦੂਜੇ ਨਾਲ ਇਸ ਮਸਲੇ ਤੇ ਦੌੜ ਨਾ ਲਾਉਣ। ਉਨ੍ਹਾਂ ਨੂੰ ਪੰਜਾਬ ਅਤੇ ਇਸਦੇ ਲੋਕਾਂ ਨੂੰ ਪੀੜ੍ਹਿਤਾਂ ਦੇ ਰੂਪ ਵਿਚ ਚਿਤ੍ਰਿਤ ਕਰਨਾ ਚਾਹੀਦਾ ਹੈ ਅਤੇ ਨਾ ਕਿ ਹਮਲਾਵਰ ਦੇ ਰੂਪ ਵਿਚ, ਜਿਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਉੱਤੇ, ਸਾਰੇ ਕਾਨੂੰਨੀ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਕਰਕੇ, ਕਬਜ਼ਾ ਕਰ ਲਿਆ ਗਿਆ। ਉਨ੍ਹਾਂ ਨੂੰ ਇਹ ਸਾਫ ਕਰ ਦੇਣਾ ਚਾਹੀਦਾ ਹੈ

ਕਿ ਜੇ ਰਾਜਨੀਤਿਕ ਅਤੇ ਅਦਾਲਤੀ ਵਿਵਸਥਾ ਕਾਨੂੰਨੀ ਅਧਿਕਾਰਾਂ ਨੂੰ ਸਵੀਕਾਰ ਕਰਨ ਵਿਚ ਅਸਫਲ ਰਹੀ, ਨਤੀਜੇ ਸਰਬਨਾਸ਼ੀ ਹੋਣਗੇ।

ਜੇ ਭਾਰਤ ਸਰਕਾਰ ਇਨ੍ਹਾਂ ਮਸਲਿਆਂ ਦਾ ਨਿਪਟਾਰਾ ਕਰਨ ਬਾਰੇ ਸੋਚ ਰਹੀ ਹੈ ਤਾਂ ਹੁਣ ਬਿਲਕੁਲ ਸਹੀ ਸਮਾਂ ਹੈ। ਨਵੀਂ ਬਦਲੀ ਸ਼ਾਸਨ ਪ੍ਰਣਾਲੀ, ਗੁਪਤ ਕਾਰਣਾਂ ਵਿਚ ਨਾ ਉਲਝੀ ਹੋਣ ਕਰਕੇ ਜਿਵੇਂ ਕਿ ਪੂਰਵ ਸ਼ਾਸਨ ਪ੍ਰਣਾਲੀ ਉਲਝੀ ਹੋਈ ਸੀ ਜਿਸਨੇ ਇਹ ਸਮੱਸਿਆਵਾਂ ਪੈਦਾ ਕੀਤੀਆਂ। ਪ੍ਰਧਾਨ ਮੰਤਰੀ ਪੰਜਾਬ ਅਤੇ ਸਿੱਖਾਂ ਵਿਰੁੱਧ ਬਿਨਾਂ ਕਿਸੇ ਪੱਖਪਾਤ ਦੇ ਉੱਚ ਦਰਜੇ ਦੀ ਈਮਾਨਦਾਰੀ ਅਤੇ ਅਖੰਡਤਾ ਲਈ ਮਸ਼ਹੂਰ ਹੁੰਦੇ ਹੋਏ। ਪ੍ਰਧਾਨ ਪਾਰਟੀ ਦੇ ਨੇਤਾ ਸੰਪ੍ਰਦਾਇਵਾਦ ਤੋਂ ਉੱਪਰ ਹੋਣ ਕਰਕੇ ਮਸ਼ਹੂਰ ਹੂੰਦੇ ਹੋਏ, ਵਿਰੋਧੀ ਨੇਤਾ ਅਤੇ ਪਾਰਟੀ ਅਕਾਲੀ ਦਲ ਦੇ ਸੰਗੀ ਸਾਥੀ ਹੁੰਦੇ ਹੋਏ ਸਾਰੇ ਸੰਬੰਧਤ ਲੋਕਾਂ ਅਤੇ ਦੂਜੇ ਰਾਸ਼ਟਰੀ ਨੇਤਾਵਾਂ ਨੂੰ ਵਿਸ਼ਵਾਸ ਵਿਚ ਲੈਣ ਦੇ ਅਤੇ ਉਨ੍ਹਾਂ ਨੂੰ ਮਨਾਉਣ ਦੇ ਯੋਗ ਹਨ ਕਿ ਕਾਨੂੰਨੀ ਅਧਿਕਾਰ ਹੁੰਦੇ ਹੋਏ ਪੰਜਾਬ ਹੁਣ ਹੋਰ ਜ਼ਿਆਦਾ ਚਿਰ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਨਹੀਂ ਵੰਡ ਸਕਦਾ ਅਤੇ ਨਿਆਂ, ਕਾਨੂੰਨੀ ਆਦਰਸ਼ਾਂ ਅਤੇ ਸਮਾਨਤਾ ਦੇ ਆਧਾਰ ’ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਵੀ ਹੋਰ ਜ਼ਿਆਦਾ ਚਿਰ ਪੰਜਾਬ ਵਿਚ ਸ਼ਾਮਲ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਸਿਰਫ ਦੂਰਦਰਸ਼ੀ, ਬਹਾਦਰੀ ਅਤੇ ਉਦੇਸ਼ ਦੀ ਈਮਾਨਦਾਰੀ ਦੇ ਨੀਤੀਵਾਨ ਜੋਸ਼ ਦੀ ਲੋੜ ਹੈ। ਦੂਜੇ ਰਾਜਾਂ ਨੂੰ ਸਿੰਚਾਈ ਲਈ ਪਾਣੀ ਦੇ ਬਦਲਵੇਂ ਸ੍ਰੋਤਾਂ ਨੂੰ ਪੱਕਾ ਕਰਨਾ ਚਾਹੀਦਾ ਹੈ ਅਤੇ ਕੁਝ ਸਾਲਾਂ ਦੇ ਪਰਿਵਰਤਨ ਕਾਲ ਵਿਚ, ਮੌਜੂਦਾ ਪ੍ਰਣਾਲੀ ਜਾਰੀ ਰੱਖੀ ਜਾ ਸਕਦੀ ਹੈ। ਇਹ ਇਨ੍ਹਾਂ ਮਸਲਿਆਂ ਤੇ ਹੋਣ ਵਾਲੇ ਝਗੜਿਆਂ ਨੂੰ ਖ਼ਤਮ ਕਰ ਦੇਵੇਗਾ, ਜੋ ਸਪੱਸ਼ਟ ਰੂਪ ਵਿਚ ਰਾਸ਼ਟਰ ਹਿੱਤ ਵਿਚ ਹੈ। ਇਹ ਦੇਸ਼ ਦੀ ਸ਼ਾਂਤੀ, ਏਕਤਾ ਅਤੇ ਅਖੰਡਤਾ ਦੇ ਹਿੱਤ ਵਿਚ ਵੀ ਹੋਵੇਗਾ।

----ਸਮਾਪਤ----